
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 42
January 25, 2017

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਵਿਰੋਧ ਅਤੇ ਵਿਵਾਦਾਂ ਵਿਚਕਾਰ ਟਰੰਪ ਨੇ ਸੰਭਾਲਿਆ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ



ਰਿਪੋਰਟ ਦੇਖੋ ਸਫਾ 3 ਤੇ

## ਪੰਜਾਬ ਵਿਚ ਵੀ ਸੋਸ਼ਲ ਮੀਡੀਆ ਬਣਿਆ ਪ੍ਰਚਾਰ ਦਾ ਮੁੱਖ ਸਾਧਨ

### ਸਿਆਸੀ ਪਾਰਟੀਆਂ ਨੂੰ ਆਪਣੇ ਰਵਾਇਤੀ ਵੋਟ ਬੈਂਕ ਦੇ ਖੁਰਨ ਦਾ ਵੀ ਡਰ

**ਜਲੰਧਰ (ਬਿਊਰੋ)–** ਪੰਜਾਬ ਵਿਚ 4 ਫਰਵਰੀ ਨੂੰ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦਾ ਦੌਰ ਸਿਖਰ ਤੇ ਪਹੁੰਚ ਗਿਆ ਹੈ। ਉਮੀਦਵਾਰ ਤਹਿ ਹੋਣ ਤੋਂ ਬਾਅਦ ਅਤੇ ਕਾਗਜ਼ ਵਾਪਸੀ ਤੋਂ ਬਾਅਦ ਇਸ ਵਾਰ 1145 ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ। ਅਹਿਮ ਪਾਰ- ਟੀਆਂ ਵਿਚੋਂ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਬਸਪਾ ਲੱਗਭੱਗ ਸਾਰੇ ਹਲਕਿਆਂ ਤੋਂ ਚੋਣ ਲੜ ਰਹੀਆਂ ਹਨ, ਜਦਕਿ ਬਾਕੀ ਪਾਰਟੀਆਂ ਨੇ ਸਾਰੇ ਹਲਕਿਆਂ ਤੋਂ ਉਮੀਦਵਾਰ ਨਹੀਂ ਉਤਾਰੇ। ਚੋਣ ਕਮਿਸ਼ਨ ਦੀ ਸਖਤੀ ਅਤੇ ਪੰਜਾਬ ਵਿਚ ਪੈ ਰਹੀ ਠੰਡ ਦੇ ਕਾਰਨ ਇਸ ਵਾਰ ਉਮੀਦਵਾਰਾਂ ਸਮੇਤ ਸਿਆਸੀ ਪਾਰਟੀਆਂ ਨੇ ਵੀ ਸੋਸ਼ਲ ਮੀਡੀਆ ਨੂੰ ਪ੍ਰਚਾਰ ਦਾ ਵੱਡਾ ਸਾਧਨ ਬਣਾਇਆ ਹੈ। ਸਿਆਸੀ ਪਾਰਟੀਆਂ ਦੇ ਨੀਤੀਘਾੜੇ ਇਕ-ਦੂਜੇ 'ਤੇ ਹਮਲੇ ਕਰਨ ਲਈ ਫਿਲਮਾਂ ਦੇ ਛੋਟੇ-ਛੋਟੇ ਕਲਿੱਪ ਕਾਂਟ-ਛਾਂਟ ਕਰਕੇ ਤਿਆਰ ਕਰ ਰਹੇ ਹਨ। ਖਾਸ ਡਾਇਲਾਗ ਬੋਲਦੇ ਫਿਲਮੀ ਕਿਰਦਾਰਾਂ ਦੇ ਚਿਹਰਿਆਂ 'ਤੇ ਕੰਪਿਊਟਰ ਰਾਹੀਂ ਬਦਲਵੇਂ ਚਿਹਰੇ ਲਗਾ ਕੇ ਇਕ ਦੂਜੇ ਦਾ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਫੇਸਬੁੱਕ, ਵਟਸਐਪ ਅਤੇ ਟਵਿਟਰ ਆਦਿ ਪ੍ਰਚਾਰ ਦੇ ਪ੍ਰਮੁੱਖ



ਸਾਧਨ ਬਣ ਗਏ ਹਨ। ਪੰਜਾਬ ਵਿਚ ਕਰੀਬ 70 ਲੱਖ ਨੌਜਵਾਨ ਵੋਟਰ ਹਨ ਜੋ ਕਿ ਸਾਰੀਆਂ ਪਾਰਟੀਆਂ ਦੇ ਖਾਸ ਨਿਸ਼ਾਨੇ ਉਤੇ ਹਨ। ਇਹਨਾਂ ਵਿਚੋਂ ਕਰੀਬ 30 ਲੱਖ ਤੋਂ ਵਧੇਰੇ ਫੇਸਬੁੱਕ ਵਰਤਦੇ ਹਨ ਅਤੇ ਬਾਕੀਆਂ ਨਾਲ ਸਿਆਸੀ ਪਾਰਟੀਆਂ ਨੇ ਰਾਬਤਾ ਵਟਸਐਪ ਰਾਹੀਂ ਬਣਾਇਆ ਹੋਇਆ ਹੈ।

ਇਸ ਵਾਰ ਪੰਜਾਬ ਵਿਚ ਜੋ ਨਵੀਂ ਗੱਲ ਵੇਖਣ ਨੂੰ ਮਿਲ ਰਹੀ ਹੈ, ਉਹ ਹੈ ਸਿਆਸੀ ਪਾਰਟੀਆਂ ਦਾ ਆਪਣੇ ਰਵਾਇਤੀ ਵੋਟ ਬੈਂਕ ਪੱਖੋਂ ਹੀ ਡਰ। ਇਹ ਇੱਕ ਅਜਿਹੀ ਪਹਿਲੀ ਚੋਣ ਹੋਵੇਗੀ ਜਿਸ ਵਿਚ ਸਥਾਪਿਤ ਸਿਆਸੀ ਪਾਰਟੀਆਂ ਦੇ ਰਵਾਇਤੀ ਵੋਟ ਬੈਂਕ ਖਿੱਲਰੇ ਨਜ਼ਰ ਆ ਰਹੇ ਹਨ ਤੇ ਜਾਤ- ਪਾਤ ਦੇ ਅਧਾਰ 'ਤੇ ਵੋਟਾਂ ਦੇ ਗਣਿਤ ਲਾਉਣ ਵਾਲਿਆਂ ਦਾ ਵੀ ਕਹਿਣਾ ਹੈ ਕਿ ਪਹਿਲੀ ਵਾਰ ਇਸ ਚੋਣ ਵਿਚ ਕਾਫ਼ੀ ਵੋਟਰ ਜਾਤ-ਪਾਤ ਤੋਂ ਉੱਪਰ ਉੱਠ ਕੇ ਪਾਰਟੀਆਂ ਜਾਂ ਉਮੀਦਵਾਰਾਂ ਨੂੰ ਸਮਰਥਨ ਦੇ ਰਹੇ ਹਨ । ਬਹੁਤ ਸਾਰੇ ਹਲਕਿਆਂ ਤੋਂ ਮਿਲ ਰਹੀਆਂ ਰਿਪੋਰਟਾਂ ਇਸ ਗੱਲ ਨੂੰ ਸਪੱਸ਼ਟ ਕਰ ਰਹੀਆਂ ਹਨ ਕਿ ਕਿਸੇ ਹਲਕੇ ਵਿਚ ਇੱਕ ਜਾਤ ਦਾ ਭਾਰੂ ਹੋਣਾ ਉਸ ਜਾਤ ਦੇ ਉਮੀਦਵਾਰ ਨੂੰ ਜਿਤਾਉਣ ਲਈ ਕਾਫ਼ੀ ਸਾਬਤ ਨਹੀਂ ਹੋ ਰਿਹਾ । ਅਕਾਲੀ ਦਲ ਜਿਸ ਦੀ ਕਿ ਹਮੇਸ਼ਾਂ ਆਪਣੇ ਪੰਥਕ ਵੋਟ ਬੈਂਕ 'ਤੇ ਟੇਕ ਰਹੀ ਹੈ ਤੇ ਪੰਥਕ ਤੇ ਕਿਸਾਨੀ ਮੁੱਦਿਆਂ ਦੇ ਮੁੱਦਈ ਰਹਿਣ ਕਾਰਨ

**(ਬਾਕੀ ਸਫਾ 4 ਤੇ)**



ਸਵਰਗੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦੀ ਸਾਲਾਨਾ ਬਰਸੀ 29 ਜਨਵਰੀ, 2017 ਨੂੰ ਸਵੇਰੇ 10 ਵਜੇ ਤੋਂ ਸ਼ਾਮੀ 4 ਵਜੇ ਤੱਕ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਮਨਾਈ ਜਾ ਰਹੀ ਹੈ। **(ਹੋਰ ਜਾਣਕਾਰੀ ਲਈ ਇਸ਼ਤਿਹਾਰ ਦੇਖੋ ਸਫਾ 24 'ਤੇ)**

## ਅਮਰੀਕਾ ਭਾਰਤ ਦਾ ਸੱਚਾ ਦੋਸਤ ਹੋਵੇਗਾ

### ਰਾਸ਼ਟਰਪਤੀ ਟਰੰਪ ਨੇ ਮੋਦੀ ਨਾਲ ਕੀਤੀ ਫੋਨ ਤੇ ਗੱਲਬਾਤ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਗੱਲ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਸਰਕਾਰੀ ਰਿਹਾਇਸ਼ ਵਾਈਟ ਹਾਊਸ ਨੇ ਇਸਦੀ ਪੁਸ਼ਟੀ ਕੀਤੀ ਹੈ। ਵਾਈਟ ਹਾਊਸ ਦੀ ਰਿਲੀਜ਼ ਮੁਤਾਬਕ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਫੋਨ 'ਤੇ ਗੱਲਬਾਤ ਵਿਚ ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਭਾਰਤ ਨੂੰ ਇਕ ਸੱਚਾ ਦੋਸਤ ਅਤੇ ਦੁਨੀਆਂ ਦੀਆਂ ਚੁਣੌਤੀਆਂ ਨਾਲ ਨਿਪਟਣ ਵਿਚ ਹਿੱਸੇਦਾਰ ਸਮਝਦਾ ਹੈ। ਦੋਵੇਂ ਲੀਡਰਾਂ ਨੇ ਅਰਥ ਵਿਵਸਥਾ ਅਤੇ ਰੱਖਿਆ ਵਰਗੇ ਖੇਤਰਾਂ ਵਿਚ ਅਮਰੀਕਾ ਅਤੇ ਭਾਰਤ ਵਿਚਕਾਰ ਰਿਸ਼ਤੇ ਮਜ਼ਬੂਤ ਬਣਾਉਣ ਦੇ ਮੌਕਿਆਂ ਬਾਰੇ ਵੀ ਗੱਲਬਾਤ ਕੀਤੀ। ਪੀ. ਐਮ. ਮੋਦੀ ਅਤੇ ਰਾਸ਼ਟਰਪਤੀ ਟਰੰਪ ਨੇ ਦੱਖਣੀ ਅਤੇ ਮੱਧ ਏਸ਼ੀਆ ਵਿਚ ਸੁਰੱਖਿਆ ਦੇ ਮਸਲੇ 'ਤੇ ਗੱਲਬਾਤ ਕੀਤੀ। ਵਾਈਟ ਹਾਊਸ ਮੁਤਾਬਕ ਰਾਸ਼ਟਰਪਤੀ ਟਰੰਪ ਨੇ ਇਸ ਸਾਲ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਯਾਤਰਾ ਦੌਰਾਨ ਉਹਨਾਂ ਦੀ ਮੇਜ਼ਬਾਨੀ ਨੂੰ ਲੈ ਕੇ ਉਤਸ਼ਾਹ ਦਿਖਾਇਆ। ਵਰਣਨਯੋਗ ਹੈ ਕਿ ਚਾਰ ਦਿਨ ਪਹਿਲਾਂ ਹੀ ਸ੍ਰੀ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਹੈ। ਨਰਿੰਦਰ ਮੋਦੀ ਪੰਜਵੇਂ ਅਜਿਹੇ ਵਿਦੇਸ਼ੀ ਲੀਡਰ ਹਨ, ਜਿਹਨਾਂ ਦੇ ਨਾਲ ਟਰੰਪ ਨੇ ਰਾਸ਼ਟਰਪਤੀ ਬਣਨ ਤੋਂ ਬਾਅਦ ਫੋਨ ਤੇ ਗੱਲ ਕੀਤੀ ਹੈ।





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


SAROAY INVESTMENT REALTY
Ram Saroay Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.

959 Corporate Way, Fremont, CA. 94539

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL JEWELRY, SWEETS,
FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511

Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA BAZAAR



Jai Ram Gaught

Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਵਿਰੋਧ ਅਤੇ ਵਿਵਾਦਾਂ ਵਿਚਕਾਰ ਟਰੰਪ ਨੇ ਸੰਭਾਲਿਆ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ

**ਵਾਸ਼ਿੰਗਟਨ (ਬਿਊਰੋ)-** ਅਰਬਪਤੀ ਕਾਰੋਬਾਰੀ ਸ੍ਰੀ ਡੌਨਲਡ ਟਰੰਪ ਨੇ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ। ਉਹ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਅਹੁਦੇ ਲਈ ਚੁਣੇ ਗਏ ਹਨ। ਉਨ੍ਹਾਂ ਦੇ ਹਲਫ਼ਦਾਰੀ ਸਮਾਗਮ ਸਬੰਧੀ ਜਸ਼ਨ ਬੀਤੇ ਦਿਨ ਤੋਂ ਹੀ ਜਾਰੀ ਸਨ, ਜਦੋਂਕਿ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਚੁਣੇ ਜਾਣ ਦੇ ਵਿਰੋਧ ਵਿੱਚ ਜ਼ੋਰਦਾਰ ਰੋਸ ਮੁਜ਼ਾਹਰੇ ਵੀ ਕੀਤੇ। ਇਸ ਦੌਰਾਨ ਘੱਟੋ-ਘੱਟ ਚਾਰ ਮੁਜ਼ਾਹਰੇ ਹਿੰਸਕ ਰੂਪ ਧਾਰ ਗਏ, ਜਿਸ ਦੌਰਾਨ ਮੁਜ਼ਾਹਰਕਾਰੀਆਂ ਨੇ ਸਟੋਰਾਂ ਤੇ ਕਾਰਾਂ ਦੇ ਸ਼ੀਸ਼ੀ ਭੰਨ ਦਿੱਤੇ ਤੇ ਪੁਲੀਸ ਨਾਲ ਵੀ ਝੜਪਾਂ ਕੀਤੀਆਂ।

ਇਸ ਤੋਂ ਪਹਿਲਾਂ ਸ੍ਰੀ ਟਰੰਪ ਇਕ ਕਾਫ਼ਲੇ ਦੇ ਰੂਪ ਵਿੱਚ ਸਹੁੰ-ਚੁੱਕ ਸਮਾਗਮ 'ਚ ਪੁੱਜੇ। ਉਨ੍ਹਾਂ ਆਪਣੇ ਸਹੁੰ-ਚੁੱਕ ਕਾਫ਼ਲੇ ਦੀ ਸ਼ੁਰੂਆਤ ਇਥੇ ਚਰਚ ਵਿੱਚ ਹਾਜ਼ਰੀ ਭਰ ਕੇ ਕੀਤੀ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਪ੍ਰਥਮ ਮਹਿਲਾ ਮਿਲਾਨਿਆ ਟਰੰਪ, ਧੀ ਇਵਾਂਕਾ ਤੇ ਜਵਾਈ ਜੇਰਡ ਕੁਸ਼ਨਰ ਤੇ ਪੁੱਤਰਾਂ ਨੇ ਵੀ ਚਰਚ ਵਿੱਚ ਅਕੀਦਤ ਪੇਸ਼ ਕੀਤੀ। ਇਸ ਪਿੱਛੋਂ ਉਨ੍ਹਾਂ ਦਾ ਕਾਫ਼ਲਾ ਵਾਈਟ ਹਾਊਸ ਪੁੱਜਾ ਜਿਥੇ ਅਹੁਦਾ ਛੱਡ ਰਹੇ ਰਾਸ਼ਟਪਰਤੀ ਬਰਾਕ ਓਬਾਮਾ ਤੇ ਉਨ੍ਹਾਂ ਦੇ ਪਰਿਵਾਰ ਨੇ ਨਵੇਂ ਰਾਸ਼ਟਰਪਤੀ ਤੇ ਉਨ੍ਹਾਂ ਦੇ ਪਰਿਵਾਰ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਨਵੀਂ ਫਸਟ ਲੇਡੀ ਮਿਲੇਨੀਆ ਟਰੰਪ ਨੇ ਰੁਖ਼ਸਤ ਹੋ ਰਹੀ ਫਸਟ ਲੇਡੀ ਮਿਸ਼ੇਲ ਓਬਾਮਾ ਨੂੰ ਇਕ ਟਿਫੈਨੀ ਗਿਫ਼ਟ ਭੇਟ ਕੀਤਾ। ਸਹੁੰ-ਚੁੱਕ ਸਮਾਗਮ ਵਿੱਚ ਉਨ੍ਹਾਂ ਤੋਂ ਚੋਣਾਂ ਵਿੱਚ ਮਾਤ ਖਾਣ ਵਾਲੀ ਬੀਬੀ ਹਿਲੇਰੀ ਕਲਿੰਟਨ ਨੇ ਵੀ ਆਪਣੇ ਪਤੀ ਤੇ ਸਾਬਕਾ ਰਾਸ਼ਰਪਤੀ ਬਿਲ ਕਲਿੰਟਨ ਨਾਲ ਸ਼ਿਰਕਤ ਕੀਤੀ।



ਨਵੇਂ ਬਣੇ ਰਾਸ਼ਟਰਪੀ ਡੋਨਲਡ ਟਰੰਪ ਦੀਆਂ ਮਹਿਲਾਵਾਂ ਖ਼ਿਲਾਫ਼ ਟਿੱਪਣੀਆਂ ਦੇ ਵਿਰੋਧ 'ਚ ਮੁਲਕ ਭਰ 'ਚ ਕਈ ਥਾਵਾਂ 'ਤੇ ਜ਼ੋਰਦਾਰ ਪ੍ਰਦਰਸ਼ਨ ਹੋਏ। ਟਰੰਪ ਵੱਲੋਂ ਰਾਸ਼ਟਰਪਤੀ ਦਾ ਅਹੁਦਾ ਸੰਭਾਲੇ ਜਾਣ ਦੇ ਇਕ ਦਿਨ ਮਗਰੋਂ ਹੀ ਮਹਿਲਾਵਾਂ ਨੇ ਉਸ ਖ਼ਿਲਾਫ਼ ਮੋਰਚਾ ਸੰਭਾਲਦਿਆਂ ਭਾਰੀ ਦਬਾਅ ਬਣਾ ਦਿੱਤਾ ਹੈ। ਟਰੰਪ ਦੀਆਂ ਵੰਡ ਪਾਊ ਅਤੇ ਮਹਿਲਾਵਾਂ ਖ਼ਿਲਾਫ਼ ਮਾੜੀਆਂ ਟਿੱਪਣੀਆਂ ਦੇ ਵਿਰੋਧ 'ਚ ਅੱਜ 10 ਲੱਖ ਤੋਂ ਵੱਧ ਅਮਰੀਕੀਆਂ ਨੇ ਨਿਊਯਾਰਕ ਤੋਂ ਲਾਸ ਏਂਜਲਸ ਤਕ ਸੜਕਾਂ ਉਪਰ ਪ੍ਰਦਰਸ਼ਨ ਕੀਤੇ। ਮਹਿਲਾ ਮਾਰਚ ਦੇ ਪ੍ਰਬੰਧਕਾਂ ਨੇ ਪ੍ਰਦਰਸ਼ਨ ਸਫ਼ਲ ਹੋਣ 'ਤੇ ਕਿਹਾ ਕਿ ਇਹ ਅੰਦੋਲਨ ਦੀ ਸ਼ੁਰੂਆਤ ਹੈ। ਕਾਂਗਰਸ ਲਈ ਚੁਣੇ ਗਏ ਪੰਜ ਭਾਰਤ-ਅਮਰੀਕੀਆਂ ਨੇ ਵੀ ਇਸ ਮਾਰਚ 'ਚ ਸ਼ਮੂਲੀਅਤ ਕੀਤੀ। ਅਦਾਕਾਰਾ ਪ੍ਰਿਅੰਕਾ ਚੋਪੜਾ ਨੇ ਟਵੀਟ ਕਰ ਕੇ ਟਰੰਪ ਖ਼ਿਲਾਫ਼ ਪ੍ਰਦਰਸ਼ਨਾਂ ਨੂੰ ਹਮਾਇਤ ਦਿੱਤੀ। ਫਿਲਮਸਾਜ਼ ਮਾਈਕਲ ਮੂਰ, ਗਲੋਰੀਆ ਸਟੀਨੇਮ, ਸੰਗੀਤਕਾਰ ਅਲੀਸ਼ੀਆ ਕੀਜ਼ ਅਤੇ ਬੁਲਾਰਿਆਂ ਨੇ ਜਜ਼ਬਾਤੀ ਹੁੰਦਿਆਂ ਟਰੰਪ ਦੀਆਂ ਇਮੀਗਰੇਸ਼ਨ, ਮੁਸਲਮਾਨਾਂ ਅਤੇ ਮਹਿਲਾਵਾਂ ਬਾਰੇ ਨੀਤੀਆਂ 'ਤੇ ਵੀ ਹਮਲੇ ਕੀਤੇ। ਪੌਪ ਗਾਇਕਾ ਮੈਡੋਨਾ ਵਾਸ਼ਿੰਗਟਨ ਦੇ ਨੈਸ਼ਨਲ ਮਾਲ ਨੇੜੇ ਪ੍ਰਦਰਸ਼ਨਾਂ 'ਚ ਨਜ਼ਰ ਆਈ। ਨਿਊਯਾਰਕ ਸਿਟੀ 'ਚ ਪ੍ਰਦਰਸ਼ਨਕਾਰੀਆਂ ਨੇ ਟਰੰਪ ਦੀ ਰਿਹਾਇਸ਼ ਵੱਲ ਚਾਲੇ ਪਾਏ ਪਰ ਉਨ੍ਹਾਂ ਨੂੰ ਰਾਹ 'ਚ ਰੋਕ ਲਿਆ ਗਿਆ। ਬੋਸਟਨ 'ਚ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਸੈਨੇਟਰ ਐਲਿਜ਼ਾਬੈੱਥ ਵਾਰੇਨ ਨੇ ਸੰਬੋਧਨ ਕੀਤਾ।

**ਟਰਾਂਸ ਪੈਸੇਫਿਕ ਵਪਾਰ ਸੰਧੀ ਖਤਮ ਕਰਨ ਦੀ ਪ੍ਰਕਿਰਿਆ ਆਰੰਭ**

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਅਹਿਮ ਹੁਕਮ ਪਾਸ ਕਰਦਿਆਂ ਟਰਾਂਸ ਪੈਸੇਫਿਕ ਵਪਾਰ ਸੰਧੀ ਰੱਦ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਹ ਇਸ ਸਬੰਧੀ ਲੰਬੇ ਸਮੇਂ ਤੋਂ ਵਾਅਦਾ ਕਰਦੇ ਆ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਮਰੀਕਨ ਵਰਕਰਾਂ ਦੇ ਹਿਤ ਵਿੱਚ ਮਹਾਨ ਕੰਮ ਕਰਨ ਦਾ ਦਾਅਵਾ ਕੀਤਾ ਹੈ। ਯਾਦ ਰਹੇ ਕਿ ਇਸ ਸੰਧੀ 'ਤੇ ਅਸਟਰੇਲੀਆ, ਕੈਨੇਡਾ, ਮਲੇਸ਼ੀਆ, ਮੈਕਸੀਕੋ, ਨਿਊਜ਼ੀਲੈਂਡ, ਪੇਰੂ, ਸਿੰਘਾਪੁਰ, ਬਰੂਨੀ ਅਤੇ ਜਾਪਾਨ ਨੇ ਦਸਤਖ਼ਤ ਕੀਤੇ ਹੋਏ ਹਨ ਅਤੇ ਸੰਸਾਰ ਆਰਥਿਕਤਾ ਦਾ 40ਫੀਸਦੀ ਕਾਰੋਬਾਰ ਇਸ ਸੰਧੀ ਅਧੀਨ ਆਉਂਦਾ ਹੈ। ਇਸੇ ਦੌਰਾਨ ਵਕੀਲਾਂ ਦੇ ਇਕ ਗਰੁੱਪ ਨੇ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ ਕੇਸ ਦਰਜ ਕਰਵਾ ਦਿੱਤਾ ਗਿਆ ਹੈ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਰਾਸ਼ਟਰਪਤੀ ਨੇ ਵਿਦੇਸ਼ੀ ਸਰਕਾਰਾਂ ਤੋਂ ਅਦਾਇਗੀਆਂ ਲੈ ਕੇ ਸੰਵਿਧਾਨਕ ਪਾਬੰਦੀਆਂ ਦੀ ਉਲੰਘਣਾ ਕੀਤੀ ਹੈ।

# ਅੰਬੇਡਕਰ ਦਾ ਸੁਪਨਾ ਸੀ 'ਟਰੇਨਿੰਗ ਸਕੂਲ ਫਾਰ ਐਂਟਰੈਂਸ ਇਨ ਪੋਲੀਟਿਕਸ'

## ਅਜਿਹਾ ਰੈਜ਼ੀਡੈਂਸ਼ੀਅਲ ਸਕੂਲ ਜਿਸ ਵਿਚ ਪੜ੍ਹਾਈ ਹੋਵੇ ਮੁਫਤ

**ਜਲੰਧਰ (ਬਿਊਰੋ)-** ਕੀ ਕੋਈ ਅਜਿਹਾ ਸਕੂਲ, ਕਾਲਜ, ਯੂਨੀਵਰਸਿਟੀ ਜਾਂ ਸੰਸਥਾ ਹੋ ਸਕਦੀ ਹੈ ਜੋ ਨੌਜਵਾਨਾਂ ਨੂੰ ਸਿੱਖਿਆ ਦੇਵੇ ਕਿ ਉਹ ਕਿਵੇਂ ਪੂਰੀ ਤਰ੍ਹਾਂ ਤਿਆਰ ਹੋ ਕੇ ਸਿਆਸਤ 'ਚ ਆ ਸਕਦੇ ਹਨ। ਭਾਰਤੀ ਸਿਆਸਤ 'ਚ ਜੋ ਨਿਘਾਰ ਹੁਣ ਅਸੀਂ ਦੇਖ ਰਹੇ ਹਾਂ, ਉਸ ਤੋਂ ਅਜਿਹੀ ਸੰਸਥਾ ਦੀ ਲੋੜ ਮਹਿਸੂਸ ਹੁੰਦੀ ਹੈ। ਸਾਡੇ 'ਚੋਂ ਕਿੰਨਿਆਂ ਨੂੰ ਪਤਾ ਹੈ ਕਿ ਭਾਰਤੀ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਅਜਿਹੇ ਸਕੂਲ ਦੀ ਕਲਪਨਾ ਅੱਜ ਤੋਂ 60 ਸਾਲ ਪਹਿਲਾਂ ਵੀ ਕਰ ਚੁੱਕੇ ਹਨ। ਇਸ ਤੋਂ ਪਹਿਲਾਂ ਕਿ ਉਹ ਆਪਣੇ ਸੁਪਨੇ ਨੂੰ ਅਮਲੀ ਜਾਮਾ ਪਹਿਨਾਉਂਦੇ, ਉਹ ਇਸ ਜਹਾਨ ਨੂੰ ਅਲਵਿਦਾ ਆਖ ਗਏ। ਡਾ. ਅੰਬੇਡਕਰ ਦੇ ਇਸ ਵਿਜ਼ਿਨ ਨੂੰ ਇਕ-ਇਕ ਜੋੜਾ ਸਾਕਰ ਰੂਪ ਦੇਣ ਲਈ ਭਾਰਤ ਹੀ ਨਹੀਂ ਦੁਨੀਆਂ ਦੇ ਕਈ ਦੇਸ਼ਾਂ ਦੀ ਖਾਕ ਛਾਣ ਰਿਹਾ ਹੈ। ਇਹ ਹਨ ਡਾ. ਸ਼ਿਵ ਬੰਕਰ ਦਾਸ ਤੇ ਡਾ. ਸ਼ਿਪਰਾ। ਦੋਵੇਂ ਹੀ ਅੰਬੇਡਕਰਾਈਟ ਸਕਾਲਰ ਹਨ ਅਤੇ ਇਹ ਇੱਛਾ ਰੱਖਦੇ ਹਨ ਕਿ ਡਾ. ਅੰਬੇਡਕਰ ਦਾ ਜੋ ਸੁਪਨਾ ਸੱਠ ਸਾਲ ਪਹਿਲਾਂ ਅਧੂਰਾ ਰਹਿ ਗਿਆ ਸੀ, ਉਸ ਨੂੰ ਪੂਰਾ ਕੀਤਾ ਜਾਵੇ। ਜਲੰਧਰ ਦੇ ਚੋਣਵੇਂ ਅੰਬੇਡਕਰਵਾਦੀ ਵਿਚਾਰਧਾਰਾ ਨਾਲ ਪ੍ਰਣਾਏ ਪਤਵੰਤਿਆਂ ਦੀ ਇਕ ਮੀਟਿੰਗ ਆਇ. ਐਫ. ਐਸ. ਅਫਸਰ (ਰਿਟਾ) ਰਮੇਸ਼ ਚੰਦਰ ਦੇ ਘਰ ਸਿਲਵਰ



ਅਪਾਰਟਮੈਂਟ ਵਿਖੇ ਹੋਈ। ਇਸ ਦੌਰਾਨ ਪ੍ਰੋ. ਜੀ. ਸੀ. ਕੌਲ, ਮਨੋਹਰ ਲਾਲ ਮਹੇ, ਪ੍ਰੋ. ਬਲਬੀਰ, ਪ੍ਰੇਮ ਸ਼ਾਂਤ, ਡਾ. ਸ਼ਿਵਦਿਆਲ ਮਾਲੀ, ਰਾਮ ਲਾਲ ਦਾਸ, ਰਿਟਾਇਰਡ ਡੀ. ਪੀ. ਆਈ. ਸੋਹਣ ਲਾਲ ਤੋਂ ਇਲਾਵਾ ਦੋ ਦਰਜਨ ਤੋਂ ਵੱਧ ਦਲਿਤ ਚਿੰਤਕਾਂ ਨੇ ਹਿੱਸਾ ਲਿਆ। ਇਸ ਮੌਕੇ ਦਲਿਤ ਸਾਹਿਤ, ਅੰਬੇਡਕਰ ਫਿਲਾਸਫੀ ਤੇ ਵਰਤਮਾਨ 'ਚ ਦਲਿਤ ਸਮਾਜ ਦੀ ਦਸ਼ਾ ਤੇ ਦਿਸ਼ਾ 'ਤੇ ਗੰਭੀਰ ਵਿਚਾਰਾਂ ਕੀਤੀਆਂ। ਡਾ. ਸ਼ਿਪਰਾ ਜਿਹਨਾਂ ਨੇ ਜੇ. ਐਨ. ਯੂ. ਤੋਂ 'ਮਾਈਗ੍ਰੇਸ਼ਨ ਆਫ ਕਾਸਟ ਇਨ ਇੰਡੀਅਨ ਡਾਇਸ-ਪੋਰਾ ਇਨ ਦਿ ਯੂ. ਐਸ.' ਤੇ 'ਇੰਡੋ-ਯੂ. ਐਸ. ਕਾਊਂਟਰ ਟੈਰੇਰਿਜ਼ਮ ਕੋਆਪ੍ਰੇਸ਼ਨ' ਜਿਹੇ ਵਿਸ਼ਿਆਂ 'ਤੇ ਖੋਜ ਕੀਤੀ ਹੈ। ਡਾ. ਸ਼ਿਵ ਸ਼ੰਕਰ ਦਾਸ ਜਿਨ੍ਹਾਂ ਜੇ. ਐਨ. ਯੂ. ਤੋਂ ਕਲਚਹਰਲ ਪਾਲੀਟਿਕਸ ਆਫ ਨਿਊ ਬੁੱਧਇਜ਼ਮ ਇਨ ਨਾਰਥ ਇੰਡੀਆ ਤੇ ਪੀ. ਐਚ. ਡੀ. ਕੀਤੀ ਹੈ, ਨੇ ਦੱਸਿਆ ਕਿ ਉਹ ਡਾ. ਅੰਬੇਡਕਰ ਦੇ ਉਸ ਸੁਪਨੇ ਨੂੰ ਸਾਕਾਰ ਕਰਨਾ ਚਾਹੁੰਦੇ ਹਨ, ਜਿਸ 'ਚ ਉਨ੍ਹਾ ਇਕ ਅਜਿਹੀ ਸੰਸਥਾ ਦਾ ਸੁਪਨਾ ਲਿਆ ਸੀ, ਜੋ ਭਾਰਤ ਨੂੰ ਭਵਿੱਖੀ ਸਿਆਸਤਦਾਨ ਦੇਵੇ। ਡਾ. ਅੰਬੇਡਕਰ ਹੋਰਾਂ ਟਰੇਨਿੰਗ ਸਕੂਲ ਫਾਰ ਐਂਟਰੈਂਸ ਇਨ ਪਾਲੀਟਿਕਸ ਨਾਂ ਦੇ ਸਕੂਲ ਦੀ ਕਲਪਨਾ ਕੀਤੀ ਸੀ, ਜਿਸ 'ਚੋਂ ਮਾਹਿਰ ਹੋ ਕੇ ਲੋਕ ਵੱਖ ਵੱਖ ਸਿਆਸੀ ਪਾਰਟੀਆਂ 'ਚ ਜਾਂਦੇ ਤੇ ਸਹੀ ਅਰਥਾਂ 'ਚ ਜਨਤਾ ਦੀ ਪ੍ਰਤੀਨਿਧਤਾ ਕਰਦੇ। ਉਹ ਭਾਰਤ 'ਚ ਅਜਿਹੇ ਸਕੂਲ ਦੀਆਂ ਸੰਭਾਵਨਾਵਾਂ ਭਾਲ ਰਹੇ ਹਨ, ਜੋ ਪੂਰੀ ਤਰ੍ਹਾਂ ਰੈਜ਼ੀਡੈਂਸ਼ੀਅਲ ਹੋਵੇ ਤੇ ਪੜ੍ਹਾਈ ਬਿਲਕੁਲ ਮੁਫਤ ਹੋਵੇ। ਮੀਟਿੰਗ 'ਚ ਹਾਜ਼ਰੀਨ ਨੇ ਆਪਣੇ ਵੱਲੋਂ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ।

# ਕਰਤਾਰਪੁਰ 'ਚ ਬਸਪਾ, ਅਕਾਲੀ ਦਲ ਅਤੇ ਕਾਂਗਰਸ ਵਿਚਕਾਰ ਤਿਕੋਣਾ ਮੁਕਾਬਲਾ

**ਕਰਤਾਰਪੁਰ-** ਕਰਤਾਰਪੁਰ ਵਿਚ ਇਸ ਵਾਰ ਮੁਕਾਬਲਾ ਤਿਕੋਨਾ ਹੋ ਗਿਆ ਹੈ। ਬਸਪਾ ਉਮੀਦਵਾਰ ਬਲਵਿੰਦਰ ਕੁਮਾਰ ਦੀ ਚੋਣ ਮੁਹਿੰਮ ਤੇਜ ਪਕੜਨ ਦੇ ਨਾਲ ਹੀ ਅਕਾਲੀ ਦਲ ਅਤੇ ਕਾਂਗਰਸ ਨੇ ਵੀ ਚੋਣ ਮੁਹਿੰਮ ਤੇਜ ਕਰ ਦਿੱਤੀ ਹੈ। ਬਸਪਾ ਉ-ਮੀਦਵਾਰ ਦੀ ਗਲੀ-ਗਲੀ ਚੋਣ ਮੁਹਿੰਮ ਦੀ ਨੀਤੀ ਕਾਰਨ ਬਹੁਤ ਸਾਰੇ ਲੋਕ ਉਹਨਾਂ ਨਾਲ ਜੁੜ ਰਹੇ ਹਨ। ਬਲਵਿੰਦਰ ਕੁਮਾਰ ਜੋ ਕਿ ਪੜ੍ਹੇ ਲਿਖੇ ਨੌਜਵਾਨ ਹਨ, ਨੂੰ ਕਾਫੀ ਵਧੀਆ ਹੁੰਗਾਰਾ ਮਿਲ ਰਿਹਾ ਹੈ। ਇੱਧਰ ਕਾਂਗਰਸੀ ਉਮੀਦਵਾਰ ਚੌਧਰੀ ਸੁਰਿੰਦਰ ਨੇ ਵੀ ਨੁੱਕੜ ਮੀਟਿੰਗਾਂ ਕਰਕੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਨੀਤੀ ਅਪਣਾਈ ਹੈ। ਆਪ ਦੇ ਉਮੀਦਵਾਰ ਚੰਦਨ ਗਰੇਵਾਲ ਦੀ ਸਰਗਰਮੀ ਵੀ ਕਾਫੀ ਦਿਨਾਂ ਤੋਂ ਜਾਰੀ ਹੈ।

ਅਕਾਲੀ ਦਲ ਵੱਲੋਂ ਸਥਾਨਕ ਨਵੀਂ ਦਾਣਾ ਮੰਡੀ ਵਿਖੇ ਅਕਾਲੀਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੇਠ









ਸਤਪਾਲ ਦੇ ਹੱਕ 'ਚ ਲੋਕਾਂ ਦੇ ਵੱਡੇ ਸਮੂਹ ਨੂੰ ਸੰਬੋਧਨ ਕਰਦਿਆਂ ਰੈਲੀ ਨੂੰ ਇਤਿਹਾਸਕ ਦੱਸਦਿਆਂ ਚੋਣਾਂ 'ਚ ਜਿੱਤਣ ਮਗਰੋਂ ਲੋਕ ਹਿੱਤ ਦੇ ਲਈ ਕੰਮ ਕਰਨ ਲਈ ਕਈ ਵਾਅਦੇ ਕੀਤੇ। ਉਹਨਾਂ ਕਿਹਾ ਕਿ ਪੰਜਾਬ 'ਚ ਥੀਮ ਡੈਮ, ਅੰਮ੍ਰਿਤਸਰ, ਮੁਹਾਲੀ, ਬਠਿੰਡਾ ਇੰਟਰਨੈਸ਼ਨਲ ਏਅਰਪੋਰਟ, ਪੰਜਾਬ ਵਿਚ 4-6 ਮਾਰਗੀ ਸੜਕਾਂ ਦਾ ਜਾਲ, ਸਾਰੇ ਧਰਮਾਂ ਦੀਆਂ ਯਾਦਗਾਰਾਂ ਅਤੇ ਪਿਛਲੇ 10 ਸਾਲਾਂ 'ਚ ਢਾਈ ਲੱਖ ਨੌਕਰੀਆਂ ਅਕਾਲੀ ਸਰਕਾਰ ਦੀ ਦੇਣ ਹੈ। ਉਹਨਾਂ ਕਿਹਾ ਕਿ ਪੈਨਸ਼ਨ ਪੰਜ ਸੌ ਤੋਂ ਵਧਾ ਕੇ ਦੋ ਹਜ਼ਾਰ, ਸ਼ਗਨ 51 ਹਜ਼ਾਰ ਰੁਪਏ, ਨੀਲੇ ਕਾਰਡ ਧਾਰਕਾਂ ਨੂੰ ਕਣਕ, ਦਾਲ ਅਤੇ 10 ਰੁਪਏ ਕਿਲੋ ਖੰਡ, 25 ਰੁਪਏ ਕਿਲੋ ਘਿਓ, ਭਗਤ ਪੂਰਨ ਸਿੰਘ ਬੀਮਾ ਯੋਜਨਾ ਤਹਿਤ 50 ਹਜ਼ਾਰ ਤੋਂ ਵਧਾ ਕੇ ਇਕ ਲੱਖ ਤੱਕ ਦਾ ਇਲਾਜ ਕੀਤਾ ਜਾਵੇਗਾ।

ਛੋਟੇ ਕਿਸਾਨਾਂ ਦਾ ਕਰਜਾ ਮੁਆਫ ਕੀਤਾ ਜਾਵੇਗਾ। ਕਿਸਾਨਾਂ ਨੂੰ ਮੋਟਰਾਂ ਲਈ ਬਿਜਲੀ ਸਪਲਾਈ 10 ਘੰਟੇ ਕਰ ਦਿੱਤੀ ਜਾਵੇਗੀ। ਪੰਜਾਬ ਦੇ 12 ਹਜ਼ਾਰ ਪਿੰਡਾਂ ਵਿਚ ਪੱਕੀਆਂ ਗਲੀਆਂ, ਸੋਲਰ ਲਾਈਆਂ, ਸੀਵਰੇਜ ਆਦਿ ਬਣਾਏ ਜਾਣਗੇ।

# ਆਮ ਆਦਮੀ ਪਾਰਟੀ ਲਈ ਫਰਿਜ਼ਨੋ ਵਿਖੇ ਫੰਡ ਇਕੱਤਰਤਾ

**ਫਰਿਜ਼ਨੋ ( ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਜਿਥੇ ਵਿਧਾਨ ਸਭਾ ਚੋਣਾਂ ਕਰਕੇ ਪੰਜਾਬ ਅੰਦਰ ਚੋਣ ਅਖਾੜਾ ਪੂਰੀ ਤਰਾਂ ਨਾਲ ਭਖਿਆ ਹੋਇਆ ਹੈ, ਉਥੇ ਪੰਜਾਬ ਵਿੱਚ ਸਿਆਸੀ ਬਦਲਾਵ ਨੂੰ ਲੈਕੇ ਪ੍ਰਵਾਸੀ ਪੰਜਾਬੀ ਵੀ ਪੱਬਾ ਭਾਰ ਹੋਏ ਖੜੇ ਨੇਂ...!

ਇਸੇ ਕੜੀ ਤਹਿਤ ਆਖਰੀ ਹੱਲੇ ਦੇ ਤੌਰ ਤੇ ਬਹੁਤ ਸਾਰੇ ਪ੍ਰਵਾਸੀ ਪੰਜਾਬੀ ਆਪ ਪਾਰਟੀ ਦੇ ਪ੍ਰਚਾਰ ਲਈ ਪੰਜਾਬ ਵੱਲ ਨੂੰ ਕੂਚ ਕਰ ਗਏ ਹਨ, ਬਾਕੀ ਬਚਦੇ ਕਾਲਿੰਗ ਕੈਂਪੇਂਨ ਜ਼ਰੀਏ ਲੋਕਾਂ ਨੂੰ ਜਗਾ ਰਹੇ ਹਨ। ਆਰਥਿਕ ਪੱਖੋਂ ਪਾਰਟੀ ਦੀ ਮੱਦਦ ਲਈ ਐਨ ਆਰ ਆਈ ਵੀਰ ਫੰਡ ਵੀ ਇਕੱਤਰ ਕਰ ਰਹੇ ਹਨ, ਇਸੇ ਸੰਦਰਭ ਵਿੱਚ ਇੱਕ ਪ੍ਰਭਾਵਸ਼ਾਲੀ ਸਾਦਾ ਸਮਾਗਮ ਫਰਿਜ਼ਨੋ ਆਪ ਇਕਾਈ ਵੱਲੋਂ ਸਥਾਨਿਕ ਇੰਡੀਆਂ ਓਵਨ ਰੈਸਟੋਰੈਂਟ ਵਿੱਚ ਰੱਖਿਆ ਗਿਆ।



ਇਸ ਫੰਡ-ਰੇਜ਼ਰ ਪ੍ਰੋਗਰਾਮ ਦੌਰਾਨ ਆਮ ਲੋਕਲ ਪੰਜਾਬੀਆ ਦਾ ਹੁਗਾਰਾ ਬੇਮਿਸਾਲ ਰਿਹਾ ਅਤੇ ਇਸ ਫੰਡਰੇਜ਼ਰ ਦੌਰਾਨ ਪੰਜਾਬੀਆਂ ਨੇ ਆਪਣੇਂ ਪੰਜਾਬ ਨੂੰ ਕੰਗਲੇ ਤੋਂ ਰੰਗਲਾ ਬਣਾਉਣ ਲਈ ਦਿਲ ਖੋਲਕੇ ਦਾਨ ਦਿੱਤਾ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀ ਤਾਰ ਕਿਸੇ ਨਾਂ ਕਿਸੇ ਤਰੀਕੇ ਨਾਲ ਪੰਜਾਬ ਨਾਲ ਜਰੂਰ ਜੁੜੀ ਹੋਈ ਹੈ ਸਾਇਦ ਇਸੇ ਕਰਕੇ ਜਦੋ ਵੀ ਕਦੇ ਉਥੇ ਚੋਣਾਂ ਦਾ ਵਿਗਲ ਵੱਜਦਾ ਹੈ ਤਾਂ ਪੰਜਾਬੀ ਫਿਕਰਮੰਦ ਹੋਏ ਪੰਜਾਬੀਆਂ ਦੇ ਚੰਗੇ ਭਵਿੱਖ ਲਈ ਲੋਕਾ ਨੂੰ ਜਾਗੁਰਕ ਕਰਨ ਲਈ ਉਪਰਾਲੇ ਕਰਦੇ ਰਹਿੰਦੇ ਹਨ ਅਤੇ ਇਸੇ ਲਈ ਮਜੂਦਾ ਅਕਾਲੀ ਸਰਕਾਰ ਦੀਆਂ ਵਧੀਕੀਆ ਅਤੇ ਨਸ਼ੇ ਦੀ ਪੰਜਾਬ ਵਿਚ ਵੱਧ ਰਹੀ ਆਮਦ ਦੇ ਮੱਦੇਨਜ਼ਰ ਉਹਨਾਂ ਸੱਤਾਧਾਰੀ ਪਾਰਟੀ ਨੂੰ ਲੰਮੇ ਹੱਥੀ ਲਿਆ ਉਹਨਾਂ ਕਿਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਹੁਤ ਹੀ ਸਾਫ ਸੁਥਰੇ ਅਕਸ਼ ਵਾਲੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ ਜਿਸ ਦੇ ਮੱਦੇਨਜ਼ਰ ਸਾਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰਾ ਦੇ ਹੱਕ ਵਿੱਚ ਖੁਲ੍ਹਕੇ ਅਵਾਜ਼ ਬੁਲੰਦ ਕਰਨੀ ਚਾਹਿੰਦੀ ਹੈ।

ਸ. ਗੁਰਨੇਕ ਸਿੰਘ ਬਾਗੜੀ ਨੇ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਸਭਨਾਂ ਦਾ ਤਹਿ ਦਿਲੋ ਸ਼ੁਕਰੀਆ ਅਦਾ ਕੀਤਾ ਅਤੇ ਉਹਨਾਂ ਕਿਹਾ ਕਿ ਤੁਹਾਡੇ ਸਾਥ ਬਿਨਾਂ ਇਹ ਕਾਮਯਾਬੀ ਸੰਭਵ ਨਹੀ ਸੀ।

# ਨਕੋਦਰ ਕਾਂਡ ਦੇ ਸ਼ਹੀਦਾਂ ਦੀ 31ਵੀਂ ਬਰਸੀ 4-5 ਫਰਵਰੀ ਨੂੰ

## ਚਾਰੇ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਉਣ ਦੀ ਮੰਗ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)–** 4 ਫਰਵਰੀ 1986 ਵਾਲੇ ਦਿਨ ਨਕੋਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਣ-ਸਨਮਾਨ ਹਿੱਤ ਇਕੱਠੀ ਹੋਈ ਪੁਰ-ਅਮਨ ਸੰਗਤ 'ਤੇ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਚਾਰ ਨੌਜਵਾਨ ਸਿੰਘ ਸ਼ਹੀਦ ਹੋ ਗਏ ਸਨ। ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ ਗੋਰਸੀਆਂ ਨਾਂ ਦੇ ਚੌਹਾਂ ਸ਼ਹੀਦਾਂ ਦੀ 31ਵੀਂ ਬਰਸੀ ਦੇ ਸਬੰਧ ਵਿਚ ਮਿਲਪੀਟਸ ਅਤੇ ਫਰੀਮਾਂਟ ਦੇ ਗੁਰਦੁਆਰਾ ਸਾਹਿਬਾਨ ਵਿਚ ਕ੍ਰਮਵਾਰ ਚਾਰ ਤੇ ਪੰਜ ਫਰਵਰੀ ਨੂੰ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਜਾਣਗੇ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 4 ਫਰਵਰੀ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਸ਼ਾਮ 4 ਤੋਂ 6 ਵਜੇ ਤੱਕ ਵਿਸ਼ੇਸ਼ ਦਿਵਾਨ ਸਜਾਏ ਜਾ ਰਹੇ ਹਨ, ਜਿਨ੍ਹਾਂ ਵਿਚ ਡਾ. ਅਮਰਜੀਤ ਸਿੰਘ ਅਤੇ ਡਾ. ਹਰਿੰਦਰ ਸਿੰਘ ਸਟੈਨਫੋਰ ਯੂਨੀਵਰਸਿਟੀ ਪ੍ਰਮੁੱਖ ਬੁਲਾਰੇ ਹੋਣਗੇ। ਇਸ ਮੌਕੇ ਉਕਤ ਗੋਲੀ ਕਾਂਡ ਦੇ ਇਕ ਸ਼ਹੀਦ ਭਾਈ ਰਵਿੰਦਰ ਸਿੰਘ ਦੇ ਮਾਤਾ-ਪਿਤਾ




ਵੀ ਪਹੁੰਚ ਰਹੇ ਹਨ। ਇਸੇ ਤਰ੍ਹਾਂ ਦਾ ਸਮਾਗਮ ਦੂਜੇ ਦਿਨ 5 ਫਰਵਰੀ ਐਤਵਾਰ ਨੂੰ ਗੁਰਦੁਆਰਾ ਫਰੀਮਾਂਟ ਵਿਖੇ ਵੀ ਆਯੋਜਿਤ ਹੋਵੇਗਾ।

ਅਮਰੀਕਾ ਸਥਿਤ ਲੱਗਭੱਗ ਪੰਜਾਹ ਗੁਰਦੁਆਰਾ ਪ੍ਰਬੰਧਕਾਂ ਦੇ ਨੁਮਾਇੰਦਿਆਂ ਤੇ ਆਧਾਰਿਤ ਬਣੀ ਹੋਈ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਉਕਤ ਚੌਹਾਂ ਸ਼ਹੀਦਾਂ ਦੀਆਂ ਤਸਵੀਰਾਂ ਸ੍ਰੀ ਅੰਮ੍ਰਿਤਸਰ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕਰਨ ਲਈ ਜਥੇਬੰਦੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਤ ਲਿਖਿਆ ਗਿਆ ਹੈ। ਜਿਸ ਵਿਚ ਇਹ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਅਮਰੀਕਾ-ਕੈਨੇਡਾ ਦੇ ਕਈ ਗੁਰਦੁਆਰਿਆਂ ਵਿਚ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਪਹਿਲੋਂ ਹੀ ਲਗਾਈਆਂ ਜਾ ਚੁੱਕੀਆਂ ਹਨ। ਬੀਤੇ ਹਫਤੇ ਸਟਾਕਟਨ ਦੇ ਇਤਿਹਾਸਕ ਗੁਰਦੁਆਰੇ ਵਿਖੇ ਸਾਹਿਤਕ ਸਖਸ਼ੀਅਤ ਡਾ. ਨਿਰੰਜਣ ਸਿੰਘ ਢੇਸੀ ਅਤੇ ਡਾ. ਅਮਰਜੀਤ ਸਿੰਘ ਦੇ ਮਿਲਵੇਂ ਉਦਮ ਸਕਦਾ, ਉਕਤ ਸ਼ਹੀਦਾਂ ਦੀਆਂ ਤਸਵੀਰਾਂ ਲਗਾ ਦਿੱਤੀਆਂ ਗਈਆਂ। ਇਸੇ ਤਰ੍ਹਾਂ 5 ਫਰਵਰੀ ਨੂੰ ਇਹ ਤਸਵੀਰਾਂ ਫਰੀਮਾਂਟ ਗੁਰਦੁਆਰੇ ਵਿਖੇ ਲਗਾਈਆਂ ਜਾਣਗੀਆਂ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਦੋਹਾਂ ਦਿਨਾਂ ਦੇ ਉਪਰੋਕਤ ਸਮਾਗਮਾਂ ਦਾ ਸਿੱਧਾ ਪ੍ਰਸਾਰਣ ਟੀ. ਵੀ. ਏਟੀਫੋਰ ਚੈਨਲ ਵੱਲੋਂ ਟੈਲੀਕਾਸਟ ਕੀਤਾ ਜਾਵੇਗਾ।

# ਨਵੋਦਿਆ ਸਕੂਲ ਦੇਸ਼ ਵਿਚ ਸਿੱਖਿਆ ਦਾ ਬ੍ਰਾਂਡ : ਜਾਵਡੇਕਰ

**ਨਵੀਂ ਦਿੱਲੀ–** ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਹੈ ਕਿ ਅੱਜ ਦਿਹਾਤੀ ਇਲਾਕਿਆਂ ਵਿਚ ਵੀ ਗਰੀਬ ਲੋਕਾਂ ਵਿਚ ਸਿੱਖਿਆ ਦੇ ਪ੍ਰਤੀ ਲਲਕ ਜਾਗੀ ਹੈ ਅਤੇ ਮੋਦੀ ਸਰਕਾਰ ਨੇ ਉਹਨਾਂ ਦੇ ਮਨ ਵਿਚ ਵਧੀਆ ਸਿੱਖਿਆ ਦੀ ਆਸ ਜਗਾਈ ਹੈ ਅਤੇ ਨਵੋਦਿਆ ਸਕੂਲ ਸਿੱਖਿਆ ਦੇ ਬ੍ਰਾਂਡ ਦੇ ਰੂਪ ਵਿਚ ਉਭਰੇ ਹਨ।



ਜਾਵੇਡਕਰ ਨੇ ਮੰਗਲਵਾਰ ਨੂੰ ਇੱਥੇ ਨਵੋਦਿਆ ਸਕੂਲ ਰਾਸ਼ਟਰੀ ਏਕਤਾ ਸੰਮੇਲਨ ਦਾ ਉ-ਦਘਾਟਨ ਕਰਦੇ ਹੋਏ ਇਹ ਗੱਲ ਕਹੀ। ਇਸ ਮੌਕੇ ਤੇ ਮਨੁੱਖੀ ਸਰੋਤ ਵਿਕਾਸ ਰਾਜ ਮੰਤਰੀ ਡਾ. ਮਹਿੰਦਰ ਨਾਥ ਪਾਂਡੇ ਅਤੇ ਉਪਿੰਦਰ ਕੁਸ਼ਵਾਹਾ ਵੀ ਮੌਜੂਦ ਸਨ। ਉਹਨਾਂ ਨੇ ਕਿਹਾ ਕਿ ਦੇਸ਼ ਵਿਚ 594 ਨਵੋਦਿਆ ਸਕੂਲ ਹਨ ਅਤੇ ਇਹਨਾਂ ਵਿਚ ਦੋ ਲੱਖ 35 ਹਜ਼ਾਰ ਵਿਦਿਆਰਥੀ ਹਨ ਅਤੇ 16 ਹਜ਼ਾਰ ਅਧਿਆਪਕ ਹਨ, ਜੋ ਇਕ ਕੈਂਪਸ ਵਿਚ ਇਕੱਠੇ ਰਹਿੰਦੇ ਹਨ। ਇਹ ਇਕ ਕਿਸਮ ਦਾ ਗੁਰੂਕੁਲ ਹੈ। ਇੱਥੇ ਬੋਰਡਿੰਗ ਸਕੂਲ ਵਿਚ ਉਹਨਾਂ ਦਾ ਵਿਕਾਸ ਹੁੰਦਾ ਹੈ। ਸਿੱਖਿਆ ਜਗਤ ਵਿਚ ਇਕ ਅਨੋਖਾ ਪ੍ਰਯੋਗ ਹੋਇਆ। ਉਹਨਾਂ ਨੇ ਕਿਹਾ, ਇਹਨਾਂ ਸਕੂਲਾਂ ਦੀ ਖਾਸੀਅਤ ਹੈ ਕਿ ਮੁਕਾਬਲਾ ਪ੍ਰੀਖਿਆਵਾਂ ਦੇ ਜ਼ਰੀਏ 22 ਲੱਖ ਵਿਦਿਆਰਥੀਆਂ ਵਿਚੋਂ 40 ਹਜ਼ਾਰ ਵਿਦਿਆਰਥੀਆਂ ਦੀ ਚੋਣ ਦਾਖਲੇ ਦੇ ਲਈ ਹੁੰਦੇ ਹਨ। ਇਹਨਾਂ ਵਿਚੋਂ 78 ਪ੍ਰਤੀਸ਼ਤ ਵਿਦਿਆਰਥੀ ਦਿਹਾਤੀ ਇਲਾਕਿਆਂ ਤੋਂ ਹੁੰਦੇ ਹਨ, ਇਹ ਵਿਦਿਆਰਥੀ ਛੇਵੀਂ ਤੋਂ ਬਾਰਵੀਂ ਕਲਾਸ ਤੱਕ ਪੜ੍ਹਦੇ ਹਨ ਅਤੇ 94 ਫੀਸਦੀ ਬਾਰਵੀਂ ਵਿਚ ਪਾਸ ਹੁੰਦੇ ਹਨ। ਇਹਨਾਂ ਵਿਚੋਂ ਹਰ ਸਾਲ ਕਰੀ 500 ਵਿਦਿਆਰਥੀ ਆਈ. ਆਈ. ਟੀ. ਅਤੇ ਆਈ. ਆਈ. ਐਮ. ਦੇ ਲਈ ਚੁਣੇ ਜਾਂਦੇ ਹਨ।

ਮਨੁੱਖੀ ਸਰੋਤ ਵਿਕਾਸ ਮੰਤਰੀ ਨੇ ਕਿਹਾ ਕਿ ਵਿਦੇਸ਼ਾਂ ਵਿਚ ਉਹਨਾਂ ਨੂੰ ਭਾਰਤੀ ਅੰਬੈਸੀਆਂ ਵਿਚ ਕਈ ਅਧਿਕਾਰੀ ਅਜਿਹੇ ਮਿਲੇ, ਜਿਹਨਾਂ ਨੇ ਮਾਣ ਨਾਲ ਕਿਹਾ ਕਿ ਉਹ ਜਵਾਲ ਲਾਲ ਨਹਿਰੂ ਯੂਨੀਵਰਸਿਟੀ ਅਤੇ ਨਵੋਦਿਆ ਸਕੂਲ ਵਿਚ ਪੜ੍ਹੇ ਹਨ। ਉਹਨਾਂ ਕਿਹਾ ਕਿ ਨਵੋਦਿਆ ਸਕੂਲਾਂ ਦੀ ਸਫਲਤਾ ਨੂੰ ਦੇਖਦੇ ਹੋਏ ਮੋਦੀ ਸਰਕਾਰ ਨੇ 52 ਨਵੇਂ ਨਵੋਦਿਆ ਸਕੂਲ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਹੈ। ਇਹਨਾ ਸਕੂਲਾਂ ਦੇ ਖੋਲ੍ਹਣ ਦੀ ਗਤੀ ਹੋਰ ਵਧਣੀ ਚਾਹੀਦੀ ਹੈ।

# ਘਰੋਂ ਹੀ ਸਿਆਸੀ ਮੁਹਿੰਮ ਚਲਾ ਰਹੇ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

**ਲੰਬੀ–** ਲੰਬੀ 'ਚ ਕੈਪਟਨ ਅਮਰਿੰਦਰ ਸਿੰਘ ਅਤੇ ਜਰਨੈਲ ਸਿੰਘ ਵਿਚਾਲੇ 'ਘਿਰੇ' ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁਣ ਘਰੋਂ ਹੀ ਸਿਆਸੀ ਰਾਹਾਂ ਸੌਖੀਆਂ ਕਰਨ 'ਚ ਜੁਟੇ ਹਨ। ਬੀਤੀ ਸ਼ਾਮ ਤੋਂ ਵੱਡੇ ਬਾਦਲ ਨੇ ਪਿੰਡ ਬਾਦਲ ਵਿਚਲੀ ਰਿਹਾਇਸ਼ 'ਤੇ ਡੇਰਾ ਲਾਇਆ ਹੋਇਆ ਹੈ। ਜਿੱਥੋਂ ਉਹ ਲੰਬੀ ਹਲਕੇ ਦੇ ਸਮੁੱਚੇ ਸਿਆਸੀ ਘਟਨਾਕ੍ਰਮ 'ਤੇ ਤਿੱਖੀ ਨਜ਼ਰ ਰੱਖ ਕੇ ਸਿਆਸੀ ਜੁਗਤਾਂ ਲੜਾ ਰਹੇ ਹਨ। ਸ੍ਰੀ ਬਾਦਲ ਤਿੰਨ ਕੁ ਦਿਨ ਪਹਿਲਾਂ ਹੀ ਚੋਣ ਪ੍ਰਚਾਰ ਦਾ ਇੱਕ ਗੇੜ ਖ਼ਤਮ ਕਰ ਕੇ ਹਟੇ ਹਨ। ਉਦੋਂ ਉਨ੍ਹਾਂ ਦਾ ਕਹਿਣਾ ਸੀ ਕਿ ਹੁਣ ਚੋਣਾਂ ਤੱਕ ਉਨ੍ਹਾਂ ਨੂੰ ਲੰਬੀ ਹਲਕੇ ਲਈ ਵਿਹਲ ਨਹੀਂ ਹੋਵੇਗੀ।



ਕਾਂਗਰਸ ਦੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਵੀ 28 ਜਨਵਰੀ ਅਤੇ ਚੋਣ ਪ੍ਰਚਾਰ ਦੇ ਅਖੀਰਲੇ ਦਿਨ 2 ਫਰਵਰੀ ਨੂੰ ਲੰਬੀ ਹਲਕੇ ਦੇ ਵੋਟਰਾਂ ਦਰਮਿਆਨ ਪੁੱਜ ਰਹੇ ਹਨ। ਜ਼ਿਕਰਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅੱਜ ਤੱਕ ਕਦੇ ਵਿਧਾਨ ਸਭਾ ਚੋਣ ਨਹੀਂ ਹਾਰੇ। ਇਸ ਵਾਰ ਤਿਕੋਣੇ ਮੁਕਾਬਲੇ ਵਿੱਚ ਆਪਣੀ ਸੀਟ ਬਚਾਉਣ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਲਗਾਤਾਰ ਧਿਆਨ ਦੇਣਾ ਪੈ ਰਿਹਾ ਹੈ।

ਸ੍ਰੀ ਬਾਦਲ ਨੇ ਅੱਜ ਆਪਣੀ ਰਿਹਾਇਸ਼ 'ਤੇ ਹਲਕੇ ਦੇ ਕਰੀਬ ਦੋ ਸੌ ਦਲਿਤ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗ ਕੀਤੀ। ਪਿਛਲੀ ਵਾਰ ਤਿੰਨ ਬਾਦਲ ਭਰਾਵਾਂ ਦੀ ਸਿਆਸੀ ਜੰਗ ਉਹ ਸੌਖਿਆਂ ਹੀ ਜਿੱਤ ਗਏ ਸਨ, ਪਰ ਇਸ ਵਾਰ ਅਕਾਲੀ ਜਥੇਦਾਰਾਂ ਦੀ 'ਮਾੜੀ' ਕਾਰਗੁਜ਼ਾਰੀ ਨੇ ਸ੍ਰੀ ਬਾਦਲ ਲਈ ਚੋਣ ਪ੍ਰਚਾਰ ਵੀ ਔਖਾ ਕਰ ਦਿੱਤਾ ਹੈ ਤੇ ਪ੍ਰਕਾਸ਼ ਸਿੰਘ ਬਾਦਲ ਘਰੋਂ ਹੀ ਚੋਣ ਮੁਹਿੰਮ ਚਲਾਉਣ ਲਈ ਮਜਬੂਰ ਹੋ ਗਏ ਹਨ। ਹਲਕੇ ਵਿੱਚ ਕਾਂਗਰਸ ਅਤੇ 'ਆਪ' ਦੀਆਂ ਚੋਣ ਮੁਹਿੰਮਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਦੀ ਅਗਵਾਈ ਵਿੱਚ ਲਗਪਗ 40 ਪਿੰਡਾਂ ਦੇ 1200 ਟਕਸਾਲੀ ਅਕਾਲੀ ਪਰਿਵਾਰ ਕਾਂਗਰਸ ਨਾਲ ਜੁੜ ਚੁੱਕੇ ਹਨ ਤੇ ਸ੍ਰੀ ਬਾਦਲ ਕਿਨਾਰਾ ਕਰ ਰਹੇ ਟਕਸਾਲੀ ਪਰਿਵਾਰਾਂ ਮਨਾਉਣ 'ਚ ਜੁਟ ਗਏ ਹਨ। ਅਕਾਲੀ ਆਗੂ ਰੁੱਸਿਆਂ ਨਾਲ ਰਾਬਤਾ ਕਰ ਕੇ ਉਨ੍ਹਾਂ ਦੀ ਮੁੱਖ ਮੰਤਰੀ ਨਾਲ ਫੋਨ 'ਤੇ ਗੱਲਬਾਤ ਤੱਕ ਕਰਵਾ ਰਹੇ ਹਨ। ਕਾਂਗਰਸ ਦਾ ਪੱਲਾ ਫੜ ਚੁੱਕੇ ਕਈ ਟਕਸਾਲੀ ਪਰਿਵਾਰ ਮੁੱਖ ਮੰਤਰੀ ਨਾਲ ਫੋਨ 'ਤੇ ਗੱਲਬਾਤ ਕਰਨੋਂ ਵੀ ਨਾਂਹ ਕਰ ਚੁੱਕੇ ਹਨ। ਕਾਂਗਰਸ ਦਾ ਪੱਲਾ ਫੜ ਚੁੱਕੇ ਟਕਸਾਲੀ ਅਕਾਲੀ ਪਰਿਵਾਰ ਦੇ ਸਾਬਕਾ ਪੰਚ ਇਕਬਾਲ ਸਿੰਘ (ਪਿੰਡ ਆਧਨੀਆਂ) ਵੀ ਮੁੱਖ ਮੰਤਰੀ ਨਾਲ ਫੋਨ 'ਤੇ ਗੱਲ ਕਰਨ ਤੋਂ ਨਾਂਹ ਕਰ ਚੁੱਕੇ ਹਨ।

# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸਸੀ. ਬੀਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਦੀ ਵਿਸ਼ੇਸ਼ ਮੀਟਿੰਗ

**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ.ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਹੋਈ ਜਿਸ ਵਿਚ ਜ਼ਿਲ੍ਹੇ ਦੇ ਸਾਰੇ ਅਹੁਦੇਦਾਰਾਂ ਨੇ ਭਾਗ ਲਿਆ।ਮੀਟਿੰਗ ਵਿਚ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਸ਼ਾਮਿਲ ਹੋਏ। ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੀ ਬਲਰਾਜ ਕੁਮਾਰ, ਸ. ਕੁਲਵਿੰਦਰ ਸਿੰਘ ਬੋਦਲ, ਸੂਬਾ ਖਜ਼ਾਨਚੀ ਸ਼੍ਰੀ ਸ਼ਿਵ ਸਿੰਘ, ਚੇਅਰਮੈਨ ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ, ਜਨਰਲ ਸਕੱਤਰ ਲੈਕ. ਬਲਜੀਤ ਸਿੰਘ, ਡਾ. ਜਸਵੰਤ ਰਾਏ, ਸੁਰਜੀਤ ਰਾਜਾ, ਦਵਿੰਦਰ ਕਲਸੀਆ, ਕਰਨੈਲ ਸਿੰਘ, ਯੋਧਾ ਮੱਲ ਨੇ ਕਿਹਾ ਪੰਜਾਬ ਚੋਣਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਜਿਨ੍ਹਾਂ ਨੇ ਜਥੇਬੰਦੀ ਨੂੰ ਬਿਲਕੁਲ ਨਜ਼ਰ ਅੰਦਾਜ਼ ਕੀਤਾ ਹੈ ਉਹਨਾਂ ਪ੍ਰਤੀ ਜਥੇਬੰਦੀ ਦੇ ਹਜ਼ਾਰਾਂ ਵਰਕਰਾਂ ਅਤੇ ਐੱਸ.ਸੀ. ਬੀ. ਸੀ. ਸਮਾਜ ਵਿਚ ਕਾਫੀ ਰੋਸ ਹੈ।ਬੁਲਾਰਿਆਂ ਨੇ ਆਪਣੀ ਤਕਰੀਰ ਵਿਚ ਆਖਿਆ ਕਿ ਜਥੇਬੰਦੀ ਲੰਬੇ ਸਮੇਂ ਤੋਂ 10.10.14 ਦੇ ਗੈਰ ਸੰਵਿਧਾਨਕ ਅਤੇ ਰਾਖਵਾਂਕਰਨ ਵਿਰੋਧੀ ਪੱਤਰ, 85ਵੀਂ ਸੰਵਿਧਾਨਕ ਸੋਧ ਅਤੇ ਐੱਸ. ਸੀ ਬੀ. ਸੀ. ਸਮਾਜ ਦੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੀ ਹੈ ਪਰ ਸਮੇਂ ਦੀਆਂ ਸਰਕਾਰਾਂ ਦੇ ਨੁਮਾਇੰਦਿਆਂ ਨੇ ਇਹਨਾਂ ਮੁਦਿਆਂ ਵੱਲ ਰੱਤੀ ਭਰ ਵੀ ਤਵੱਜੋਂ ਨਹੀਂ ਦਿੱਤੀ ਜਿਸਦਾ ਇਹਨਾਂ ਨੂੰ ਅਤੇ ਰਾਖਵਾਂਕਰਨ ਵਿਰੋਧੀਆਂ ਨੂੰ ਖਮਿਆਜ਼ਾ ਭੁਗਤਣਾ ਪਵੇਗਾ। ਮੀਟਿੰਗ ਵਿਚ ਲੈਕ. ਬਲਦੇਵ ਸਿੰਘ ਧੁੱਗਾ, ਪ੍ਰਿੰਸੀ. ਜੈ ਸਿੰਘ ਹੀਰਾ,ਹੰਸ ਰਾਜ ਹੰਸ, ਬਲਵੰਤ ਸਿੰਘ, ਚਮਨ ਲਾਲ, ਜਰਨੈਲ ਸਿੰਘ, ਜਸਪਾਲ ਸਿੰਘ, ਰੇਸ਼ਮ ਸਿੰਘ, ਹਰਭਜਨ ਸਿੰਘ, ਕੁਲਵੰਤ ਸਿੰਘ, ਪੂਰਨ ਸਿੰਘ, ਤੇਜਾ ਸਿੰਘ, ਸਤਨਾਮ ਕੁਮਾਰ, ਕੁਲਦੀਪ ਕੁਮਾਰ, ਜਸਵਿੰਦਰ ਸਿੰਘ, ਮੋਹਨ ਲਾਲ, ਡਿੰਪਲ ਰਾਜਾ, ਅਮਰਜੀਤ ਸਿੰਘ, ਰਣਵੀਰ ਸਿੰਘ, ਬਲਵੰਤ ਸਿੰਘ, ਚਮਨ ਲਾਲ, ਲਖਵੀਰ ਸਿੰਘ, ਲਖਵਿੰਦਰ ਰਾਮ, ਹਰਬਿਲਾਸ, ਜਸਪਾਲ ਸਿੰਘ, ਗੁਰਮੁਖ ਸਿੰਘ, ਪ੍ਰਿੰਸੀ. ਰਣਜੀਤ ਸਿੰਘ, ਦੇਸ ਰਾਜ, ਪਰਮਜੀਤ ਸਿੰਘ,ਬਲਵਿੰਦਰ ਕੁਮਾਰ, ਮਨਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।



# ਪੰਜਾਬ ਵਿਚ ਵੀ ਸੋਸ਼ਲ ਮੀਡੀਆ ਬਣਿਆ ਪ੍ਰਚਾਰ ਦਾ ਮੁੱਖ ਸਾਧਨ

(ਸਫਾ 1 ਦੀ ਬਾਕੀ)

ਰਾਜ ਦੀ ਕਿਸਾਨੀ ਤੇ ਦਿਹਾਤੀ ਵਸੋਂ ਦਾ ਇੱਕ ਵੱਡਾ ਹਿੱਸਾ ਅਤੇ ਪੰਥਕ ਸੋਚ ਵਾਲੇ ਵੋਟਰ ਹਰ ਚੋਣ ਵਿਚ ਅਕਾਲੀ ਦਲ ਨਾਲ ਹੀ ਆਮ ਤੌਰ 'ਤੇ ਖੜ੍ਹੇ ਹੁੰਦੇ ਰਹੇ, ਪ੍ਰੰਤੂ ਮਗਰਲੇ 10 ਸਾਲ ਦੇ ਕਾਰਜਕਾਲ ਦੌਰਾਨ ਪੰਥਕ ਏਜੰਡੇ ਤੋਂ ਪਿੱਛੇ ਹੱਟ ਜਾਣ ਕਾਰਨ ਅਤੇ ਕਿਸਾਨ ਵੋਟ ਬੈਂਕ ਨੂੰ ਨਾ ਸੰਭਾਲ ਸਕਣ ਕਾਰਨ ਅਕਾਲੀ ਦਲ ਦੇ ਇਸ ਰਵਾਇਤੀ ਵੋਟ ਬੈਂਕ ਨੂੰ ਇਸ ਚੋਣ ਵਿਚ ਖੋਰਾ ਲੱਗਾ ਨਜ਼ਰ ਆ ਰਿਹਾ ਹੈ ਤੇ ਬੀਤੇ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਪੰਥਕ ਜਥੇਬੰਦੀਆਂ ਵਿਰੁੱਧ ਪੁਲਿਸ ਕਾਰਵਾਈ ਨੇ ਪੰਥਕ ਵੋਟ ਬੈਂਕ ਨੂੰ ਹੋਰ ਵੀ ਕਮਜ਼ੋਰ ਕੀਤਾ ਹੈ । ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਭਾਵੇਂ ਪੰਥਕ ਭਾਵਨਾਵਾਂ ਨੂੰ ਮੁੱਖ ਰੱਖ ਕੇ ਵਿਰਾਸਤ ਏ ਖ਼ਾਲਸਾ ਤੋਂ ਇਲਾਵਾ ਛੋਟੇ ਤੇ ਵੱਡੇ ਘੱਲੂਘਾਰਿਆਂ ਸਮੇਤ ਕੁਝ ਯਾਦਗਾਰਾਂ ਕਾਇਮ ਕਰਨ ਦਾ ਵੱਡਾ ਕਦਮ ਚੁੱਕਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਸਮਾਗਮਾਂ ਨੂੰ ਵੀ ਸਰਕਾਰੀ ਪੱਧਰ 'ਤੇ ਉਤਸ਼ਾਹਿਤ ਕੀਤਾ, ਪ੍ਰੰਤੂ ਇਸ ਦਾ ਪੰਥਕ ਵੋਟ ਬੈਂਕ 'ਤੇ ਕੋਈ ਅਸਰ ਪਿਆ ਹੈ ਜਾਂ ਨਹੀਂ, ਇਹ ਅਜੇ ਸਪੱਸ਼ਟ ਨਹੀਂ । ਅਕਾਲੀ ਦਲ ਵੱਲੋਂ ਭਾਵੇਂ ਆਟਾ ਦਾਲ ਤੇ ਸ਼ਗਨ ਸਕੀਮ ਵਰਗੀਆਂ ਕਈ ਸਕੀਮਾਂ ਰਾਹੀਂ ਗ਼ਰੀਬ ਤੇ ਅਨੁਸੂਚਿਤ ਜਾਤਾਂ ਨਾਲ ਸਬੰਧਤ ਵੋਟ ਨੂੰ ਵੀ ਨਾਲ ਲੈਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਇਸ ਸਬੰਧੀ ਅਸਰ ਅਤੇ ਵਿਕਾਸ ਕਾਰਜਾਂ ਦਾ ਆਮ ਵੋਟਰ 'ਤੇ ਪਿਆ ਅਸਰ ਚੋਣ ਨਤੀਜਿਆਂ ਤੋਂ ਹੀ ਸਪੱਸ਼ਟ ਹੋ ਸਕੇਗਾ । ਇਸੇ ਤਰ੍ਹਾਂ ਕਾਂਗਰਸ ਜਿਸ ਦੀ ਹਮੇਸ਼ਾਂ ਗ਼ਰੀਬ ਦਲਿਤ ਅਤੇ ਨਵੇਂ ਵੋਟਰਾਂ ਤੇ ਨੌਜਵਾਨਾਂ 'ਤੇ ਵੱਡੀ ਟੇਕ ਰਹੀ ਹੈ ਪਰ ਆਮ ਆਦਮੀ ਪਾਰਟੀ ਦੇ ਚੋਣ ਦੰਗਲ ਵਿਚ ਸ਼ਾਮਿਲ ਹੋਣ ਤੋਂ ਬਾਅਦ ਕਾਂਗਰਸ ਦੇ ਇਸ ਰਵਾਇਤੀ ਵੋਟ ਬੈਂਕ ਦਾ ਇੱਕ ਚੰਗਾ ਚੋਖਾ ਹਿੱਸਾ ਆਮ ਆਦਮੀ ਪਾਰਟੀ ਨਾਲ ਚਲਾ ਗਿਆ ਹੈ । ਜਦੋਂਕਿ ਕਾਂਗਰਸ ਦਾ ਦੂਜਾ ਵੱਡਾ ਵੋਟ ਬੈਂਕ ਸ਼ਹਿਰੀ ਵੋਟਰ ਵੀ ਮਗਰਲੀਆਂ ਕੁਝ ਚੋਣਾਂ ਤੋਂ ਕਾਂਗਰਸ ਜਾਂ ਭਾਜਪਾ ਦਰਮਿਆਨ ਹੀ ਘੁੰਮਦਾ ਨਜ਼ਰ ਆ ਰਿਹਾ ਹੈ, ਲੇਕਿਨ ਇਸ ਚੋਣ ਵਿਚ ਊਠ ਕਿਸ ਕਰਵੱਟ ਬੈਠੇਗਾ ਇਹ ਅਜੇ ਸਪੱਸ਼ਟ ਨਹੀਂ ਹੋ ਰਿਹਾ । ਸ਼ਹਿਰੀ ਖੇਤਰਾਂ ਵਿਚ ਨੋਟਬੰਦੀ ਭਾਵੇਂ ਕੋਈ ਮੁੱਦਾ ਨਹੀਂ ਬਣ ਸਕਿਆ, ਪ੍ਰੰਤੂ ਇਸ ਦਾ ਵੋਟਾਂ 'ਤੇ ਕੋਈ ਅਸਰ ਪਵੇਗਾ ਜਾਂ ਨਹੀਂ? ਇਹ ਵੀ ਸਮਾਂ ਹੀ ਸਪੱਸ਼ਟ ਕਰ ਸਕੇਗਾ । ਆਮ ਆਦਮੀ ਪਾਰਟੀ ਜਿਸ ਦਾ ਪੰਜਾਬ ਵਿਚ ਕੋਈ ਵੋਟ ਬੈਂਕ ਜਾਂ ਕਾਡਰ ਨਹੀਂ ਸੀ, ਦੀ ਮੁੱਖ ਟੇਕ ਭਾਵੇਂ ਮੌਜੂਦਾ ਰਾਜ ਪ੍ਰਣਾਲੀ ਤੋਂ ਨਾਖ਼ੁਸ਼ ਲੋਕਾਂ 'ਤੇ ਹੈ, ਪ੍ਰੰਤੂ ਮੌਜੂਦਾ ਪ੍ਰਣਾਲੀ ਤੋਂ ਨਾਖ਼ੁਸ਼ ਵੋਟ ਜੋ ਪੰਜਾਬ ਵਿਚ ਹਮੇਸ਼ਾਂ ਰਾਜ ਕਰਨ ਵਾਲੀ ਪਾਰਟੀ ਦੇ ਵਿਰੁੱਧ ਦੂਜੀ ਮੁੱਖ ਧਿਰ ਨੂੰ ਹਮੇਸ਼ਾਂ ਸੱਤਾ ਵਿਚ ਲਿਆਉਂਦੀ ਰਹੀ, ਇਸ ਚੋਣ ਵਿਚ ਕਾਂਗਰਸ ਅਤੇ 'ਆਪ' ਵਿਚ ਕਿੰਨੀ ਕੁ ਵੰਡੀ ਜਾਵੇਗੀ ਅਤੇ ਇਸ ਦਾ ਕਿਸ ਸਿਆਸੀ ਧਿਰ 'ਤੇ ਕਿੰਨਾ ਕੁ ਅਸਰ ਪਵੇਗਾ ਇਹ ਆਪਣੇ ਆਪ ਵਿਚ ਵੱਡੀ ਬੁਝਾਰਤ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਚੋਣ ਵਿਚ ਅਕਾਲੀ ਦਲ ਮਾਨ ਵੱਲੋਂ ਵੀ 54 ਉਮੀਦਵਾਰ ਮੈਦਾਨ ਵਿਚ ਉਤਾਰੇ ਗਏ ਹਨ, ਲੇਕਿਨ ਮਾਨ ਦਲ ਦੇ ਉਮੀਦਵਾਰਾਂ ਨੂੰ ਮਿਲਣ ਵਾਲੀ ਵੋਟ ਜੋ ਭਾਵੇਂ ਹਲਕਾ ਪੱਧਰ 'ਤੇ ਕੁਝ ਹਜ਼ਾਰਾਂ ਵਿਚ ਹੀ ਹੋ ਸਕਦੀਆਂ ਹਨ, ਪ੍ਰੰਤੂ ਇਹ ਕਿਸ ਪਾਰਟੀ ਦੇ ਵੋਟ ਬੈਂਕ ਨੂੰ ਖੋਰਾ ਲਾਉਣਗੀਆਂ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ। ਇਸੇ ਤਰ੍ਹਾਂ ਖੱਬੇਪੱਖੀ 4 ਪਾਰਟੀਆਂ ਵੱਲੋਂ ਵੱਖੋ-ਵੱਖ ਤੌਰ 'ਤੇ ਚੋਣ ਮੈਦਾਨ ਵਿਚ ਕੋਈ 56 ਉਮੀਦਵਾਰ ਉਤਾਰੇ ਗਏ ਹਨ, ਜੋ ਕਿ ਧਰਮ ਨਿਰਪੱਖ ਸਰਕੂਲਰ ਵੋਟ ਤੋੜਨਗੀਆਂ । ਪ੍ਰੰਤੂ ਇਹ ਵੀ ਕਾਂਗਰਸ ਜਾਂ 'ਆਪ' 'ਚੋਂ ਕਿਸੇ ਦਾ ਨੁਕਸਾਨ ਕਰਨਗੀਆਂ, ਇਹ ਵੀ ਸਪੱਸ਼ਟ ਨਹੀਂ। ਚੋਣ ਮੈਦਾਨ ਵਿਚ 304 ਆਜ਼ਾਦ ਉਮੀਦਵਾਰ ਹਨ, ਜਿਨ੍ਹਾਂ ਵਿਚੋਂ ਕੁਝ ਮੁੱਖ ਪਾਰਟੀਆਂ ਦੇ ਬਾਗ਼ੀ ਉਮੀਦਵਾਰ ਵੀ ਹਨ, ਜਿਵੇਂ ਕਿ ਕਾਂਗਰਸ ਦੇ ਹੀ ਕੋਈ 2 ਦਰਜਨ ਬਾਗ਼ੀ ਉਮੀਦਵਾਰ ਮੈਦਾਨ ਵਿਚ ਖੜ੍ਹੇ ਹਨ ਅਤੇ ਆਜ਼ਾਦ ਉਮੀਦਵਾਰਾਂ ਨੇ ਵੀ ਚੋਣਾਂ ਦੇ ਗਣਿਤ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ । ਆਪਣਾ ਪੰਜਾਬ ਪਾਰਟੀ ਦੇ ਮੈਦਾਨ ਵਿਚ 77 ਉਮੀਦਵਾਰ ਹਨ, ਜਦੋਂਕਿ ਬਹੁਜਨ ਸਮਾਜ ਪਾਰਟੀ ਨੇ ਵੀ 111 ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਹਨ ਤੇ ਇਸੇ ਤਰ੍ਹਾਂ ਸ਼ਿਵ ਸੈਨਾ ਵੀ 15 ਹਲਕਿਆਂ ਤੋਂ ਉਮੀਦਵਾਰ ਮੈਦਾਨ ਵਿਚ ਉਤਾਰੇ ਹਨ । ਹਾਲਾਂਕਿ ਬੀ.ਐਸ.ਪੀ. ਦਾ ਮਗਰਲੇ ਸਮੇਂ ਦੌਰਾਨ ਰਾਜ ਵਿਚ ਅਧਾਰ ਅੱਗੇ ਨਾਲੋਂ ਸੁੰਗੜ ਗਿਆ ਤੇ ਸ਼ਿਵ ਸੈਨਾ ਦਾ ਵੀ ਸੂਬੇ ਵਿਚ ਕੋਈ ਆਧਾਰ ਨਹੀਂ, ਲੇਕਿਨ ਮੁੱਖ 3 ਧਿਰਾਂ ਦੌਰਾਨ ਕਾਂਟੇ ਦੀ ਟੱਕਰ ਚੱਲ ਰਹੀ ਹੈ । ਉਸ ਦੇ ਹੁੰਦਿਆਂ 25 ਤੋਂ 30 ਹਲਕਿਆਂ ਵਿਚ ਜੇਤੂ ਉਮੀਦਵਾਰਾਂ ਦੇ ਫੈਸਲੇ 5000 ਵੋਟਾਂ ਤੋਂ ਘੱਟ ਰਹਿਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ ਤੇ ਅਜਿਹੀ ਸਥਿਤੀ ਵਿਚ 1500-2000 ਵੋਟ ਤੋੜਨ ਵਾਲੇ ਉਮੀਦਵਾਰ ਵੀ ਵੱਡੀਆਂ ਪਾਰਟੀਆਂ ਦੇ ਗਣਿਤ ਨੂੰ ਖ਼ਰਾਬ ਕਰਨ ਦੀ ਸਥਿਤੀ ਵਿਚ ਹੋਣਗੇ। ਮਗਰਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਕੋਈ 20 ਹਲਕਿਆਂ ਤੋਂ ਕਾਂਗਰਸ ਅਤੇ ਅਕਾਲੀ ਦਲ ਦਰਮਿਆਨ ਜਿੱਤ ਹਾਰ ਦਾ ਫ਼ੈਸਲਾ 3-4 ਹਜ਼ਾਰ ਤੋਂ ਵੀ ਘੱਟ ਵੋਟਾਂ ਦਰਮਿਆਨ ਰਿਹਾ ਸੀ ਤੇ ਇਨ੍ਹਾਂ ਚੋਣਾਂ ਦੌਰਾਨ ਵੀ ਅਜਿਹੀਆਂ ਛੋਟੀਆਂ ਪਾਰਟੀਆਂ ਤੇ ਆਜ਼ਾਦ ਉਮੀਦਵਾਰ ਕਿਸੇ ਵੱਡੀ ਸਿਆਸੀ ਧਿਰ ਨੂੰ ਖੋਰਾ ਲਾਉਣਗੀਆਂ ਤੇ ਕਿਸ ਨੂੰ ਲਾਭ ਦੇਣਗੀਆਂ ਇਹ ਵੇਖਣ ਵਾਲੀ ਗੱਲ ਹੋਵੇਗੀ, ਪ੍ਰੰਤੂ ਇਸ ਚੋਣ ਦੰਗਲ ਦੇ ਘੜਮੱਸ ਵੱਲੋਂ ਸਿਆਸੀ ਪੰਡਤਾਂ ਨੂੰ ਵੀ ਭੰਬਲਭੂਸੇ ਵਿਚ ਪਾਇਆ ਹੋਇਆ ਹੈ।

# ਗਦਰੀ ਬਾਬਿਆ ਦਾ 17 ਵਾਂ ਮੇਲਾ 2 ਅਪਰੈਲ 2017 ਨੂੰ ਫਰਿਜਨੋ ਵਿਚ ਹੋਵੇਗਾ

**ਫਰਿਜਨੋ (ਬਿਊਰੋ)–** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜਨੋ ਵਲੋਂ 'ਮੇਲਾ ਗਦਰੀ ਬਾਬਿਆਂ ਦਾ' 2017 ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ। ਪਿਛਲੇ ਹਫਤੇ ਹੋਈ ਸਕੱਤਰੇਤ ਦੀ ਇਕ ਮੀਟਿੰਗ ਵਿਚ ਇਨਾਂ ਤਿਆਰੀਆ ਦਾ ਜਾਇਜਾ ਲਿਆ ਗਿਆ ਅਤੇ ਕੰਮਾ ਦੀ ਵੰਡ ਕੀਤੀ ਗਈ। ਇਸ ਸਾਲ ਦਾ ਇਹ ਮੇਲਾ ਇਕ ਨਵੀ ਥਾਂ ਤੇ ਐਤਵਾਰ ਅਪਰੈਲ 2, 2017 ਨੂੰ ਸੈਂਟਰਲ ਯੁਨੀਫਾਈਡ ਹਾਈ ਸਕੂਲ ਦੇ ਜਿਮ-ਨੇਜੀਅਮ ਵਿਚ ਹੋ ਰਿਹਾ ਹੈ ਜੋ ਕੇ 3535 ਨਾਰਥ ਕਾਰਨੀਲੀਆ ਐਵੇਨਿਊ ਫਰਿਜਨੋ ਵਿਚ ਸਥਿਤ ਹੈ ਜੋ ਕੇ ਡਾਕੋਟਾ ਐਵੇਨਿਊ ਅਤੇ ਐਸਲੇਨ ਐਵੇਨਿਊ ਦੇ ਵਿਚਕਾਰ ਹੈ। ਇਹ ਮੇਲਾ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਚਲੇਗਾ। ਫੋਰਮ ਵਲੋਂ ਕਰਵ-ਾਇਆ ਜਾਣ ਵਾਲਾ ਇਹ 17 ਵਾਂ ਮੇਲਾ ਸੰਨ 1917 ਦੇ ਸ਼ਹੀਦਾਂ ਨੂੰ ਸਮਰਪਤ ਕੀਤਾ ਜਾਵੇਗਾ ਜਿਨਾਂ ਵਿਚ ਦੂਜੇ ਲਾਹੌਰ ਸਪਲੀਮੈਟਰੀ ਕੇਸ ਦੇ ਸ਼ਹੀਦ ਬਲਵੰਤ ਸਿੰਘ ਖੁਰਦਪੁਰ, ਹਾਫਿਜ਼ ਅਬ-ਦੁਲਾ ਸ਼ੇਰਪੁਰ, ਨਾਮਾ ਹੁਸ਼ਿਆਰਪੁਰ, ਬਾਬੂ ਰਾਮ ਹੁਸ਼ਿਆਰਪੁਰ, ਰੂੜ ਸਿੰਘ ਸੰਘਵਾਲ ਤੋਂ ਇਲਾਵਾ ਡਾ ਮਥਰਾ ਸਿੰਘ, ਬਾਬਾ ਰੁਲੀਆ ਸਿੰਘ ਸਰਾਭਾ ਅਤੇ ਆਤਮਾ ਰਾਮ ਸੰਘਾਈ ਸ਼ਾਮਲ ਹਨ। ਇਸ ਸਾਲ ਦੇ ਮੇਲੇ ਵਿਚ ਪ੍ਰੋਫੈਸਰ ਸ੍ਰ ਨਰਿੰਜਣ ਸਿੰਘ



ਢੇਸੀ ਮੁਖ ਬੁਲਾਰੇ ਹੋਣਗੇ। ਸ੍ਰ ਨਰਿੰਜਣ ਸਿੰਘ ਢੇਸੀ ਇਕ ਲੰਬਾ ਸਮਾਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪੰਜਾਬੀ ਦੇ ਪ੍ਰੋਫੈਸਰ ਹੋਣ ਦੇ ਨਾਲ ਨਾਲ ਗੁਰੂ ਗਰੰਥ ਸਾਹਿਬ ਚੇਅਰ ਦੇ ਮੁਖੀ ਵੀ ਰਹੇ ਹਨ। ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿਲ ਨੇ ਦੱਸਿਆ ਕਿ ਫੋਰਮ ਦੀ ਟੀਮ ਫੰਡ ਉਗਰਾਹੀ ਵਿਚ ਰੁਝ ਗਈ ਹੈ। ਉਨਾਂ ਨੇ ਫਰਿਜਨੋ ਏਰੀਏ ਦੇ ਸਮੂਹ ਲੋਕਾਂ ਤੋਂ ਆਸ ਕੀਤੀ ਉਹ ਹਮੇਸ਼ਾ ਦੀ ਤਰਾਂ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪਣਾ ਹਰ ਤਰਾਂ ਦਾ ਯੋਗਦਾਨ ਦੇਣਗੇ।ਇਸ ਦੇ ਨਾਲ ਹੀ ਇਲਾਕੇ ਦੀਆਂ ਹੋਰ ਜਥੇਬੰਦੀਆਂ ਤੋਂ ਵੀ ਭਰਪੂਰ ਹੁੰਗਾਰੇ ਦੀ ਆਸ ਵਿਚ ਅਪੀਲ ਕੀਤੀ ਕਿ ਉਹ ਆਪਣੇ ਆਉਣ ਵਾਲੇ ਪ੍ਰੋਗਰਾਮ ਇਸ ਦਿਨ ਨੂੰ ਧਿਆਨ ਵਿਚ ਰਖ ਕੇ ਉਲੀਕਣਗੇ।ਮੀਟਿੰਗ ਵਲੋਂ 900 ਏ ਐਮ ਰੇਡੀਓ ਸਟੇਸ਼ਨ, 620 ਏ ਐਮ ਦੇ ਪੰਜਾਬੀ ਹੋਸਟ ਅਤੇ ਰੇਡੀਓ ਪੰਜਾਬ ਅਤੇ ਸਮੂਹ ਪੰਜਾਬੀ ਅਖਬਾਰਾਂ ਦਾ ਵੀ ਧੰਨਵਾਦ ਕੀਤਾ ਅਤੇ ਆਉਣ ਵਾਲੇ ਪ੍ਰੋਗਰਾਮ ਲਈ ਵੀ ਸਹਿਯੋਗ ਦੀ ਅਪੀਲ ਕੀਤੀ।

**ਇਹਨਾਂ ਪ੍ਰੋਗਰਾਮ ਦੇ ਸਬੰਧ ਵਿਚ ਕਿਸੇ ਤਰਾਂ ਦੀ ਜਾਣਕਾਰੀ ਲੈਣ ਲਈ ਸੁਰਿੰਦਰ ਸਿੰਘ ਮੰਢਾਲੀ (559-473-9269) ਜਾਂ ਹਰਜਿੰਦਰ ਸਿੰਘ ਢੇਸੀ (559-618-0156) ਨਾਲ ਸਪੰਰਕ ਕਰ ਸਕਦੇ ਹੋ।**

# ਫਰਿਜ਼ਨੋ ਵਿਖੇ 'ਲੋਹੜੀ ਨਾਈਟ' ਸ਼ੋ ਦੌਰਾਨ ਲੋਪੋਕੇ ਬ੍ਰਦਰਜ਼ ਨੇ ਲਾਈਆਂ ਖੂਬ ਰੌਣਕਾਂ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਖੇ 'ਲੋਹੜੀ ਨਾਈਟ' ਦੇ ਨਾਂ ਹੇਠ ਭਾਰਤ ਤੋਂ ਆਏ ਲਖਵੀਰ ਸਿੰਘ ਅਤੇ ਰਾਜਿੰਦਰ ਸਿੰਘ 'ਲੋਪੋਕੇ ਭਰਾਵਾਂ' ਦੀ ਸਾਫ-ਸੁੱਥਰੀ ਪਰਿਵਾਰਿਕ ਗਾਇਕੀ ਦੀ ਇਕ ਪਰਿਵਾਰਿਕ ਮਹਿਫਲ ਕਰਵਾਈ ਗਈ। ਜਿਸ ਦੀ ਸੁਰੂਆਤ ਪ੍ਰਬੰਧਕਾਂ ਵਿੱਚੋਂ ਕੁਲਵੰਤ ਉੱਭੀ ਨੇ ਸਭ ਨੂੰ ਜੀ ਆਇਆਂ ਕਹਿਣ ਨਾਲ ਕੀਤੀ। ਇਸ ਉਪਰੰਤ ਸੁਰੂ ਹੋਏ ਪ੍ਰੋਗਰਾਮ ਵਿੱਚ ਸੱਭਿਆਚਾਰਕ ਗਾਇਕੀ ਦਾ ਦੌਰ ਤਿੰਨ ਘੰਟੇ ਤੋਂ ਵਧੀਕ ਚਲਿਆ। ਜਿਸ ਵਿੱਚ ਲੋਪੋਕੇ ਭਰਾਵਾ ਨੇ ਆਪਣੇ ਬਹੁਤ ਸਾਰੇ ਗੀਤ ਪੰਜਾਬ ਦੇ ਵਿਸਰ ਰਹੇ ਸੱਭਿਆਚਾਰ ਨੂੰ ਦਰਸਾਉਦੇ ਸਥਾਨਿਕ ਗੀਤਕਾਰ ਸੁੱਖੀ ਧਾਲੀਵਾਲ ਦੇ ਗੀਤ ਤਸ਼ਵੀਰਾਂ, ਢੱਗੇ ਆਦਿਕ ਤੋਂ ਇਲਾਵਾ ਪੰਜਾਬ ਦੇ ਅਜੋਕੇ ਦੁਖਾਂਤ ਨੂੰ ਵੀ ਪੇਸ਼ ਕਰ ਹਾਜ਼ਰੀਨ ਦਾ ਭਰਪੂਰ ਮੰਨੋਰੰਜ਼ਨ ਕੀਤਾ।

ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਕਵਾਲੀਆਂ ਅਤੇ ਲੋਕ-ਗਥਾਵਾਂ ਵੀ ਪੇਸ਼ ਕੀਤੀਆਂ ਗਈਆਂ। ਇਸੇ ਪ੍ਰੋਗਰਾਮ ਦੌਰਾਨ ਸਥਾਨਿਕ ਪ੍ਰਸਿੱਧ ਲੋਕ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਨੇ ਵੀ ਆਪਣੇ ਨਵੇਂ ਗੀਤਾਂ ਰਾਹੀ ਰੂਹਦਾਰੀ ਦੀਆਂ ਗੱਲਾਂ ਕਰਦੇ ਹੋਏ ਸਰੋਤਿਆ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ। ਇਸੇ ਤਰ੍ਹਾਂ ਪੰਜਾਬੀਅਤ ਦੀ ਬੁਲੰਦ ਅਵਾਜ਼ ਗਾਇਕ ਅਕਾਸ਼ਦੀਪ ਅਕਾਸ਼ ਨੇ ਵੀ ਆਪਣੇ ਰਿਕਾਰਡ ਗੀਤਾਂ ਰਾਹੀ ਰੰਗ ਬੰਨਿਆ। ਜਦ ਕਿ ਬਾਕੀ ਪ੍ਰੋਗਰਾਮ ਦੌਰਾਨ ਕੈਲੀ-ਫੋਰਨੀਆਂ ਦੇ ਪ੍ਰਸਿੱਧ ਕਮੇਡੀਅਨ ਵਿਜੈ ਸਿੰਘ ਨੇ ਕਮੇਡੀ ਕਰ ਹਾਜ਼ਰੀਨ ਨੂੰ ਖੂਬ ਹਸਾਇਆ।



ਪ੍ਰੋਗਰਾਮ ਦੇ ਅੰਤਲੇ ਪਲਾਂ ਵਿੱਚ ਗੁਲੂ ਸਿੱਧੂ ਬਰਾੜ, ਪਿੰਦਾਂ ਚੀਮਾਂ, ਸੁਰਜੀਤ ਸਿੰਘ ਮਾਛੀਵਾੜਾ ਆਦਿਕ ਸਥਾਨਿਕ ਗਾਇਕਾਂ ਨੇ ਗੀਤਾਂ ਦੇ ਟੱਪੇ ਅਤੇ ਬੋਲੀਆਂ ਨਾਲ ਮਹਫਿਲ ਦੀ ਸਮਾਪਤੀ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਬਾਖੂਬੀ ਕੀਤਾ। ਅੰਤ ਟੋਟਲ ਇੰਟਰਟੇਨਮੈਂਟ ਦੇ ਸ. ਅਵਤਾਰ ਲਾਖਾ ਨੇ ਬੋਲਦੇ ਹੋਏ ਸਮੂੰਹ ਹਾਜ਼ਰੀਨ ਅਤੇ ਪ੍ਰਬੰਧਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮਹਿਫਲ ਦਾ ਅਨੰਦ ਹਰ ਉਮਰ ਦੇ ਬੱਚੇ, ਔਰਤਾਂ ਅਤੇ ਮਰਦਾ ਨੇ ਖੂਬ ਮਾਣਦੇ ਹੋਏ ਸਾਫ-ਸੁੱਥਰੀ ਗਾਇਕੀ ਦੀ ਸਲਾਹੁਣਾ ਕੀਤੀ।

ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਡਾਇਮੰਡ ਸਪਾਂਸ਼ਰ ਜਸਵੀਰ ਸਿੰਘ ਸਰਾਏ ਐਸ. ਐਮ. ਬ੍ਰਦਰਜ਼ ਵੇਅਰ ਹਾਊਸ ਫਰਿਜ਼ਨੋ ਅਤੇ ਗੋਲਡ ਸਪਾਸਰਾਂ ਵਿੱਚ ਡਾ. ਏ.ਪੀ.ਐਸ ਸਿੱਧੂ, ਨਾਜਰ ਸਿੰਘ ਸਹੋਤਾ, ਹਾਕਮ ਸਿੰਘ ਢਿੱਲੋਂ, ਸਟੀਵ ਢਿੱਲੋ ਤੇ ਐਡਮ ਢਿੱਲੋਂ ਫੈਸਟ ਫਰੇਟ, ਜਗਦੀਪ ਸਿੰਘ ਫਾਰਮਰ ਇੰਨਸ਼ੋਰੈਂਸ ਕੰਪਨੀ, ਗੁਲੂ ਬਰਾੜ, ਪਿੰਦਾ ਚੀਮਾਂ, ਅਵਤਾਰ ਗਿੱਲ ਗਿੱਲ ਇੰਨਸ਼ੋਰੈਂਸ, ਪਾਲ ਧਾਲੀਵਾਲ, ਬਿੱਟੂ ਕੁੱਸਾ, ਬੌਬੀ ਸਿੱਧੂ, ਰਾਜ ਧਾਲੀਵਾਲ, ਅਮਰੀਕ ਧਾਲੀਵਾਲ ਬੇਕਰਸਫੀਲਡ, ਜਸਵਿੰਦਰ ਇੰਡੀਆ ਸਵੀਟਸ, ਅਮੋਲਕ ਸਿੰਘ ਸਿੱਧੂ, ਕਮਲਜੀਤ ਸਿੰਘ ਟਿਵਾਣਾਂ, ਜੰਗੀਰ ਸਿੰਘ ਗਿੱਲ (ਗਿੱਲ ਟਰੱਕਿੰਗ), ਪਾਲ ਕੈਲੇ, ਜਗਰੂਪ ਗਰੇਵਾਲ ਤੇ ਗੈਰੀ ਗਰੇਵਾਲ, ਜੱਸੀ ਸਟੋਨ ਟਰੱਕਿੰਗ, ਦੀਪਾ ਬੁੱਲਡੌਗ ਟਰੱਕਿੰਗ, ਪਾਲ ਸਹੋਤਾ, ਮਨਜੀਤ ਸਿੰਘ ਮਕੈਨਿਕ, ਤੇਜੀ ਮਾਹਲ, ਸੁਰਜੀਤ ਸਿੰਘ ਏ ਵਨ ਸਮੋਕ ਸ਼ਾਪ, ਬਿੰਦਰ ਸਰਾਭਾ, ਬਿਲਹਾਰ ਨਾਗਰਾ, ਸਤਵੰਤ ਵਿਰਕ, ਜਸਵੰਤ ਮਹਿੰਮੀ, ਗੁਰਨੇਕ ਸਿੰਘ ਬਾਗੜੀ, ਸਮਰਬੀਰ ਸਿੰਘ ਵਿਰਕ, ਪ੍ਰਮੋਧ ਲੋਈ, ਮਨਦੀਪ ਬਰਾੜ, ਆਰ ਪੀ ਐਸ ਗਿੱਲ, ਰੰਮੀ ਧਾਲੀਵਾਲ, ਸਾਧੂ ਸਿੰਘ ਬਿਲਾਸਪੁਰ, ਬਲਦੇਵ ਸਿੰਘ ਬਿਲਾਸਪੁਰ, ਜਰਨੈਲ ਸਿੰਘ ਧੂੜਕੋਟ, ਦਿਲਬਾਗ ਸਿੰਘ ਕਪੂਰੇ, ਤੇਜੀ ਪੱਡਾ ਸ਼ਿਕਾਗੋ ਪੀਜ਼ਾ ਆਦਿਕ ਨੇ ਭਰਪੂਰ ਸਹਿਯੋਗ ਦਿੱਤਾ। ਸਮਾਪਤੀ ਉਪਰੰਤ ਹਾਜ਼ਰੀਨ ਨੇ ਰਾਤਰੀ ਦੇ ਖਾਣੇ ਦਾ ਅਨੰਦ ਮਾਣਿਆ ਅਤੇ ਆਪਸੀ ਪਿਆਰਾ ਦੀ ਸਾਂਝ ਪਾਉਦੇ ਹੋਏ ਭਵਿੱਖ ਵਿੱਚ ਅਜਿਹੇ ਪ੍ਰੋਗਰਾਮ ਕਰਾਉਣ ਅਤੇ ਸਹਿਯੋਗ ਦੇ ਵਾਅਦੇ ਕੀਤੇ।

# ਸੈਨਮੈਟੀਓ ਵਿਖੇ ਨਵੇਂ ਸਾਲ ਮੌਕੇ ਧਾਰਮਿਕ ਕਵੀ ਦਰਬਾਰ ਸਜਾਇਆ



**ਸੈਨਮੈਟੀਓ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਸੈਨਮੈਟੀਓ ਦੇ ਵਿਸ਼ਾਲ ਖੇਤਰ ਵਿਚ ਪੈਨਿਨਸੂਲਾ ਟੈਂਪਲ ਐਲਾਮੀਡਾ ਦੇ ਲਾਸ ਪੁਲਗਾਸ ਵਿਖੇ ਨਵੇਂ ਸਾਲ ਦੀ ਪੂਰਵ ਸੰਧਿਆ ਦੇ ਦੀਵਾਨ ਸਜਾਏ ਗਏ, ਜਿਸ ਵਿਚ ਵਿਸ਼ੇਸ਼ ਤੌਰ ਤੇ ਧਾਰਮਿਕ ਕਵੀ ਦਰਬਾਰ ਵੀ ਹੋਇਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਕਿਹਾ ਕਿ ਜਿੱਥੇ ਸਕੂਲ ਲੋਕਾਈ ਨਵੇਂ ਸਾਲ 2017 ਨੂੰ 'ਜੀ ਆਇਆਂ' ਆਖ ਰਹੀ ਹੈ, ਉਥੇ ਸਿੱਖ ਕੌਮ ਨੂੰ ਆਪਣੇ ਕੀਮਤੀ ਅਤੇ ਵਿਲੱਖਣ ਵਿਰਸੇ ਦੇ ਇਤਿਹਾਸ ਨੂੰ ਦ੍ਰਿੜ੍ਹ ਕਰਨਾ ਚਾਹੀਦਾ ਹੈ। ਇਸ ਮੌਕੇ ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰੋ. ਸੁਰਜੀਤ ਸਿੰਘ ਨਨੂਆ, ਮਹਿੰਦਰ ਸਿੰਘ ਰਾਜਪੂਤ ਆਦਿ ਕਵੀ ਸ਼ਾਮਲ ਹੋਏ ਅਤੇ ਸਿੱਖ ਇਤਿਹਾਸ ਦੀਆਂ ਸ਼ਹੀਦੀਆਂ ਨੂੰ ਦਰਸਾਉਂਦੀਆਂ ਜੋਸ਼ੀਲੀਆਂ ਰਚਨਾਵਾਂ ਪੇਸ਼ ਕੀਤੀਆਂ।

# ਗੁਰਦੁਆਰਾ ਨਾਨਕਸ਼ਰ ਚੈਰੀ ਐਵਨਿਉ ਫਰਿਜ਼ਨੋ ਵਿਖੇ ਅਖੰਡ ਪਾਠਾਂ ਦੀ ਲੜੀ ਦੌਰਾਨ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਫਰਿਜ਼ਨੋ ਸ਼ਹਿਰਿ ਵਖੇ ਸਥਿਤ ਗੁਰਦੁਆਰਾ ਨਾਨਕਸ਼ਰ ਚੈਰੀ ਵਿਖੇ ਹਰ ਸਾਲ ਦੀ ਤਰ੍ਹਾਂ ਪਛਲੇ ਮਹੀਨੇ ਤੋਂ ਅਖੰਡ ਪਾਠਾਂ ਦੀ ਲੜੀ ਚਲ ਰਹੀ ਹੈ।

ਇਸ ਸਾਲ ਇਹ ਸਾਰੇ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 350 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਹਨ। ਜਿੰਨ੍ਹਾਂ ਦੌਰਾਨ ਭਾਰਤ ਤੋਂ ਪਹੁੰਚ ਬਹੁਤ ਸਾਰੇ ਗੁਰਮਤਿ ਪ੍ਰਚਾਰਕ, ਰਾਗੀ ਕੀਰਤਨੀਏ ਅਤੇ ਕਥਾਂ ਵਾਚਕ ਸੰਗਤਾਂ ਨੂੰ ਗੁਰਮਤਿ ਨਾਲ ਜੋੜਦੇ ਹਨ। ਇਸ ਲੜੀ ਅਧੀਨ ਚਲ ਰਹੇ ਸਮਾਗਮਾਂ ਦੌਰਾਨ ਭਾਈ ਗੁਰਮੇਲਿ ਸੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਨੂੰ ਕੀਰਤਨ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਣ ਦੀ ਪ੍ਰੇਰਨਾ ਕੀਤੀ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਅਤੇ ਹੋਰ ਗੁਰਮਤਿ ਪ੍ਰਚਾਰਕਾਂ ਨੇ ਹਾਜ਼ਰੀ ਭਰੀ।

ਇਸ ਸਮੇਂ ਮੁੱਖ ਪ੍ਰਬੰਧਕ ਬਾਬਾ ਕਰਤਾਰਿ ਸੰਘ ਨੇ ਦੱਸਿਆਿ ਕ ਚਲ ਰਹੇ ਲੜੀਵਾਰ ਅਖੰਡ ਦੀ ਸਮਾਪਤੀ 19 ਫਰਬਰੀ ਨੂੰ ਹੋਵੇਗੀ। ਜਿਸ ਦੌਰਾਨ ਬਾਹਰ ਖੁੱਲੇ ਪੰਡਾਲ ਲਾਏ ਜਾਣਗੇ ਜਿਸ ਦੌਰਾਨ ਬਹੁਤ ਸਾਰੇ ਸੰਤ ਮਹਾਂਪੁਰਖ, ਰਾਗੀ ਅਤੇ ਗੁਰਮਤਿ ਪ੍ਰਚਾਰਕ ਸੰਗਤਾਂ ਨੂੰ ਗੁਰਬਾਣੀ ਇਤਿਹਾਸ ਸਰਵਨ ਕਰਵਾਉਣਗੇ। ਇਸ ਸਮੇਂ ਗਲੋਬਲ ਪੰਜਾਬ ਟੀ. ਵੀ. ਵੱਲੋਂ ਗੁਰੂਘਰ ਦੇ ਪ੍ਰਚਾਰਕ ਭਾਰੀ ਪਰਮਿੰਦਰ ਸਿੰਘ ਜੀ ਨਾਲ ਚਲ ਰਹੇ ਸਮਾਗਮਾਂ ਬਾਰੇ ਗੱਲਬਾਤ ਕੀਤੀ ਗਈ। ਇੰਨਾਂ ਸਮਾਗਮਾਂ ਦੌਰਾਨ ਰੋਜ਼ਾਨਾ ਸੰਗਤਾਂ ਗੁਰੂ ਹਾਜ਼ਰੀਆਂ ਭਰਦੀਆਂ ਹਨ ਅਤੇ ਗੁਰੂ ਦੇ ਲੰਗਰ ਲਗਾਤਾਰ ਚਲਦੇ ਹਨ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਮਹੀਨਾਵਾਰ ਪ੍ਰੋਗਰਾਮ

**ਬੇ-ਏਰੀਆ–** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ ਜਨਵਰੀ ਮਹੀਨੇ ਦਾ ਪ੍ਰੋਗਰਾਮ ਜਨਵਰੀ 29, 2017 ਐਤਵਾਰ ਨਿਊਵਾਰਕ ਪਵੀਲੀਅਨ 6430 ਥੋਰਨਟਨ ਐਵੀਨਿਊ ਨਿਊਵਾਰਕ 94560 ਵਿਖੇ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮ ਦੇ ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਕਰਵਾਈ ਜਾ ਰਹੀ ਹੈ। ਵਾਹਿਗੁਰੂ ਸਭ ਸੰਗਤਾਂ ਨੂੰ ਚੜ੍ਹਦੀ ਕਲਾ ਬਖਸ਼ੇ। ਇਸ ਸਭਾ ਦੇ ਸੇਵਾਦਾਰ ਆਪ ਸਭ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਨਕਿ ਆਪਣੇ ਪਰਿਵਾਰਾਂ ਸਮੇਤ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਸ ਪ੍ਰੋਗਰਾਮ ਤੇ ਪ੍ਰਸਿੱਧ ਕੀਰਤਨਕਾਰ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਦੀ ਬਾਣੀ ਨਾਲ ਜੋੜਨਗੇ। ਪ੍ਰੋਗਰਾਮ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ ਚੱਲੇਗਾ।

# ਜਗਦੇਵ ਸਿੰਘ ਧੰਜਲ ਦਾ ਨਵਾਂ ਗੀਤ "ਪੰਜਾਬ ਦਾ ਬੂਟਾ" ਫਰਿਜ਼ਨੋ ਵਿੱਖੇ ਲੋਕ ਅਰਪਨ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਚੋਣਾਂ ਦਾ ਮੌਸਮ ਸਿਰਤੇ ਹੋਣ ਕਰਕੇ ਹਰਕੋਈ ਪੰਜਾਬ ਪ੍ਰਤੀ ਦਰਦ ਰੱਖਣ ਵਾਲਾ ਇਨਸਾਨ ਪੰਜਾਬ ਪ੍ਰਤੀ ਚਿੰਤਤ ਹੈ ਅਤੇ ਉਹ ਪੰਜਾਬ ਵਿੱਚ ਸਿਆਸੀ ਬਦਲਾਵ ਲਿਆਉਣ ਲਈ ਆਪੋ ਆਪਣੇ ਤਰੀਕੇ ਨਾਲ ਯੋਗਦਾਨ ਪਾ ਰਿਹਾ ਹੈ। ਇਸ ਕਾਰਜ਼ ਲਈ ਬਹੁਤ ਸਾਰੇ ਗਾਇਕ ਵੀਰ ਵੀ ਆਪਣੇ ਗੀਤਾਂ ਰਾਹੀਂ ਪੰਜਾਬੀਆਂ ਨੂੰ ਜਗਾਉਣ ਲਈ ਲਗਾਤਾਰ ਉਪਰਾਲਾ ਕਰਦੇ ਆ ਰਹੇ ਹਨ। ਇਸੇ ਕੜੀ ਤਹਿਤ ਗਜ਼ਲਗੋ ਜਗਦੇਵ ਸਿੰਘ ਨੇ ਪੱਪੀ ਭਦੌੜ ਦੀ ਕਲਮ ਤੋਂ ਲਿਖਿਆ ਗੀਤ "ਪੰਜਾਬ ਦਾ ਬੂਟਾ" ਐਮ ਟਰੈਕ ਇੰਟਰਟੇਂਨਮੈਂਟ ਦੇ ਬੈਨਰ ਹੇਠ ਗੀਤਕਾਰ ਮੱਖਣ ਲੁਹਾਰ ਦੀ ਦੇਖ ਰੇਖ ਹੇਠ ਸ਼ਤੀਸ ਮਹਿਮੀ ਦੇ ਸੰਗੀਤ ਵਿੱਚ ਲੋਕ ਅਰਪਨ ਕੀਤਾ ਹੈ। ਇਹ ਗੀਤ ਇੱਕ ਸਾਦੇ ਸਮਾਗਮ ਦੌਰਾਨ ਫਰਿਜ਼ਨੋ ਵਿਖੇ ਰਲੀਜ਼ ਕੀਤਾ ਗਿਆ, ਇਸ ਗੀਤ ਸਬੰਧੀ ਗੱਲਬਾਤ ਕਰਦਿਆਂ ਗਾਇਕ ਜਗਦੇਵ ਸਿੰਘ ਨੇ ਕਿਹਾ ਕਿ ਇਹ ਗੀਤ ਇਕੱਲੇ ਮੇਰੇ ਦਿੱਲ ਦੀ ਹੂਕ ਨਹੀਂ ਬਲਕਿ ਹਰ ਓਸ ਪੰਜਾਬੀ ਦੇ ਦਿੱਲ ਦਾ ਦਰਦ ਹੈ ਜਿਹੜਾ ਪੰਜਾਬ ਨੂੰ ਪਿਆਰ ਕਰਦਾ ਹੈ। ਇਹ ਗੀਤ ਪੰਜਾਬੀਆਂ ਨੂੰ ਜਗਾਉਦਾ ਹੈ ਕਿਵੇਂ ਪਿਛਲੇ ਸਮੇਂ




ਦੌਰਾਂਨ ਹੁਕਮਰਾਨਾਂ ਵੱਲੋਂ ਸਾਡੇ ਗੁਰੂ ਗ੍ਰੰਥ ਸਹਿਬ ਦੀ ਬੇਅਦਬੀ ਹੋਈ, ਨਸ਼ੇ ਵਿੱਚ ਜਵਾਨੀ ਗਰਕੀ, ਪੁਲਿਸ ਤਸ਼ੱਦਦ, ਧਰਤੀ ਮਾਂ ਨੂੰ ਇਨ੍ਹਾਂ ਲੀਡਰਾਂ ਨੇ ਰੋਗੀ ਕੀਤਾ ਪਿਆ ਹੈ, ਇਥੋਂ ਤੱਕ ਕਿ ਪੰਜ-ਆਬ ਦੀ ਧਰਤੀ ਦਾ ਪਾਣੀ ਵੀ ਜ਼ਹਿਰੀ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਇਹ ਗੀਤ ਪੰਜਾਬੀਆਂ ਨੂੰ ਝੰਜੋੜਨ ਲਈ ਹੈ ਕਿ ਵੋਟ ਪਾਉਣ ਲੱਗੇ ਮੱਤ ਦੀ ਵਰਤੋ ਕਰਿਓ ਕਿ ਕੀ ਅਸੀ ਖੂਨ ਚੂਸਣੇ ਲੀਡਰ ਸੱਤਾ ਤੇ ਬਿਠਾਉਣੇ ਹਨ ਜਾਂ ਆਮ ਲੋਕਾਂ ਦੀ ਸਰਕਾਰ ਬਣਾਉਣੀ ਹੈ। ਉਹਨਾਂ ਕਿਹਾ ਕਿ ਇਹ ਗੀਤ ਅਸੀ ਪੰਜਾਬੀਆਂ ਲਈ ਮੁਫ਼ਤ ਵਿੱਚ ਯੂ ਟਿਊਬ, ਆਈ ਟਿਊਨਜ਼ ਅਤੇ ਹੋਰ ਸ਼ੋਸ਼ਲ ਮੀਡੀਏ ਜਰੀਏ ਮੁਹੱਈਆ ਕਰਵਾਇਆ ਹੈ ਅਤੇ ਪੰਜਾਬੀਆਂ ਨੂੰ ਗੁਜ਼ਾਰਸ਼ ਹੈ ਕਿ ਇੱਕ ਵਾਰੀ ਇਹ ਗੀਤ ਜਰੂਰ ਸੁਣਿਓ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦੇਸ਼ ਦੁਆਬਾ

## ਗਣਤੰਤਰ ਦਿਵਸ ਅਤੇ ਭਾਰਤੀ ਸੰਵਿਧਾਨ

26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਣ ਦੇ ਨਾਲ ਹੀ ਭਾਰਤ ਦੇ ਹਰੇਕ ਨਾਗਰਿਕ ਨੂੰ ਬਰਾਬਰੀ ਦਾ ਦਰਜਾ ਅਤੇ ਬਰਾਬਰ ਦੇ ਅਧਿਕਾਰ ਮਿਲੇ। ਭਾਰਤੀ ਸੰਵਿਧਾਨ ਦੁਨੀਆਂ ਦੇ ਉਹਨਾਂ ਆਦਰਸ਼ ਸੰਵਿਧਾਨਾਂ ਵਿਚੋਂ ਇਕ ਹੈ, ਜਿਸ ਨੇ ਦੁਨੀਆਂ ਦੀ ਸਭ ਤੋਂ ਵੱਡੀਆਂ ਸਮਾਜਿਕ, ਰਾਜਨੀਤਿਕ, ਆਰਥਿਕ ਕ੍ਰਾਂਤੀਆਂ ਵਿਚੋਂ ਇਕ ਮੰਨੀ ਜਾਂਦੀ ਭਾਰਤੀ ਸਮਾਜ ਅੰਦਰ ਜਾਤੀਪਾਤੀ ਸਿਸਟਮ ਨੂੰ ਬਦਲਣ 'ਚ ਕ੍ਰਾਂਤੀ ਲਿਆਂਦੀ। ਸਦੀਆਂ ਤੋਂ ਰਾਜਾਸ਼ਾਹੀ ਅਤੇ ਵਿਦੇਸ਼ੀ ਹੁਕਮਰਾਨਾਂ ਦੀ ਭੰਨੀ ਭਾਰਤੀ ਜਨਤਾ ਨੂੰ ਭਾਰਤੀ ਸੰਵਿਧਾਨ ਨੇ ਇਹ ਅਹਿਸਾਸ ਕਰਵਾਇਆ ਕਿ ਉਹ ਕਿਸੇ ਦੇ ਗੁਲਾਮ ਨਹੀਂ ਅਤੇ ਹੁਣ ਗੁਲਾਮਾਂ ਦੇ ਵੀ ਗੁਲਾਮ ਹਨ। ਸੰਵਿਧਾਨ ਨੇ ਭਾਰਤ ਦੇ ਹਰੇਕ ਵਿਅਕਤੀ ਨੂੰ ਇਕ ਬਰਾਬਰ ਕਰ ਦਿੱਤਾ। ਭਾਰਤ ਵਿਚ ਰਾਜੇ ਦਾ ਨਹੀਂ ਬਲਕਿ ਜਨਤਾ ਦਾ ਰਾਜ ਲਿਆਂਦਾ ਅਤੇ ਇਸ ਨੇ ਰਾਜੇ ਅਤੇ ਰੰਕ ਨੂੰ ਇਕ ਕਤਾਰ ਵਿਚ ਲਿਆ ਖੜ੍ਹਾ ਕੀਤਾ। ਹੁਣ ਰਾਜਿਆਂ ਦੇ ਘਰ ਰਾਜੇ ਨਹੀਂ ਜੰਮ ਸਕਣਗੇ।

ਭਾਰਤੀ ਸੰਵਿਧਾਨ ਨੇ ਭਾਰਤੀ ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ ਖਤਮ ਕਰਨ ਲਈ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਭਾਰਤ ਦੀ ਦੱਬੀ-ਕੁਚਲੀ ਇਕ ਤਿਹਾਈ ਆਬਾਦੀ ਨੂੰ ਆਜ਼ਾਦ ਫਿਜ਼ਾ ਵਿਚ ਵਿੱਚਰਨ ਦਾ ਮੌਕਾ ਮਿਲਿਆ। ਸਮਾਜ ਵਿਚ ਫੈਲੀ ਜਾਤ-ਪਾਤ, ਛੂਤ-ਛਾਤ, ਆਰਥਿਕ ਸਮਾਜਿਕ ਨਾਬਰਾਬਰੀ ਨੂੰ ਖਤਮ ਕਰਨ ਦੀ ਦਿਸ਼ਾ ਵਿਚ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਵੱਡੀ ਪੁਲਾਂਘ ਪੁੱਟੀ ਗਈ। ਦੁਨੀਆਂ ਭਰ ਦੇ ਮੁਲਕਾਂ ਨਾਲੋਂ ਭਾਰਤੀ ਸੰਵਿਧਾਨ ਵਿਸਥਾਰਿਤ ਅਤੇ ਹਰ ਵਰਗ, ਪ੍ਰਸ਼ਾਸਨ ਦੇ ਹਰ ਖੇਤਰ ਅਤੇ ਸਰਕਾਰ ਨੂੰ ਕੰਟਰੋਲ ਕਰਦਾ ਹੈ। ਜਨਤਾ ਅਤੇ ਸਰਕਾਰ ਵਿਚਕਾਰ ਤਵਾਜਨ ਬਣਾ ਕੇ ਚੱਲਣ ਦੀ ਨੀਤੀ ਉਲੀਕਦੇ ਭਾਰਤੀ ਸੰਵਿਧਾਨ ਦੇ ਜਨਮਦਾਤਾ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਨੇ ਸੰਵਿਧਾਨ ਦਾ ਨਿਰਮਾਣ ਕਰਨ ਤੋਂ ਪਹਿਲਾਂ ਦੁਨੀਆਂ ਭਰ ਦੇ ਸੰਵਿਧਾਨਾਂ ਅਤੇ ਸਿਸਟਮਾਂ ਦੀ ਪੜਚੋਲ ਕੀਤੀ। ਜਨਤਾ ਦੀਆਂ ਮੁਸ਼ਕਿਲਾਂ, ਜਨਤਾ ਦੇ ਹੱਥਾਂ ਵਿਚ ਤਾਕਤ ਪਹੁੰਚਾਉਣੀ, ਜਨਤਾ ਨੂੰ ਸ਼ਾਸ਼ਕਾਂ ਦੇ ਨੱਕ ਵਿਚ ਨਕੇਲ ਪਾਉਣ ਦੀ ਤਾਕਤ ਦੇਣ ਵਾਲਾ ਲਚਕੀਲਾ ਅਤੇ ਕਠੋਰ ਦੋਵੇਂ ਕਿਸਮ ਦਾ ਸੰਵਿਧਾਨ ਕਰਨ ਲਈ ਡਾ. ਅੰਬੇਡਕਰ ਨੂੰ ਸਖਤ ਮਿਹਨਤ ਕਰਨੀ ਪਈ। ਭਾਰਤ ਆਪਣੀਆਂ ਸਮਾਜਿਕ ਬੁਰਾਈਆਂ ਨੂੰ ਪਛਾੜ ਕੇ ਕਿਸ ਤਰ੍ਹਾਂ ਬਰਾਬਰੀ ਵਾਲੇ ਸਮਾਜ ਵੱਲ ਵਧੇ, ਇਸ ਪੱਖੋਂ ਸਮਾਜ ਦੇ ਦੱਬੇ-ਕੁਚਲੇ ਲਤਾੜੇ ਵਰਗ ਨੂੰ ਆਰਥਿਕ ਪੱਖੋਂ ਉਚਾ ਚੁੱਕਣ ਦੀ ਵਿਵਸਥਾ ਕੀਤੀ ਗਈ।

ਅੱਜ ਭਾਰਤੀ ਸੰਵਿਧਾਨ ਦੁਨੀਆਂ ਭਰ ਲਈ ਆਦਰਸ਼ ਸੰਵਿਧਾਨ ਮੰਨਿਆ ਜਾਂਦਾ ਹੈ। ਬੇਸ਼ੱਕ ਭਾਰਤੀ ਸੰਵਿਧਾਨ ਨੂੰ ਵਿਗਾੜਨ ਵਾਲੀਆਂ ਤਾਕਤਾਂ ਸਰਗਰਮ ਹਨ ਪਰ ਭਾਰਤੀ ਨਾਗਰਿਕ ਜੇਕਰ ਜਾਗਰੂਕ ਰਹਿੰਦਾ ਹੈ, ਆਪਣੇ ਹੱਕਾਂ ਨੂੰ ਸਮਝਦਾ-ਪਛਾਣਦਾ ਹੈ ਅਤੇ ਸੰਵਿਧਾਨ ਦੇ ਆਦਰਸ਼ਾਂ ਪ੍ਰਤੀ ਚੌਕਸ ਰਹਿੰਦਾ ਹੈ ਤਾਂ ਸਮੇਂ ਦੀਆਂ ਫਿਰਕੂ ਤਾਕਤਾਂ ਦੀਆਂ ਸੰਵਿਧਾਨ ਵਿਗਾੜਨ ਦੀਆਂ ਕੋਸ਼ਿਸ਼ਾਂ ਨਾਕਾਮ ਹੁੰਦੀਆਂ ਰਹਿਣਗੀਆਂ। ਕੁਝ ਤਾਕਤਾਂ ਬੇਸ਼ੱਕ ਭਾਰਤ ਵਿਚ ਭ੍ਰਿਸ਼ਟਾਚਾਰ, ਅੱਨਿਆ, ਪ੍ਰਸ਼ਾਸਨਿਕ ਬੇਨੇਮੀਆਂ ਦੇ ਲਈ ਭਾਰਤੀ ਸੰਵਿਧਾਨ ਦੇ ਸਿਰ ਦੋਸ਼ ਕੱਢਦੇ ਹਨ ਪਰ ਇਹ ਉਹਨਾਂ ਦੀ ਸੌੜੀ ਸੋਚ ਹੈ।

ਭਾਰਤੀ ਸੰਵਿਧਾਨ ਭਾਰਤ ਨੂੰ ਆਦਰਸ਼ ਸਟੇਟ ਬਣਾਉਣ ਵਿਚ ਅੜਿੱਕਾ ਨਹੀਂ, ਬਲਕਿ ਸਮੇਂ ਦੇ ਹਾਕਮਾਂ ਦੀ ਬਦਨੀਅਤੀ ਇਸ ਲਈ ਜ਼ਿੰਮੇਵਾਰ ਹੈ। ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅੱਜ ਵੀ ਭਾਰਤੀ ਨਾਗਰਿਕਾਂ ਨੂੰ ਗਿਆਨ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅੱਜ ਦੀਆਂ ਊਣਤਾਈਆਂ ਦੇ ਲਈ ਭਾਰਤੀ ਸੰਵਿਧਾਨ ਵਿਚ ਦੋਸ਼ ਕੱਢਣ ਵਾਲਿਆਂ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਇਸ ਸੰਵਿਧਾਨ ਨੇ ਭਾਰਤ ਦੇ ਰਵਾਇਤੀ ਅੱਨਿਆ ਤੇ ਆਧਾਰਿਤ ਸਮਾਜ ਨੂੰ ਨਿਆਂਮੁਖੀ ਰਸਤਾ ਦਿਖਾਇਆ ਹੈ। ਭਾਰਤ ਹਰ ਸਾਲ 26 ਜਨਵਰੀ ਨੂੰ ਕੌਮੀ ਤਿਉਹਾਰ ਵਜੋਂ ਮਨਾਉਂਦਾ ਹੈ। ਬਿਹਤਰ ਹੋਵੇਗਾ ਕਿ ਨਾਗਰਿਕਾਂ ਨੂੰ ਭਾਰਤੀ ਸੰਵਿਧਾਨ ਦੀਆਂ ਵਿਲੱਖਣਤਾਵਾਂ ਸਬੰਧੀ ਜਾਗਰੂਕ ਕਰਨ ਦੀ ਇਸ ਵਾਰ ਤਹੱਈਆ ਕੀਤਾ ਜਾਵੇ। ਮੌਜੂਦਾ ਅਤੇ ਭਵਿੱਖ ਵਿਚ ਸਹੀ ਵਿਅਕਤੀ ਚੁਣ ਕੇ ਭੇਜਣ ਲਈ ਸਾਨੂੰ ਵੋਟ ਦੀ ਸਹੀ ਵਰਤੋਂ ਸਹੀ ਵਿਅਕਤੀ ਲਈ ਹੀ ਕਰਨੀ ਚਾਹੀਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-19

## ਕਾਦਰ ਦੀ ਕੁਦਰਤ ਬਾਰੇ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਕੁਦਰਤ ਅਰਬੀ ਦਾ ਲਫਜ਼ ਹੈ ਪਰ ਹੁਣ ਪੰਜਾਬੀ ਵਿੱਚ ਹਰਮਨ ਪਿਆਰਾ ਹੋ ਚੁੱਕਾ ਹੈ ਕਿਉਂਕਿ ਪੰਜਾਬੀ ਭਾਸ਼ਾ ਦਾ ਹਾਜਮਾਂ ਬਾਕੀ ਭਾਸ਼ਾਵਾਂ ਨਾਲੋਂ ਤਾਕਤਵਰ ਅਤੇ ਪੰਜਾਬੀ ਕਰੀਬ ਹਰੇਕ ਭਾਸ਼ਾ ਦੇ ਲਫਜ਼ ਨੂੰ ਸੌਖਿਆਂ ਹੀ ਆਪਣੇ ਨਾਲ ਮਿਲਾ ਲੈਂਦੀ ਹੈ। ਕੁਦਰਤ, ਕੁਦਰਤੁ, ਕੁਦਰਤੀ ਅਤੇ ਕੁਦਰਤਿ ਆਦਿਕ ਰੂਪਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿਖੇ ਆਇਆ ਹੈ। ਭਾਈ ਕਾਨ੍ਹ ਸਿੰਘ ਨ੍ਹਾਭਾ ਦੇ ਮਹਾਨ ਕੋਸ਼ ਅਨੁਸਾਰ-ਕੁਦਰਤਿ=ਤਾਕਤ-ਸ਼ਕਤੀ-ਮੇਰੇ ਵਿੱਚ ਕੀ ਤਾਕਤ ਜਾਂ ਮੇਰੀ ਕੀ ਪਾਂਇਆ ਹੈ ਕਿ ਤੇਰੀ ਕੁਦਰਤ ਬਾਰੇ ਮੁਕੰਮਲ ਵਿਚਾਰ ਕਰ ਸਕਾਂ-ਕੁਦਰਤਿ ਕਵਣ ਕਹਾ ਵੀਚਾਰੁ॥ ਕੁਦਰਤਿ=ਮਾਇਆ ਅਤੇ ਕਰਤਾਰ ਦੀ ਰਚਨਾ-ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥(੪੬੩) ਕੁਦਰਤ=ਤਮਾਸ਼ਾ-ਪਾਉਣ, ਪਾਣੀ, ਅੱਗ, ਧਰਤੀ ਦੀ ਖਾਕ ਆਦਿਕ ਤੱਤ ਸਾਰੇ ਤੇਰਾ ਹੀ ਤਮਾਸ਼ਾ ਹਨ-ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥(੪੬੪) ਕੁਦਰਤੀ=ਕੁਦਰਤ ਤੋਂ-ਹੇ ਕਰਤੇ ਮੈ ਤੇਰੀ ਕੁਦਰਤ ਤੋਂ ਬਲਿਹਾਰ ਹਾਂ- ਬਲਿਹਾਰੀ ਕੁਦਰਤਿ ਵਸਿਆ॥(੪੬੯) ਅਤੇ ਕੁਦਰਤਿ=ਕਾਦਰ ਦਾ ਪ੍ਰਕਾਸ਼-ਉਹ ਨੂਰ ਜੋ ਬਨਾਵਟੀ ਨਹੀਂ-ਵ੍ਰਹਿਆ ਦਰਗਹ ਗੁਰੂ ਕੀ ਕੁਦਰਤੀ ਨੂਰੁ॥ (੯੬੭) ਭਾਵ ਕੁਦਰਤ ਉਹ ਜੋ ਰਚੀ ਗਈ, ਜੋ ਪ੍ਰਕਾਸ਼ ਪਾ ਗਈ, ਜਿਸ ਤੋਂ ਇਹ ਪ੍ਰਕਾਸ਼ ਪਾਉਂਦੀ, ਉਹ ਕਾਦਰ ਸਦਾ ਇੱਕ ਰਸ ਅਤੇ ਜੋ ਪ੍ਰਕਾਸ਼ ਲੈਂਦੀ, ਉਹ ਕੁਦਰਤ ਬਦਲਣਹਾਰ ਹੈ। ਸੋ ਕੁਦਰਤ ਪ੍ਰਕਾਸ਼ ਅਤੇ ਜਿਸ ਤੋਂ ਪ੍ਰਕਾਸ਼ਦੀ ਉਹ ਕਾਦਰ ਹੈ। ਕੁਦਰਤਿ=ਕਲਾ-ਸੰਸਾਰ ਦੀ ਅਦਭੁੱਤ ਕਲਾਕਾਰੀ। ਕੁਦਰਤਿ=ਰੱਬ ਦਾ ਸਰਗੁਣ ਰੂਪ-ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ (੧੩੪੯) ਨੇਚਰ-ਅੰਗ੍ਰੇਜੀ ਵਿੱਚ ਕੁਦਰਤ ਨੂੰ ਨੇਚਰ ਬਿਆਨ ਕੀਤਾ ਗਿਆ ਹੈ।

ਜਪਜੀ ਸਾਹਿਬ ਵਿਖੇ ਅਸੰਖ ਦੀਆਂ ਪਾਉੜੀਆਂ ਵਿੱਚ ਕੁਦਰਤੀ ਜੀਵਾਂ ਅਤੇ ਪਦਾਰਥਾਂ ਦੀਆਂ ਸੰਖਿਆ ਦੀਆਂ ਵੰਨਗੀਆਂ (ਕੈਟਾਗਰੀਆਂ) ਦਿੱਤੀਆਂ ਹਨ ਜੋ ਅਸੰਖ ਭਾਵ ਅਣਗਿਣਤ ਹਨ। ਆਸਾ ਦੀ ਵਾਰ ਵਿਖੇ ਵੀ ਜੋ ਕਾਦਰ ਅਤੇ ਕੁਦਰਤ ਦੀ ਪਉੜੀ ਹੈ ਉਸ ਵਿੱਚ ਸੰਖਿਆ (ਗਿਣਤੀ) ਕਰਕੇ ਕੁਦਰਤ ਹੇਠ ਆਉਣ ਵਾਲੇ ਸਾਰੇ ਪਦਾਰਥਾਂ ਦੀ ਵੱਖ ਵੱਖ ਵੰਨਗੀ (ਕੈਟਾਗਿਰੀ) ਦਿੱਤੀ ਹੈ-ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥(464)

ਹੇ ਪ੍ਰਭੂ! ਜੋ ਕੁਝ ਦਿੱਸ ਰਿਹਾ ਹੈ ਤੇ ਜੋ ਕੁਝ ਸੁਣਿਆ ਜਾ ਰਿਹਾ ਹੈ, ਇਹ ਸਭ ਤੇਰੀ ਹੀ ਕਲਾ ਹੈ। ਇਹ ਭਉ ਜੋ ਸੁਖਾਂ ਦਾ ਮੂਲ ਹੈ, ਇਹ ਭੀ ਤੇਰੀ ਕੁਦਰਤ ਹੈ। ਪਤਾਲਾਂ ਤੇ ਅਕਾਸ਼ਾਂ ਵਿੱਚ ਤੇਰੀ ਹੀ ਕੁਦਰਤ ਹੈ, ਇਹ ਸਾਰਾ ਅਕਾਰ (ਜਗਤ) ਜੋ ਦਿੱਸ ਰਿਹਾ ਹੈ, ਤੇਰੀ ਹੀ ਅਚਰਜ ਖੇਡ ਹੈ। ਵੇਦ, ਪੁਰਾਣ ਤੇ ਕਤੇਬਾਂ ਤੇ ਹੋਰ ਭੀ ਸਾਰੀ ਵਿਚਾਰ-ਸੱਤਾ ਤੇਰੀ ਹੀ ਕਲਾ ਹੈ। ਜੀਵਾਂ ਦਾ ਖਾਣ, ਪੀਣ, ਪੈਨ੍ਹਣ ਦਾ ਵਿਹਾਰ ਅਤੇ ਜਗਤ ਵਿੱਚ ਸਾਰਾ ਪਿਆਰ ਦਾ ਜਜ਼ਬਾ, ਇਹ ਸਭ ਤੇਰੀ ਕੁਦਰਤ ਹੈ। ਜਾਤਾਂ, ਜਿਨਸਾਂ, ਰੰਗਾਂ ਅਤੇ ਜਗਤ ਦੇ ਜੀਵਾਂ ਵਿੱਚ ਤੇਰੀ ਹੀ ਕੁਦਰਤ ਵਰਤ ਰਹੀ ਹੈ। ਜਗਤ ਵਿਚ ਕਿਤੇ ਭਲਾਈ ਦੇ ਕੰਮ ਹੋ ਰਹੇ ਤੇ ਕਿਤੇ ਵਿਕਾਰ ਹਨ। ਕਿਤੇ ਕਿਸੇ ਦਾ ਆਦਰ ਹੋ ਰਿਹਾ ਤੇ ਕਿਤੇ ਅਹੰਕਾਰ ਪ੍ਰਧਾਨ ਹੈ। ਪਉਣ, ਪਾਣੀ, ਅੱਗ, ਧਰਤੀ ਦੀ ਖ਼ਾਕ ਆਦਿਕ ਤੱਤ ਸਾਰੇ ਤੇਰਾ ਹੀ ਤਮਾਸ਼ਾ ਹਨ। ਹੇ ਪ੍ਰਭੂ! ਸਭ ਤੇਰੀ ਕਲਾ ਵਰਤ ਰਹੀ ਹੈ, ਤੂੰ ਕੁਦਰਤ ਦਾ ਮਾਲਕ ਅਤੇ ਤੂੰ ਹੀ ਇਸ ਖੇਲ ਦਾ ਰਚਨਹਾਰ ਹੈਂ। ਤੇਰੀ ਵਡਿਆਈ ਸੁੱਚੀ ਤੋਂ ਸੁੱਚੀ ਅਤੇ ਤੂੰ ਆਪ ਪਵਿੱਤ੍ਰ ਹਸਤੀ ਵਾਲਾ ਹੈਂ। ਹੇ ਨਾਨਕ! ਨਿਰੰਕਾਰ ਇਸ ਸਾਰੀ ਕੁਦਰਤ ਨੂੰ ਆਪਣੇ ਹੁਕਮ ਵਿੱਚ ਰੱਖ ਕੇ ਸਭ ਦੀ ਸੰਭਾਲ ਕਰ ਰਿਹਾ ਤੇ ਸਭ ਥਾਈਂ, ਇਕੱਲਾ ਆਪ ਹੀ ਆਪ ਮੌਜੂਦ ਹੈ।

ਕਰਤਾਰ ਆਪ ਵਿਸਮਾਦ, ਉਸ ਦੇ ਭੰਡਾਰੇ ਅਤੁੱਟ, ਬੇਅੰਤ ਅਤੇ ਉਸ ਦੀ ਕੁਦਰਤ ਵੀ ਬਿਸਮਾਦ ਹੈ-ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥(੫੬੪) ਕਰਤਾਰ ਦੀਆਂ ਕੁਦਰਤੀ ਦਾਤਾਂ ਹਵਾ, ਪਾਣੀ, ਅੱਗ, ਪ੍ਰਕਾਸ਼ ਅਤੇ ਪਦਾਰਥ ਅਤੁੱਟ ਹਨ। ਉਸ ਦੇ ਅਜਿਹੇ ਭੰਡਾਰੇ ਹਰ ਵੇਲੇ ਕੁਦਰਤੀ ਭਰੇ ਰਹਿੰਦੇ ਹਨ-ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ॥੭॥(੫੩) ਜੋ ਕੁਝ ਸੁਣ ਅਤੇ ਦਿਸ ਰਿਹਾ ਹੈ, ਉਸ ਦੀ ਕੁਦਰਤ ਹੈ-ਜੋ ਦੀਸੈ ਸੋ ਤੇਰਾ ਰੂਪੁ॥ (੭੨੪) ਕੁਦਰਤ ਕਾਦਰ ਦੀ ਰਚਨਾ ਸ਼ਕਤੀ ਤੋਂ ਲੈ ਕੇ, ਮਾਇਆ ਦੇ ਬਹੁਭਾਂਤੀ ਪਸਾਰੇ ਨੂੰ ਆਪਣੇ ਵਿੱਚ ਸਮੇਟਣ ਵਾਲੀ ਤਾਕਤ, ਕਰਤੇ ਦਾ ਨਿਰਗੁਣ ਤੇ ਸਰਗੁਣ ਸਰੂਪ, ਈਸ਼ਵਰਤਾ, ਪ੍ਰਕਾਸ਼ ਰੂਪ, ਸਤਾ ਅਤੇ ਪ੍ਰਕਿਰਤੀ ਦੀ ਟੋਹ ਦੇਣ ਵਾਲੀ ਉਹ ਹਸਤੀ ਹੈ ਜਿਸ ਬਾਰੇ ਗੁਰੂ ਨਾਨਕ ਸਾਹਿਬ ਦਰਸਾਂਦੇ ਹਨ-ਸਚੀ ਤੇਰੀ ਸਿਫਤ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥ (੪੬੩) ਕਾਦਰ ਨਾਲ ਸੱਚੇ ਦਿਲੋਂ ਜੁੜੇ ਲੋਕ ਹੀ ਐਸੀ ਕੁਦਰਤ ਦੇ ਨਜਾਰੇ ਤੇ ਰਹੱਸ ਦਾ ਅਨੰਦ ਮਾਣ ਅਤੇ ਕੁਦਰਤ ਬਾਰੇ ਬਹੁਤ ਕੁਝ ਜਾਣ ਸਕਦੇ ਹਨ। ਕੁਦਰਤ ਮਹਾਂ ਸਾਗਰ ਤੇ ਜੀਵ ਮੱਛੀਆਂ ਨੇ, ਜੋ ਉਸ ਵਿੱਚ ਜੀਵਤ ਅਤੇ ਬਾਹਰ ਮੁਰਦੇ ਹਨ। ਕਾਦਰ ਕੁਦਰਤਿ ਤੇ ਕੁਦਰਤਿ ਹੀ ਕਾਦਰ ਹੈ-ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ (੨੮੯) ਕਰਤਾਰ ਵੀ ਬਿਅੰਤ ਅਤੇ ਉਸ ਦੀ ਰਚਨਾ ਕੁਦਰਤਿ ਵੀ ਬਿਅੰਤ ਜਿਸ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ। ਸੋ ਲਫਜਾਂ ਦੇ ਪ੍ਰਕਰਣ ਅਨੁਸਾਰ ਭਾਵ ਅਰਥ ਲੈਣੇ ਚਾਹੀਦੇ ਹਨ ਨਾਂ ਕਿ ਕੇਵਲ ਅੱਖਰੀ ਅਰਥ। **(ਚਲਦਾ)**

## ਟੋਕਰੇ ਬਣਾਉਣ ਵਾਲਾ ਸਫ਼ਲ ਕਾਰੀਗਰ 'ਭਗਵਾਨ ਦਾਸ ਉਰਫ਼ ਭਾਂਡਾ'



ਤਸਵਿੰਦਰ ਸਿੰਘ ਬੜੈਚ
91-98763-22677

ਅਜੋਕੇ ਮਸ਼ੀਨੀਕਰਨ ਦੇ ਯੁੱਗ 'ਚ ਟੋਕਰਿਆਂ ਦੀ ਕਦਰ ਘਟਦੀ ਜਾ ਰਹੀ ਹੈ। ਪੰਜਾਬੀ ਸੱਭਿਆਚਾਰ 'ਚ ਆਪਣੀ ਵਿਸੇਸ ਥਾਂ ਰੱਖਣ ਵਾਲਾ ਟੋਕਰਾ ਹੁਣ ਬੀਤੇ ਸਮੇਂ ਦੀਆਂ ਗੱਲਾਂ ਬਣਦਾ ਜਾ ਰਿਹਾ ਹੈ। ਘਰੇਲੂ ਕੰਮਾਂ 'ਚ ਕੰਮ ਆਉਣ ਵਾਲਾ ਇਹ ਪੇਂਡੂ ਸੰਦ ਹੋਰ ਪੁਰਾਤਨ, ਪੇਂਡੂ ਸੰਦਾ ਵਾਂਗ ਅਲੋਪ ਹੁੰਦਾ ਜਾ ਰਿਹਾ ਹੈ ਅਤੇ ਟੋਕਰੇ ਬਣ-ਾਉਣ ਵਾਲੇ ਕਾਰੀਗਰ ਵੀ ਵਿਰਲੇਂ-ਟਾਂਵੇਂ ਰਹਿ ਗਏ ਹਨ। ਬਹੁਤੇ ਕਾਰੀਗਰਾਂ ਤੇ ਕਾਰੀਗਰਾਂ ਦੀ ਔਲਾਦ ਨੇ ਇਸ ਨੂੰ ਤਿਲਾਜਲੀ ਦੇ ਕੇ ਹੋਰ ਧੰਦਿਆ ਵੱਲ ਹੱਥ ਕਰ ਲਿਆ ਹੈ। ਟੋਕਰੇ ਬਣਾ ਕੇ ਗੁਜ਼ਾਰਾ ਕਰਨ ਵਾਲੇ ਕਾਰੀਗਰ ਹੁਣ ਉਂਗਲਾਂ 'ਤੇ ਗਿਣਨ ਜੋਗੇ ਰਹਿ ਗਏ ਹਨ। ਅਜਿਹੇ ਹੀ ਗਿਣਵੇਂ- ਚੁਣਵੇਂ ਰਹਿ ਗਏ ਕਾਰੀਗਰਾਂ ਵਿਚੋ ਇਕ ਹੈ ਭਗਵਾਨ ਦਾਸ। ਜਿਸ ਨੂੰ ਲੋਕ ਭਾਂਡਾ ਕਹਿ ਕੇ ਵੀ ਬੁਲਾਉਂਦੇ ਹਨ। ਜਿਸ ਨੇ ਅੱਜ ਵੀ ਪੰਜਾਬ 'ਚੋ ਅਲੋਪ ਹੋ ਰਹੀ ਇਸ ਹਸਤਕਲਾ ਨੂੰ ਜੀਵਤ ਰੱਖਿਆ ਹੋਇਆ ਹੈ। ਭਗਵਾਨ ਦਾਸ ਨੇ ਅੱਜ ਵੀ ਇਸ ਕਲਾ ਨੂੰ ਕਿੱਤੇ ਵਜੋ ਆਪਣਾ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਰੋਜ਼ੀ ਰੋਟੀ ਦਾ ਵਸੀਲਾ ਬਣਾਇਆ ਹੋਇਆ ਹੈ। ਬੇਸੱਕ ਉਸ ਦਾ ਅਤੇ ਉਸ ਦੇ ਪਰਿਵਾਰ ਦਾ ਢਿੱਡ ਭਰਨ ਦਾ ਇਹ ਇਕ ਵਸੀਲਾ ਹੈ, ਪਰ ਉਸ ਦਾ ਮੁੱਖ ਮਕਸਦ ਤਾਂ ਇਸ ਕਲਾ ਦਾ ਪ੍ਰਚਾਰ ਅਤੇ ਪਸਾਰ ਕਰਨਾ ਹੈ। ਅਲੋਪ ਹੋ ਰਹੇ ਇਸ ਸੱਭਿਆਚਾਰਕ ਵਿਰਸੇ ਨੂੰ ਸੁਰਜੀਤ ਰੱਖਣ ਲਈ ਉਹ ਅਜੇ ਵੀ ਤਤਪਰ ਹੈ। ਜਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦੇ ਪਿੰਡ ਦੀਵਾਲਾ ਦੇ ਇਸ ਵਸ਼ਿੰਦੇ ਦਾ ਕਹਿਣਾ ਹੈ ਕਿ ਉਸ ਨੇ ਬਜੁਰਗ ਹੋਣ ਦੇ ਨਾਤੇ ਆਪਣੇ ਵਿਰਸੇ ਨੂੰ ਮਨ 'ਚ ਵਸਾ ਕੇ ਰੱਖਿਆ ਹੋਇਆ ਹੈ ਤੇ ਉਹ ਟੋਕਰੇ ਬਣਾਉਣ ਨੂੰ ਪਹਿਲ ਦੇ ਰਿਹਾ ਹੈ। ਉਸ ਨੇ ਅੱਗੇ ਦੱਸਿਆ ਕਿ ਉਹ ਰੋਜਾਨਾ ਦੋ-ਤਿੰਨ ਟੋਕਰੇ- ਟੋਕਰੀਆ ਤਿਆਰ ਕਰ ਲੈਂਦਾ ਹੈ, ਜੋ ਕਿ 150-200 ਰੁਪਏ ਦੇ ਹਿਸਾਬ ਨਾਲ ਹੱਥੋ-ਹੱਥ ਵਿਕ ਜਾਂਦੇ ਹਨ। ਭਗਵਾਨ ਦਾਸ ਦੇ ਬਣਾਏ ਟੋਕਰਿਆ ਦੀ ਉਮਰ ਕਈ ਵਰ੍ਹੇ ਤੱਕ ਹੁੰਦੀ, ਜਦੋ ਕਿ ਬਾਜਾਰ 'ਚੋ ਮਿਲਣ ਵਾਲੇ ਟੋਕਰਿਆਂ ਦੀ ਜਿਥੇ ਲੰਬੀ ਮਿਆਦ ਨਹੀਂ ਹੈ, ਉਥੇ ਜਿਆਦਾ ਮਜ਼ਬੂਤੀ ਵੀ ਨਹੀਂ ਹੈ। ਜਿਥੇ ਭਗਵਾਨ ਦਾਸ ਵਧੀਆ ਕਿਸਮ ਦੇ ਟੋਕਰੇ-ਟੋਕਰੀਆ, ਛਿੱਕੂ ਤੇ ਛਾਬੇ ਲੋਕਾ ਨੂੰ ਬਣਾ ਕੇ ਖੂਬ ਨਾਮਣਾ ਖੱਟ ਰਿਹਾ ਹੈ, ਉਥੇ ਉਹ ਆਪਣੀ ਮੁਹਾਰਤ ਦਾ ਜਲਵਾ ਵੀ ਲੋਕਾਂ ਨੂੰ ਵਿਖਾ ਰਿਹਾ ਹੈ। ਉਸ ਦੀਆਂ ਤਿਆਰ ਕੀਤੀਆਂ ਵੱਖ- ਵੱਖ ਚੀਜਾਂ ਦੇ ਲੋਕ ਗੁਣ ਗਾਉਂਦੇ ਨਹੀ ਥੱਕਦੇ। ਸਮਰਾਲਾ ਪਾਇਲ ਰੋਡ 'ਤੇ ਆਪਣੀ ਦੁਕਾਨ ਖੋਲ੍ਹ ਕੇ ਬੈਠੇ ਇਸ ਕਾਰੀਗਰ ਨੇ ਆਪਣੇ ਜਨੂੰਨ ਅਤੇ ਹਿੰਮਤ ਸਦਕਾ ਇਸ ਕਿੱਤੇ ਵਿਚੋ ਵਧੀਆਂ ਆਮਦਨ ਪ੍ਰਾਪਤ ਕਰ ਰਿਹਾ ਹੈ ਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਇਸ ਧੰਦੇ ਵਿਚ





ਵਿਅਸਥ ਵੀ ਕੀਤਾ ਹੋਇਆ ਹੈ। ਟੋਕਰੇ ਤਿਆਰ ਕਰਨ ਦੇ ਕਿਤੇ ਨਾਲ ਜੁੜਿਆ ਇਹ ਸ਼ਖ਼ਸ ਰਾਜਗਿਰੀ ਵਿਚ ਚੰਗੀ ਮੁਹਾਰਤ ਰੱਖਦਾ ਹੈ। ਜਦੋ ਤੂਤ ਦੀਆਂ ਛਟੀਆਂ ਦੀ ਕਮੀ ਹੁੰਦੀ ਹੈ ਤਾਂ ਉਹ ਰਾਜਗਿਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਵਰਤ ਕੇ ਆਪਣੇ ਪਰਿਵਾਰ ਦਾ ਤੋਰੀ-ਫੁਲਕਾ ਤੋਰ ਲੈਂਦਾ ਹੈ। ਭਗਵਾਨ ਦਾਸ ਨੇ ਆਪਣਾ ਘਰ ਚਲਾਉਣ ਲਈ ਹੋਰ ਵੀ ਕੰਮ ਕੀਤੇ, ਪਰ ਉਸ ਦਾ ਅਸਲ ਮਨੋਰਥ ਸਿਰਫ ਤੇ ਸਿਰਫ ਟੋਕਰੇ ਬਣਾਉਣਾ ਹੀ ਹੈ। ਅੱਜ ਟੋਕਰੇ ਬਣਾਉਣ ਨੂੰ ਹੀ ਉਹ ਆਪਣਾ ਅਸਲ ਰੁਜਗਾਰ ਮੰਨਦਾ ਹੈ। ਭਾਵੇਂ ਉਹ ਪੜ੍ਹਾਈ ਨਹੀਂ ਕਰ ਸਕਿਆ ਪਰ ਉਨ੍ਹਾਂ ਦੀ ਸੂਝ-ਬੂਝ ਸਦਕਾ ਉਸਦੇ ਘਰ 'ਚ ਖੁਸ਼ਹਾਲੀ ਹੈ। ਭਗਵਾਨ ਦਾਸ ਨੇ ਟੋਕਰੇ ਦੀ ਬਣਤਰ ਬਾਰੇ ਦੱਸਦਿਆਂ ਕਿਹਾ ਕਿ ਪਹਿਲਾ ਤੂਤ ਦੀਆਂ ਦਰਮਿਆਨੀਆਂ, ਪਤਲੀਆਂ ਅੱਧ ਸੁੱਕੀਆਂ ਲਚਕਦਾਰ ਟਾਹਣੀਆਂ ਨੂੰ ਸਾਫ ਕੀਤਾ ਜਾਂਦਾ ਹੈ ਫਿਰ ਇਸ ਤੋਂ ਬਾਅਦ ਧਰਤੀ ਵਿਚ ਛੋਟਾ ਜਿਹਾ ਟੋਆ ਪੁੱਟ ਕੇ ਤਿਆਰ ਕਰਕੇ ਰੱਖੀਆਂ ਦਸ-ਬਾਰ੍ਹਾਂ ਨਰੋਈਆਂ ਤੇ ਲੰਮੀਆਂ ਛਟੀਆਂ ਨੂੰ ਟੋਏ ਵਿਚ ਉੱਤਰ-ਦੱਖਣ ਤੇ ਪੂਰਬ-ਪੱਛਮ ਨੂੰ ਪਲੱਸ ਦੀ ਸ਼ਕਲ ਵਿਚ ਰੱਖਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਪੈਰਾਂ ਹੇਠਾਂ ਦੱਬਿਆ ਜਾਂਦਾ ਹੈ। ਫਿਰ ਇਹਨਾਂ ਦੁਆਲੇ ਪਤਲੀਆਂ ਛਟੀਆਂ ਨੂੰ ਇਕ ਛਟੀ ਹੇਠਾਂ ਤੇ ਇਕ ਛਟੀ ਉੱਪਰ ਕਰ ਕੇ ਵਾਰ ਦਿੱਤਾ ਜਾਂਦਾ ਹੈ। ਜਿਹੜੀ ਛਟੀ ਲੰਘ ਜਾਂਦੀ ਹੈ ਉਸ ਨੂੰ ਪੁੱਠੇ ਦਾਤਰ ਨਾਲ ਠੋਕ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਈ ਵਾਰ ਦੇਣ ਤੋਂ ਬਾਅਦ ਇਕ ਮਜ਼ਬੂਤ ਟੋਕਰਾ ਤਿਆਰ ਹੋ ਜਾਂਦਾ ਹੈ। ਇਸੇ ਤਰ੍ਹਾਂ ਛਿੱਕੂ ਤੇ ਛਾਬੇ ਬਣਾਏ ਜਾਂਦੇ ਹਨ। ਸਮੇਂ ਦੇ ਨਾਲ -ਨਾਲ ਤੇਜ਼ ਤਰਾਰ ਜਿੰਦਗੀ ਅਤੇ ਆਧੁਨਿਕ ਯੁੱਗ ਦੀ ਚਕਾਚੌਂਧ ਵਿਚ ਪੇਂਡੂ ਜੀਵਨ ਦੀਆਂ ਕਈ ਪੁਰਾਤਨ ਵਿਰਸੇ ਨਾਲ ਜੁੜੀਆਂ ਸੱਭਿਆਚਾਰਕ ਸਮਾਜਿਕ ਗਤੀਵਿਧੀਆਂ 'ਚ ਭਾਰੀ ਤਬਦੀਲੀ ਆ ਚੁੱਕੀ ਹੈ। ਅਜੋਕਾ ਯੁੱਗ ਪਦਾਰਥਵਾਦੀ ਹੋਣ ਕਰਕੇ ਅੱਜ ਦਾ ਇਨਸਾਨ ਲਾਲਸਾ ਅਤੇ ਮਸ਼ੀਨੀ ਯੁੱਗ 'ਚ ਗਵਾਚਦਾ ਜਾ ਰਿਹਾ ਹੈ। ਵਿਗਿਆਨਕ ਤਕਨੀਕ, ਵਧੀਆਂ ਲੋੜਾਂ ਅਤੇ ਬਜ਼ਾਰੂ ਸੱਭਿਆਚਾਰ ਦੀ ਤਰੱਕੀ 'ਚ ਹੱਥੀ ਕੀਤੇ ਜਾਣ ਵਾਲੇ ਕੰਮ ਅਲੋਪ ਹੁੰਦੇ ਜਾ ਰਹੇ ਹਨ। ਅਜੋਕੀ ਪੀੜ੍ਹੀ ਹੱਥੀ ਕੰਮ ਸਿੱਖਣ ਨੂੰ ਤਰਜੀਹ ਨਹੀਂ ਦੇ ਰਹੀ। ਇਸੇ ਕਰਕੇ ਟੋਕਰਿਆਂ ਵਾਲਾ ਇਹ ਕਿੱਤਾ ਵੀ ਸਮੇਂ ਦੀ ਧੂੜ 'ਚ ਲੁਪਤ ਹੁੰਦਾ ਜਾ ਰਿਹਾ ਹੈ, ਪਰ ਭਗਵਾਨ ਦਾਸ ਉਮਰ ਦੇ ਸੱਤਵੇਂ ਦਹਾਕੇ ਵਿਚ ਵੀ ਅਲੋਪ ਹੋ ਰਹੀ ਇਸ ਵਿਰਾਸਤ ਨੂੰ ਜਿਊਂਦਾ ਰੱਖਣ ਲਈ ਅਜੇ ਵੀ ਤਤਪਰ ਹੈ। ਉਸ ਦਾ ਇਹ ਉਪਰਾਲਾ ਸਲਾਘਾਯੋਗ ਹੈ। ਪਰਮਾਤਮਾ, ਇਸ ਕਾਰੀਗਰ ਨੂੰ ਲੰਬੀ ਉਮਰ ਬਖਸ਼ੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਕਾਲੀ ਦਲ ਨੇ ਵਾਅਦਿਆਂ ਅਤੇ ਰਿਆਇਤਾਂ ਦੀ ਕੀਤੀ ਵਰਖਾ

**ਲੁਧਿਆਣਾ–** ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਥੇ ਪੰਜਾਬ ਵਿਧਾਨ ਸਭਾ ਚੋਣਾਂ- 2017 ਲਈ ਜਾਰੀ ਕੀਤੇ ਗਏ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਾਅਦਿਆਂ ਅਤੇ ਰਿਆਇਤਾਂ ਦੀ ਵਰਖਾ ਕੀਤੀ ਗਈ। ਚੋਣ ਮਨੋਰਥ ਪੱਤਰ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਪ੍ਰੈਸ ਕਾਨਫਰੰਸ ਕਰ ਕੇ ਜਾਰੀ ਕੀਤਾ। 52 ਸਫ਼ਿਆਂ ਦੇ ਇਸ ਪੱਤਰ ਦਾ ਵਿਸ਼ਲੇਸ਼ਣ ਕਰਦਿਆਂ ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਤੀਜੀ ਵਾਰ ਬਣਨ ਜਾ ਰਹੀ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮਕਸਦ ਪੰਜਾਬ ਦੇ ਇਨਫਰਾਸਟਰੱਕਚਰ ਨੂੰ ਵਿਸ਼ਵ ਪੱਧਰੀ ਤਰੀਕੇ ਨਾਲ ਵਿਕਸਿਤ ਕਰਨਾ ਹੋਵੇਗਾ। ਪੰਜਾਬ ਦੇ ਕਿਸਾਨਾਂ ਨੂੰ ਕਰਜ਼ਾ ਮੁਕਤ ਕੀਤਾ ਜਾਵੇਗਾ, ਡੇਢ ਸੌ ਕਿਲੋਮੀਟਰ ਦੇ ਘੇਰੇ ਵਿੱਚ ਜਹਾਜ਼ਾਂ ਦੇ ਅੱਡੇ ਬਣਾਏ ਜਾਣਗੇ, ਲੋਕਾਂ ਨੂੰ ਸੁਰੱਖਿਆ ਕਵਚ ਦੇਣ ਲਈ ਪਿੰਡਾਂ-ਸ਼ਹਿਰਾਂ ਦੀਆਂ ਹੱਦਾਂ 'ਤੇ ਸੀਸੀਟੀਵੀ ਕੈਮਰੇ ਲਾਏ ਜਾਣਗੇ, 20 ਲੱਖ ਨੌਕਰੀਆਂ ਪੈਦਾ ਕੀਤੀਆਂ ਜਾਣਗੀਆ, ਸਨਅਤੀ ਹੱਬ ਬਣਾਏ ਜਾਣਗੇ ਅਤੇ ਨਿਊ ਚੰਡੀਗੜ੍ਹ ਤੇ ਅੰਮ੍ਰਿਤਸਰ ਸ਼ਹਿਰ ਸੈਰ-ਸਪਾਟੇ ਨੂੰ ਸਮਰਪਿਤ ਹੋਣਗੇ। ਸ੍ਰੀ ਬਾਦਲ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਦੇ ਵੱਡੇ-ਛੋਟੇ 160 ਸ਼ਹਿਰਾਂ ਕਸਬਿਆਂ ਵਿੱਚ ਸੀਵਰੇਜ, ਪਾਣੀ ਅਤੇ ਅੰਦਰੂਨੀ ਸੜਕਾਂ ਨੂੰ 90 ਫੀਸਦੀ ਆਧੁਨਿਕ ਦਿੱਖ ਪ੍ਰਦਾਨ ਕੀਤੀ ਗਈ ਹੈ। ਬਾਕੀ ਰਹਿੰਦਾ ਕੰਮ ਅਗਲੇ ਇੱਕ ਸਾਲ ਵਿੱਚ ਪੂਰਾ ਹੋ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ 12000 ਪਿੰਡਾਂ ਨੂੰ ਆਧੁਨਿਕ ਇਨਫਰਾਸਟੱਕਚਰ ਨਾਲ ਜੋੜ ਕੇ ਪਿੰਡਾਂ ਤੇ ਸ਼ਹਿਰਾਂ ਦੇ ਫਰਕ ਨੂੰ ਖ਼ਤਮ ਕੀਤਾ ਜਾਵੇਗਾ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਨਾਲ 5 ਏਕੜ ਵਾਲੇ ਕਿਸਾਨਾਂ ਨੂੰ ਬਿਨਾਂ ਵਿਆਜ 2 ਲੱਖ ਰੁਪਏ ਤੱਕ ਕਰਜ਼ੇ ਦੀਆਂ ਲਿਮਟਾਂ ਬਣਾਕੇ ਦਿੱਤੀਆਂ ਜਾਣਗੀਆਂ ਤੇ ਵਿਆਜ ਦੇ ਪੈਸੇ ਸਰਕਾਰ ਸਰਕਾਰ ਅਦਾ ਕਰੇਗੀ। ਕਿਸਾਨਾਂ ਨੂੰ ਮੁਫ਼ਤ ਬਿਜਲੀ ਅੱਠ ਦੀ ਥਾਂ 10 ਘੰਟੇ ਦਿੱਤੀ ਜਾਵੇਗੀ, ਮੁਹਾਲੀ ਅਤੇ ਅੰਮ੍ਰਿਤਸਰ ਆਈ.ਟੀ. ਹੱਬ ਬਣਾਏ ਜਾਣਗੇ, ਰਾਜਪੁਰੇ ਵਿੱਚ ਢਾਈ ਸੌ ਏਕੜ ਜ਼ਮੀਨ ਵਿੱਚ ਇੰਡਸਟ੍ਰੀਅਲ ਹੱਬ ਬਣੇਗਾ। ਹਰ ਜ਼ਿਲ੍ਹੇ ਵਿੱਚ ਗਰੀਬ ਬੱਚਿਆਂ ਲਈ ਮੈਰੀਟੋਰੀਅਸ ਸਕੂਲ ਖੋਲ੍ਹੇ ਜਾਣਗੇ, ਸਰਕਾਰੀ ਸਕੂਲਾਂ ਦੇ 12ਵੀਂ ਪਾਸ ਟੌਪਰ ਬੱਚਿਆ ਨੂੰ ਸਰਕਾਰ ਵਿਦੇਸ਼ਾਂ ਵਿੱਚ ਮੁਫਤ ਪੜ੍ਹਾਈ ਲਈ ਭੇਜੇਗੀ, ਸ਼ਗਨ ਸਕੀਮ 51000 ਰੁਪਏ ਕੀਤੀ ਜਾਵੇਗੀ। ਉਨ੍ਹਾਂ ਅੰਤ ਵਿੱਚ ਕਿਹਾ ਕਿ ਆਟਾ-ਦਾਲ ਦੇ ਨਾਲ ਖੰਡ 10 ਰੁਪਏ ਅਤੇ ਘਿਉ 25 ਰੁਪਏ ਕਿਲੋ ਦਿੱਤਾ ਜਾਵੇਗਾ। ਇਸ ਮੌਕੇ ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ, ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ ਆਦਿ



ਆਗੂ ਵੀ ਹਾਜ਼ਰ ਸਨ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਨਵਜੋਤ ਸਿੰਘ ਸਿੱਧੂ ਨਾਲ ਉਨ੍ਹਾਂ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਏ ਜਾਣ ਦੀ ਗੱਲਬਾਤ ਹੋ ਚੁੱਕੀ ਹੈ। ਕਾਂਗਰਸ ਵਾਲੇ ਕੈਪਟਨ ਨੂੰ ਤਾਂ ਐਵੇਂ ਹੀ ਤੋਰੀ ਫਿਰਦੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਤਾਂ ਕੈਪਟਨ ਨਾਲ ਕੋਈ ਰਿਸ਼ਤੇਦਾਰੀ ਨਹੀਂ ਪੈਂਦੀ ਪ੍ਰੰਤੂ ਫੂਲਕਾ ਤੇ ਜਗਦੀਸ਼ ਟਾਈਟਲਰ ਦੇ ਆਪਸੀ ਕਾਰੋਬਾਰ ਜ਼ਰੂਰ ਸਾਂਝੇ ਹਨ।

### ਬੁਨਿਆਦੀ ਮੁੱਦੇ ਗਾਇਬ

ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੇਵਲ ਦਸ ਦਿਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੇ ਗਏ ਚੋਣ ਮੈਨੀਫੈਸਟੋ ਨਾਲ ਪ੍ਰਮੁੱਖ ਪਾਰਟੀਆਂ ਵੱਲੋਂ ਚੋਣ ਮਨੋਰਥ ਪੱਤਰ ਜਾਰੀ ਕਰਨ ਦੀ ਰਸਮ ਪੂਰੀ ਹੋ ਗਈ ਹੈ। ਇਨ੍ਹਾਂ ਸਾਰੇ ਚੋਣ ਮਨੋਰਥ ਪੱਤਰਾਂ ਵਿੱਚ ਖੇਤੀ, ਕਿਸਾਨੀ, ਬੇਰੁਜ਼ਗਾਰੀ, ਨਸ਼ਿਆਂ ਵਰਗੇ ਅਹਿਮ ਮੁੱਦਿਆਂ ਬਾਰੇ ਬੁਨਿਆਦੀ ਨੀਤੀਗਤ ਫ਼ੈਸਲਿਆਂ ਦੀ ਝਲਕ ਦੀ ਥਾਂ ਵੱਖ-ਵੱਖ ਵਰਗਾਂ ਨੂੰ 'ਤੋਹਫ਼ੇ' ਦੇਣ 'ਤੇ ਜ਼ੋਰ ਦਿੱਤਾ ਗਿਆ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ. ਜਗਰੂਪ ਸਿੰਘ ਸੇਖੋਂ ਅਨੁਸਾਰ ਚੋਣ ਮਨੋਰਥ ਪੱਤਰਾਂ ਦਾ ਕੋਈ ਮਤਲਬ ਨਹੀਂ ਹੈ ਕਿਉਂਕਿ ਇਹ ਲੰਮੇ ਸਮੇਂ ਤੋਂ ਰਸਮੀ ਕਾਰਵਾਈ ਤੱਕ ਸੀਮਤ ਹਨ, ਕੋਈ ਕਾਨੂੰਨੀ ਜਵਾਬਦੇਹੀ ਨਹੀਂ ਹੈ। ਲੋਕ ਵੀ ਪੁਰਾਣੇ ਵਾਅਦਿਆਂ ਬਾਰੇ ਕੋਈ ਜਵਾਬ ਮੰਗਦੇ ਦਿਖਾਈ ਨਹੀਂ ਦੇ ਰਹੇ। ਆਮ ਆਦਮੀ ਪਾਰਟੀ ਨੇ ਵੱਖ ਵੱਖ ਵਰਗਾਂ ਲਈ ਅਲੱਗ ਅਲੱਗ ਚੋਣ ਮਨੋਰਥ ਪੱਤਰ ਐਲਾਨ ਕੇ ਇੱਕ ਨਵੀਂ ਪਿਰਤ ਪਾਈ ਸੀ, ਪਰ ਖੇਤੀ ਨੂੰ ਲਾਹੇਵੰਦ ਬਣਾਉਣ ਦੇ ਮੁੱਦੇ ਉੱਤੇ ਕਿਸੇ ਵੀ ਪਾਰਟੀ ਨੇ ਕੋਈ ਨੀਤੀਗਤ ਤਬਦੀਲੀ ਦਾ ਸੰਕੇਤ ਤੱਕ ਨਹੀਂ ਦਿੱਤਾ।

ਅਕਾਲੀ ਦਲ ਨੇ ਕਣਕ ਅਤੇ ਝੋਨੇ ਉੱਤੇ ਘੱਟੋ ਘੱਟ ਸਮਰਥਨ ਮੁੱਲ ਤੋਂ ਇਲਾਵਾ 100 ਰੁਪਏ ਕੁਇੰਟਲ ਬੋਨਸ ਦੇਣ ਦਾ ਵਾਅਦਾ ਕਰ ਦਿੱਤਾ ਹੈ। ਪਾਰਟੀਆਂ ਦਾ ਵਾਅਦਾ ਪੂਰਾ ਕੀਤਾ ਜਾਵੇ ਤਾਂ ਅਕਾਲੀ ਦਲ ਨੂੰ ਘੱਟੋ ਘੱਟ 2500 ਕਰੋੜ ਅਤੇ 'ਆਪ' ਤੇ ਕਾਂਗਰਸ ਨੂੰ ਪੰਜ ਹਜ਼ਾਰ ਕਰੋੜ ਹੋਰ ਚਾਹੀਦੇ ਹਨ। ਅਕਾਲੀ ਦਲ ਨੇ ਛੋਟੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਹੈ। ਮੁਫ਼ਤ ਬਿਜਲੀ ਸਭ ਦਾ ਸਾਂਝਾ ਮੁੱਦਾ ਹੈ। ਇਸ ਸਬੰਧੀ ਪੈਸਾ ਕਿੱਥੋਂ ਆਵੇਗਾ ਕਿਸੇ ਨੇ ਚੋਣ ਮਨੋਰਥ ਪੱਤਰ ਵਿੱਚ ਖ਼ੁਲਾਸਾ ਨਹੀਂ ਕੀਤਾ। ਖ਼ੁਦਕੁਸ਼ੀ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਲਈ ਬਣਾਈ ਨੀਤੀ ਲਾਗੂ ਰਹੇਗੀ ਜਾਂ ਕੋਈ ਹੋਰ ਨੀਤੀ ਬਣੇਗੀ, ਅਕਾਲੀ ਦਲ ਨੇ ਕੋਈ ਜ਼ਿਕਰ ਨਹੀਂ ਕੀਤਾ। ਇੱਕ ਦਿਲਚਸਪ ਗੱਲ ਵਿਦੇਸ਼ਾਂ ਵਿੱਚ ਇੱਕ ਲੱਖ ਏਕੜ ਜ਼ਮੀਨ ਖ਼ਰੀਦਣ ਦੀ ਹੈ। ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਕਿਸੇ ਨੇ ਵੀ ਕਿਸਾਨ ਅਤੇ ਖ਼ਪਤਕਾਰ ਦਰਮਿਆਨ ਵੱਧ ਮੁਨਾਫ਼ਾ ਕਮਾਉਣ ਵਾਲੇ ਵਿਚੋਲੇ ਦਾ ਜ਼ਿਕਰ ਨਹੀਂ ਕੀਤਾ। 'ਸ਼ਾਹੂਕਾਰਾ ਪ੍ਰਬੰਧ' ਦੇ ਡਰੋਂ ਇਸ ਉੱਤੇ ਧਾਰੀ 'ਖਾਮੋਸ਼ੀ' ਕਿਸਾਨੀ ਖੇਤਰ ਦੀ ਬਿਹਤਰੀ ਕਿਵੇਂ ਕਰ ਸਕੇਗੀ? ਪੰਜਾਬ ਦੇ ਬੇਰੁਜ਼ਗਾਰਾਂ ਦੀ ਗਿਣਤੀ ਨੂੰ ਲੈ ਕੇ ਜ਼ਰੂਰ ਉਲਝਣ ਪੈਦਾ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ 20 ਲੱਖ, 'ਆਪ' ਨੇ 25 ਲੱਖ ਅਤੇ ਕਾਂਗਰਸ ਨੇ ਹਰ ਪਰਿਵਾਰ ਦੇ ਇੱਕ ਮੈਂਬਰ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਹੈ।

ਸਿੱਖਿਆ ਸ਼ਾਸਤਰੀ ਡਾ. ਪੀ.ਐਲ. ਗਰਗ ਅਨੁਸਾਰ ਇੱਕੋ ਜਿਹੀ ਵਿੱਦਿਆ ਕਿਸੇ ਦਾ ਏਜੰਡਾ ਨਹੀਂ ਹੈ। ਸਭ ਨੇ ਵਿੱਦਿਅਕ ਪ੍ਰਬੰਧ ਸੁਧਾਰਨ ਦੇ ਦਾਅਵੇ ਕੀਤੇ ਹਨ, ਪਰ ਬਹੁਤ ਕੁਝ ਹੈ ਜਿਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਪ੍ਰਕਾਸ਼ ਸਿੰਘ ਬਾਦਲ ਦਾ ਮਨਭਾਉਂਦਾ ਆਦਰਸ਼ ਸਕੂਲਾਂ ਦਾ ਅਸਫ਼ਲ ਹੋ ਚੁੱਕਾ ਮੁੱਦਾ ਚੋਣ ਮਨੋਰਥ ਪੱਤਰ ਚੋਂ ਹਟਾ ਦਿੱਤਾ ਗਿਆ ਹੈ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਤੋਂ ਇਨਕਾਰ ਕਰਦੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਨਸ਼ਿਆਂ ਖ਼ਿਲਾਫ਼ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ। ਅਕਾਲੀ ਦਲ-ਭਾਜਪਾ ਵੱਲੋਂ 25 ਰੁਪਏ ਕਿੱਲੋ ਘਿਓ ਅਤੇ 10 ਰੁਪਏ ਕਿੱਲੋ ਖੰਡ ਦੇਣ ਦਾ ਵਾਅਦਾ ਪਹਿਲਾਂ ਨਾਲੋਂ ਵੱਖਰਾ ਵਾਅਦਾ ਹੈ। ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪਹਿਲਾਂ ਸਸਤਾ ਆਟਾ ਅਤੇ ਦਾਲ ਦੇਣ ਕਾਰਨ ਸੂਬੇ ਦੀਆਂ ਪੰਜ ਕਾਰਪੋਰੇਸ਼ਨਾਂ ਕਰਜ਼ਾਈ ਹੋ ਗਈਆਂ ਹਨ, ਜੇ ਨਵਾਂ ਵਾਅਦਾ ਲਾਗੂ ਕਰਨਾ ਹੋਵੇ ਤਾਂ ਪਹਿਲਾਂ ਹੀ ਸੰਕਟ ਵਿੱਚ ਚੱਲ ਰਹੀ ਸ਼ੂਗਰਫੈੱਡ ਅਤੇ ਮਿਲਕਫੈੱਡ ਵੀ ਬਰਬਾਦੀ ਵੱਲ ਚਲੀਆਂ ਜਾਣਗੀਆਂ ਕਿਉਂਕਿ ਸਰਕਾਰ ਉਨ੍ਹਾਂ ਨੂੰ ਸਾਮਾਨ ਦੇਣ ਲਈ ਕਹਿ ਕੇ ਸਾਲਾਂ ਤੱਕ ਪੈਸਾ ਹੀ ਨਹੀਂ ਦਿੰਦੀਆਂ।

# ਭਾਜਪਾ ਤੇ ਆਰ ਐਸ ਐਸ 'ਘੁਰਕੀਆਂ' ਤੋਂ ਬਾਜ਼ ਆਉਣ: ਮਾਇਆਵਤੀ

**ਲਖਨਊ–** ਬਸਪਾ ਪ੍ਰਧਾਨ ਮਾਇਆਵਤੀ ਨੇ ਰਾਖਵਾਂਕਰਨ ਖ਼ਤਮ ਕਰਨ ਦੀਆਂ ਧਮਕੀਆਂ ਦੇਣ ਵਾਲੀ ਭਾਜਪਾ ਤੇ ਆਰਐਸਐਸ ਨੂੰ ਬਾਜ਼ ਆਉਣ ਲਈ ਕਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਟਿੱਪਣੀਆਂ ਨਾਲ ਭਗਵਾ ਜਥੇਬੰਦੀਆਂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੋਹਰਾ ਚਿਹਰਾ ਜੱਗ ਜ਼ਾਹਰ ਹੋਇਆ ਹੈ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਇਆਵਤੀ ਨੇ ਕਿਹਾ ਕਿ ਕੋਈ ਵੀ ਸਰਕਾਰ ਖ਼ਾਸ ਤੌਰ 'ਤੇ ਭਾਜਪਾ ਤੇ ਆਰਐਸਐਸ ਰਾਖਵਾਂਕਰਨ ਦਾ ਅਧਿਕਾਰ ਖੋਹ ਨਹੀਂ ਸਕਦੀ। ਜੇ ਮੋਦੀ ਸਰਕਾਰ ਨੇ ਰਾਖਵਾਂਕਰਨ ਖ਼ਤਮ ਕਰਨ ਲਈ ਕਾਨੂੰਨ ਲਿਆਂਦਾ ਤਾਂ ਲੋਕ ਇਨ੍ਹਾਂ ਨੂੰ ਅਜਿਹਾ ਸਬਕ ਸਿਖਾਉਣਗੇ ਕਿ ਉਹ ਸਿਆਸਤ ਕਰਨਾ ਭੁੱਲ ਜਾਣਗੇ। ਉਹ ਆਰਐਸਐਸ ਆਗੂ ਮਨਮੋਹਨ ਵੈਦਿਆ ਦੀ ਰਾਖਵਾਂਕਰਨ ਨੀਤੀ ਦੀ ਸਮੀਖਿਆ ਵਾਲੇ ਬਿਆਨ ਦਾ ਜਵਾਬ ਦੇ ਰਹੇ ਸਨ। ਮਾਇਆਵਤੀ ਨੇ ਕਿਹਾ ਕਿ ਭਾਜਪਾ ਤੇ ਆਰ ਐਸ ਐਸ ਨੂੰ ਰਾਖਵਾਂਕਰਨ ਖ਼ਤਮ ਕਰਨ ਦੀਆਂ 'ਬਾਂਦਰ ਘੁਰਕੀਆਂ' ਤੋਂ ਬਾਜ਼ ਆਉਣਾ ਚਾਹੀਦਾ ਹੈ। ਰਾਖਵਾਂਕਰਨ ਸੰਵਿਧਾਨਕ ਅਧਿਕਾਰ ਹੈ, ਜਿਹੜਾ ਉਨ੍ਹਾਂ ਨੂੰ ਅੰਬੇਦਕਰ ਨੇ ਦਿੱਤਾ ਸੀ।



### ਰਾਖਵੇਂਕਰਨ ਬਾਰੇ ਵੈਦਿਆ ਦੀਆਂ ਟਿੱਪਣੀਆਂ ਤੋਂ ਭਾਜਪਾ ਚਿੰਤਤ

ਨਵੀਂ ਦਿੱਲੀ: ਆਰਐਸਐਸ ਦੇ ਤਰ-ਜਮਾਨ ਮਨਮੋਹਨ ਵੈਦਿਆ ਵੱਲੋਂ ਰਾਖਵੇਂਕਰਨ ਦੀ ਸਮੀਖਿਆ ਦਾ ਸਮਰਥਨ ਕਰਨ ਤੋਂ ਭਾਜਪਾ ਚਿੰਤਤ ਹੈ। ਇਸ ਟਿੱਪਣੀ ਕਾਰਨ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੂੰ ਨੁਕਸਾਨ ਦੇ ਖ਼ਦਸ਼ੇ ਦੌਰਾਨ ਭਾਜਪਾ ਆਗੂਆਂ ਨੇ ਇਸ ਨੂੰ 'ਗਲਤ ਸਮੇਂ ਕੀਤੀਆਂ ਟਿੱਪਣੀਆਂ' ਕਰਾਰ ਦਿੱਤਾ ਹੈ।

ਵਿਰੋਧੀ ਧਿਰਾਂ ਹੱਥ ਮੁੱਦਾ ਲੱਗਣ ਬਾਅਦ ਉਨ੍ਹਾਂ ਨੇ ਭਾਜਪਾ ਨੂੰ 'ਰਾਖਵੇਂਕਰਨ ਵਿਰੋਧੀ' ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਕੇਂਦਰੀ ਮੰਤਰੀ ਤੇ ਭਾਜਪਾ ਦੇ ਭਾਈਵਾਲ ਰਾਮ ਵਿਲਾਸ ਪਾਸਵਾਨ ਨੇ ਅੱਜ ਕਿਹਾ ਕਿ ਰਾਖਵਾਂਕਰਨ ਕੋਈ ਦਾਨ ਨਹੀਂ। ਇਹ ਸੰਵਿਧਾਨਕ ਹੱਕ ਹੈ, ਜਿਸ ਨੂੰ ਕੋਈ ਵੀ ਖ਼ਤਮ ਨਹੀਂ ਕਰ ਸਕਦਾ।

ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਨੇ ਕਿਹਾ ਕਿ ਜੇਕਰ ਕੋਟਾ ਖ਼ਤਮ ਕਰ ਦਿੱਤਾ ਤਾਂ ਸਰਕਾਰ ਡਿੱਗ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰ ਐਸ ਐਸ ਨੂੰ ਇਕੱਠੇ ਬੈਠ ਕੇ ਮੁੱਦੇ ਹੱਲ ਕਰਨੇ ਚਾਹੀਦੇ ਹਨ ਕਿਉਂਕਿ ਅਜਿਹੇ ਬਿਆਨ ਸਰਕਾਰ ਲਈ 'ਨਮੋਸ਼ੀ' ਦਾ ਕਾਰਨ ਬਣਦੇ ਹਨ।

# ਪਰਵਾਸੀ ਪੰਜਾਬੀਆਂ ਦਾ ਵਫ਼ਦ 'ਆਪ' ਦੇ ਹੱਕ ਵਿੱਚ ਪੰਜਾਬ ਦੌਰੇ 'ਤੇ

**ਅੰਮ੍ਰਿਤਸਰ–** 'ਆਪ' ਦਾ ਸਮਰਥਨ ਕਰਨ ਲਈ ਲਗਪਗ 50 ਐਨਆਰਆਈਜ਼ ਦਾ ਵਫ਼ਦ ਅੱਜ ਹਵਾਈ ਮਾਰਗ ਰਾਹੀਂ ਇਥੇ ਪੁੱਜਾ ਹੈ, ਜਿਸ ਦਾ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ 'ਆਪ' ਦੇ ਸੀਨੀਅਰ ਆਗੂਆਂ ਵੱਲੋਂ ਸਵਾਗਤ ਕੀਤਾ ਗਿਆ। ਇਹ ਐਨਆਰਆਈ ਆਪਣੇ ਨਾਲ ਇੱਕ ਮਸ਼ਾਲ ਵੀ ਲੈ ਕੇ ਆਏ ਹਨ, ਜਿਸ ਨੂੰ ਉਮੀਦ ਦੀ ਮਸ਼ਾਲ ਨਾਂ ਦਿੱਤਾ ਗਿਆ ਹੈ। ਇਸ ਮਸ਼ਾਲ ਨੂੰ ਲੈ ਕੇ ਉਹ ਵੱਖ ਵੱਖ ਹਲਕਿਆਂ ਵਿੱਚ 'ਆਪ' ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕਰਨਗੇ। ਅੱਜ ਮਜੀਠਾ ਹਲਕੇ ਵਿੱਚ ਪ੍ਰਚਾਰ ਕੀਤਾ ਗਿਆ। ਵਫ਼ਦ ਦਾ ਸਵਾਗਤ 'ਆਪ' ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ, ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਤੇ ਕੋ ਕਨਵੀਨਰ ਜਰਨੈਲ ਸਿੰਘ ਨੇ ਕੀਤਾ। ਵਫ਼ਦ ਪ੍ਰਚਾਰ ਸ਼ੁਰੂ ਕਰਨ ਤੋਂ ਪਹਿਲਾਂ ਹਰਿਮੰਦਰ ਸਾਹਿਬ ਨਤਮਸਤਕ ਹੋਇਆ। ਪਰਵਾਸੀ ਵਲੰਟੀਅਰਾਂ ਦੇ ਵਿੰਗ ਨਾਲ ਸਬੰਧਤ 'ਆਪ ' ਦੀ ਜੁਆਇੰਟ ਸਕੱਤਰ ਸਾਰਿਕਾ ਵਰਮਾ ਨੇ ਆਖਿਆ ਕਿ ਇਨ੍ਹਾਂ ਪਰਵਾਸੀ ਵਾਲੰਟੀਅਰਾਂ ਦੀ ਆਮਦ ਨਾਲ 'ਆਪ' ਉਮੀਦਵਾਰਾਂ ਨੂੰ ਵੱਡਾ ਹੁੰਗਾਰਾ ਮਿਲੇਗਾ। ਉਨ੍ਹਾਂ ਦੱਸਿਆ ਕਿ ਪਹੁੰਚੇ ਪਰਵਾਸੀ ਪੰਜਾਬੀਆਂ ਦੀਆਂ ਕੁਝ ਟੀਮਾਂ ਬਣਾਈਆਂ ਗਈਆਂ ਹਨ ਅਤੇ 'ਚਲੋ ਪੰਜਾਬ' ਮੁਹਿੰਮ ਲਈ ਤਿਆਰ ਕੀਤੀਆਂ ਬੱਸਾਂ ਵਿੱਚ ਸਵਾਰ ਹੋ ਕੇ ਉਹ ਵੱਖ ਵੱਖ ਹਲਕਿਆਂ ਵਿੱਚ ਪ੍ਰਚਾਰ ਕਰਨਗੇ। ਉਨ੍ਹਾਂ ਦਸਿਆ ਕਿ ਮਜੀਠਾ ਹਲਕੇ ਵਿੱਚ ਰੋਡ ਸ਼ੋਅ ਕੀਤਾ ਗਿਆ ਹੈ, ਜਿੱਥੇ ਪਾਰਟੀ ਉਮੀਦਵਾਰ ਹਿੰਮਤ ਸਿੰਘ ਸ਼ੇਰਗਿੱਲ ਦੇ ਹੱਕ ਵਿੱਚ ਪ੍ਰਚਾਰ ਕੀਤਾ। ਉਨ੍ਹਾਂ ਦੱਸਿਆ ਕਿ ਕੁਝ ਟੀਮਾਂ ਬਰਨਾਲਾ, ਮਾਨਸਾ ਤੇ ਬਠਿੰਡਾ ਹਲਕਿਆਂ ਵਿੱਚ ਚੋਣ ਪ੍ਰਚਾਰ ਕਰਨਗੀਆਂ।

# ਦੁਆਬੇ ਦੇ ਬਾਗ਼ੀਆਂ ਨੇ ਨਹੀਂ ਕੀਤੀ ਕੈਪਟਨ ਦੇ ਦਬਕਿਆਂ ਦੀ ਪ੍ਰਵਾਹ

**ਜਲੰਧਰ–** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਾਗੀਆਂ ਨੂੰ ਵਾਪਸ ਆਉਣ ਦੀਆਂ ਦਿੱਤੀਆਂ ਗਈਆਂ ਚਿਤਾਵਨੀਆਂ ਦੇ ਬਾਵਜੂਦ ਬਾਗੀ ਚੋਣ ਮੈਦਾਨ ਵਿੱਚ ਡਟ ਗਏ ਹਨ। ਬੰਗਾ ਤੋਂ ਚੌਧਰੀ ਤਰਲੋਚਨ ਸਿੰਘ ਸੂੰਢ, ਨਕੋਦਰ ਤੋਂ ਗੁਰਬਿੰਦਰ ਸਿੰਘ ਅਟਵਾਲ, ਜਲੰਧਰ ਪੱਛਮੀ ਤੋਂ ਸੁਰਿੰਦਰ ਮਹੇ ਅਤੇ ਗੜ੍ਹਸ਼ੰਕਰ ਤੋਂ ਨਿਮਿਸ਼ਾ ਮਹਿਤਾ ਨੇ ਅਜਿਹੀਆਂ ਧਮਕੀਆਂ ਦੀ ਪ੍ਰਵਾਹ ਕੀਤੇ ਬਿਨਾਂ ਚੋਣ ਮੈਦਾਨ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ।

ਕਾਂਗਰਸ ਤੋਂ ਬਾਗੀ ਹੋ ਕੇ ਚੋਣ ਲੜ ਰਹੇ ਦੋ ਸੀਨੀਅਰ ਆਗੂਆਂ ਬੰਗਾ ਹਲਕੇ ਤੋਂ ਕਾਂਗਰਸ ਦੇ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ ਅਤੇ ਸਾਬਕਾ ਵਿਧਾਇਕ ਗੁਰਬਿੰਦਰ ਸਿੰਘ ਅਟਵਾਲ ਨੇ ਸਪੱਸ਼ਟ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਵਿੱਚ ਵਾਪਸ ਆਉਣ ਦੀ ਜੋ ਅਪੀਲ ਕੀਤੀ ਹੈ, ਉਹ ਉਸ ਨੂੰ ਖਾਰਜ ਕਰਦੇ ਹਨ ਅਤੇ ਲੋਕਾਂ ਦੇ ਹਿੱਤਾਂ ਲਈ ਉਹ ਆਪੋ-ਆਪਣੇ ਹਲਕਿਆਂ ਵਿੱਚ ਚੋਣ ਮੈਦਾਨ ਵਿੱਚ ਡਟੇ ਰਹਿਣਗੇ। ਕਾਂਗਰਸ ਦੀ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸ੍ਰੀਮਤੀ ਅੰਬਿਕਾ ਸੋਨੀ 'ਤੇ ਟਿਕਟ ਕਟਾਉਣ ਦਾ ਦੋਸ਼ ਲਾਉਂਦਿਆਂ ਚੌਧਰੀ ਸੂੰਢ ਨੇ ਕਿਹਾ ਕਿ ਅੰਬਿਕਾ ਸੋਨੀ ਨਹੀਂ ਚਾਹੁੰਦੇ ਕਿ ਪੰਜਾਬ ਵਿੱਚ ਕੈਪਟਨ ਦੀ ਸਰਕਾਰ ਬਣੇ। ਇਸ ਲਈ ਉਹ ਵੱਡੇ ਅੜਿੱਕੇ ਖੜ੍ਹੇ ਕਰ ਰਹੇ ਹਨ। ਚੌਧਰੀ ਸੂੰਢ ਨੇ ਪਾਰਟੀ 'ਚੋਂ ਕੱਢੇ ਜਾਣ ਦੀਆਂ ਧਮਕੀਆਂ ਛਿੱਕੇ ਟੰਗਦਿਆਂ ਬੰਗਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੀ ਪ੍ਰਤੀਬੱਧਤਾ ਦਿਖਾਈ ਹੈ। ਇੱਥੇ ਪ੍ਰੈਸ ਕਲੱਬ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਸੂੰਢ ਨੇ ਕਿਹਾ ਕਿ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤ ਕੇ ਵੀ ਉਹ ਕਾਂਗਰਸ ਨੂੰ ਹੀ ਸਮਰਥਨ ਦੇਣਗੇ। ਉਧਰ ਭੁਲੱਥ ਹਲਕੇ ਤੋਂ ਟਿਕਟ ਛੱਡ ਕੇ ਨਕੋਦਰ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਗੁਰਬਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਨਕੋਦਰ ਹਲਕੇ 'ਚੋਂ ਉਨ੍ਹਾਂ ਦਾ ਵਜੂਦ ਖ਼ਤਮ ਕਰਨ ਲਈ ਭੁਲੱਥ ਤੋਂ ਟਿਕਟ ਦਿੱਤੀ ਗਈ ਸੀ। ਸ੍ਰੀ ਅਟਵਾਲ ਨੇ ਕੈਪਟਨ ਅਮਰਿੰਦਰ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਬਾਗੀ ਉਹ ਨਹੀਂ ਬਲਕਿ ਜਿਹੜੇ ਬੰਦਿਆਂ ਨੇ ਹਾਈਕਮਾਂਡ ਨੂੰ ਧਮਕੀਆਂ ਦੇ ਕੇ ਪ੍ਰਧਾਨਗੀ ਹਾਸਲ ਕੀਤੀ ਹੈ, ਉਹ ਲੋਕ ਅਸਲੀ ਬਾਗੀ ਹਨ। ਇਸੇ ਤਰ੍ਹਾਂ ਜਲੰਧਰ ਪੱਛਮੀ ਤੋਂ ਚੋਣ ਲੜ ਰਹੇ ਸਾਬਕਾ ਮੇਅਰ ਸੁਰਿੰਦਰ ਮਹੇ ਨੇ ਕਿਹਾ ਕਿ ਉਹ ਚੋਣ ਮੈਦਾਨ ਵਿੱਚ ਪੂਰੀ ਤਰ੍ਹਾਂ ਡਟੇ ਹੋਏ ਹਨ।




ਪਾਰਟੀ ਵੱਲੋਂ ਬਾਹਰ ਦਾ ਰਸਤਾ ਦਿਖਾਏ ਜਾਣ ਬਾਰੇ ਉਨ੍ਹਾਂ ਕਿਹਾ ਕਿ ਕਾਂਗਰਸ ਪਹਿਲਾਂ ਉਨ੍ਹਾਂ ਨੂੰ ਇਹ ਦੱਸੇ ਕਿ ਪਾਰਟੀ ਨੇ ਦਿੱਤਾ ਕੀ ਸੀ, ਜਿਹੜਾ ਖੋਹ ਲਿਆ ਜਾਵੇਗਾ। ਉਧਰ ਗੜ੍ਹਸ਼ੰਕਰ ਤੋਂ ਕਾਂਗਰਸ ਦੀ ਤਰਜ਼ਮਾਨ ਨਿਮਿਸ਼ਾ ਮਹਿਤਾ ਨੇ ਚੋਣ ਸਰਗਰਮੀਆਂ ਜਾਰੀ ਰੱਖਦਿਆਂ ਕਿਹਾ ਕਿ ਚੋਣ ਮੈਦਾਨ ਵਿੱਚੋਂ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਾਂਗਰਸ ਨੂੰ ਇਹ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਨੇ ਟਿਕਟ ਕਿੰਨੇ ਗਲਤ ਉਮੀਦਵਾਰ ਨੂੰ ਦਿੱਤੀ ਹੈ।

# ਭਾਜਪਾ ਨੇ ਵੀ ਅਕਾਲੀ ਦਲ ਵਾਂਗ ਲੋਕ- ਲੁਭਾਊ ਵਾਅਦਿਆਂ ਦੀ ਝੜੀ ਲਗਾਈ

**ਜਲੰਧਰ–** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿੱਚ ਲੋਕ ਲੁਭਾਊ ਵਾਅਦਿਆਂ ਨੂੰ ਦੁਹਰਾਇਆ ਹੈ। ਭਾਜਪਾ ਨੇ ਲੋਕਾਂ ਨੂੰ ਆਟਾ-ਦਾਲ ਸਕੀਮ ਦੇ ਨਾਲ 25 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦੋ ਕਿਲੋ ਦੇਸੀ ਘਿਉ ਅਤੇ 10 ਰੁਪਏ ਕਿਲੋ ਦੇ ਹਿਸਾਬ ਨਾਲ 5 ਕਿਲੋ ਖੰਡ ਹਰ ਮਹੀਨੇ ਦੇਣ ਦਾ ਵਾਅਦਾ ਕੀਤਾ ਹੈ। ਚੋਣ ਮਨੋਰਥ ਪੱਤਰ 'ਚ ਭਾਜਪਾ ਨੇ ਗੱਠਜੋੜ ਸਰਕਾਰ ਦੀਆਂ 10 ਸਾਲ ਦੀਆਂ ਪ੍ਰਾਪਤੀਆਂ ਗਿਣਾਈਆਂ ਹਨ ਪਰ ਨੋਟਬੰਦੀ ਦਾ ਜ਼ਿਕਰ ਤੱਕ ਨਹੀਂ ਕੀਤਾ। ਉਂਜ ਸੂਬਾ ਪ੍ਰਧਾਨ ਵਿਜੈ ਸਾਂਪਲਾ ਨੇ ਨੋਟਬੰਦੀ ਨੂੰ ਚੋਣ ਮੁੱਦਾ ਬਣਾਉਣ ਦਾ ਐਲਾਨ ਕੀਤਾ ਸੀ। ਦੂਜੀਆਂ ਪਾਰਟੀਆਂ ਵਾਂਗ ਭਾਜਪਾ ਨੇ ਵੀ ਸੂਬੇ ਦੇ ਹਰ ਘਰ ਵਿੱਚ ਇੱਕ ਜਣੇ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਹੈ। ਦਲਿਤਾਂ ਨੂੰ ਪੜ੍ਹਾਈ ਲਈ 15 ਲੱਖ ਰੁਪਏ ਤੱਕ ਸਕਾਲਰਸ਼ਿਪ, ਲੜਕੀਆਂ ਨੂੰ ਪੀਐਚ ਡੀ ਤੱਕ ਮੁਫ਼ਤ ਪੜ੍ਹਾਈ, ਢਾਈ ਏਕੜ ਜਾਂ ਇਸ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਜਿਹੇ ਵਾਅਦੇ ਕੀਤੇ ਗਏ ਹਨ। ਵਪਾਰੀਆਂ ਨੂੰ ਖੁਸ਼ ਕਰਨ ਦੇ ਯਤਨ ਤਹਿਤ ਜੀਐਸਟੀ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਅਤੇ ਵੈਟ ਨੂੰ ਰਿਫੰਡ ਹੋਰ ਸਰਲ ਬਣਾਉਣ ਦੇ ਵਾਅਦੇ ਵੀ ਕੀਤੇ ਗਏ ਹਨ। ਸਿਹਤ ਬੀਮਾ, ਸਿੱਖਿਆ, ਮੁਲਾਜ਼ਮਾਂ, ਔਰਤਾਂ, ਅਤਿਵਾਦ ਤੋਂ ਪੀੜਤ ਪਰਿਵਾਰਾਂ,



ਸਾਬਕਾ ਫ਼ੌਜੀਆਂ, ਐਨਆਰਆਈ ਤੇ ਪੰਚਾਇਤਾਂ ਸਮੇਤ ਵਾਤਾਵਰਣ ਦੇ ਮੁੱਦੇ ਵੀ ਚੋਣ ਮਨੋਰਥ ਪੱਤਰ 'ਚ ਸ਼ਾਮਿਲ ਕੀਤੇ ਗਏ ਹਨ। ਸ੍ਰੀ ਜੇਤਲੀ ਨੇ ਕਿਹਾ ਕਿ ਭਾਜਪਾ ਨੇ ਚੋਣ ਮਨੋਰਥ ਪੱਤਰ ਵਿਚ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਂਝਾ ਪ੍ਰੋਗਰਾਮ ਉਲੀਕਿਆ ਹੈ। ਉਨ੍ਹਾਂ ਆਖਿਆ ਕਿ ਤੀਜੀ ਵਾਰ ਸੱਤਾ ਵਿੱਚ ਆਉਣ 'ਤੇ ਸੂਬੇ ਦੇ ਵਿਕਾਸ ਦੀ ਰਫ਼ਤਾਰ ਤੇਜ਼ ਕਰਾਂਗੇ। ਇਸ ਮੌਕੇ ਸੂਬਾ ਪ੍ਰਧਾਨ ਵਿਜੈ ਸਾਂਪਲਾ, ਚੋਣ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਕਮਲ ਸ਼ਰਮਾ, ਕੌਮੀ ਜਨਰਲ ਸਕੱਤਰ ਰਾਮਲਾਲ, ਪੰਜਾਬ ਮਾਮਲਿਆਂ ਦੇ ਇੰਚਾਰਜ ਪ੍ਰਭਾਤ ਝਾਅ, ਜਨਰਲ ਸਕੱਤਰ ਮਨਜੀਤ ਸਿੰਘ ਰਾਏ, ਰਾਜ ਸਭਾ ਮੈਂਬਰ ਸ਼ਵੇਤ ਮਲਿਕ ਅਤੇ ਪੰਜਾਬ ਭਾਜਪਾ ਦੇ ਸਕੱਤਰ ਵਿਨੀਤ ਜੋਸ਼ੀ ਸਮੇਤ ਹੋਰ ਆਗੂ ਹਾਜ਼ਰ ਸਨ।

**ਨਸ਼ਿਆਂ ਬਾਰੇ ਭਾਜਪਾ ਦੇ ਸੁਰ ਵੱਖਰੇ**

ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸੂਬੇ ਵਿੱਚ ਨਸ਼ੇ ਨਾ ਹੋਣ ਦੇ ਦਾਅਵੇ ਕਰ ਰਹੇ ਹਨ ਪਰ ਭਾਜਪਾ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਹੈ। ਚੋਣ ਮਨੋਰਥ ਪੱਤਰ 'ਚ ਕਿਹਾ ਗਿਆ ਹੈ ਕਿ ਸਰਕਾਰ ਬਣਨ 'ਤੇ ਡਰੱਗ ਮਾਫ਼ੀਏ ਖ਼ਿਲਾਫ਼ ਮੁਹਿੰਮ ਲਈ ਸਪੈਸ਼ਲ ਐਂਟੀ ਡਰੱਗ ਸਕੁਐਡ ਬਣਾਇਆ ਜਾਵੇਗਾ।

# ਪਰਵਾਸੀ ਪੰਜਾਬੀਆਂ ਦੀਆਂ ਗਤੀਵਿਧੀਆਂ ਦੀ ਚੋਣ ਕਮਿਸ਼ਨ ਕੋਲ ਸ਼ਿਕਾਇਤ

**ਚੰਡੀਗੜ੍ਹ–** ਪੰਜਾਬ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਖ਼ਾਤਰ ਆਏ ਪਰਵਾਸੀ ਭਾਰਤੀਆਂ ਦੀਆਂ ਗਤੀਵਿਧੀਆਂ ਕੁੱਝ ਸਿਆਸੀ ਧਿਰਾਂ ਨੂੰ ਰੜਕਣ ਲੱਗੀਆਂ ਹਨ। ਪਰਵਾਸੀਆਂ ਦੀ ਚੋਣਾਂ 'ਚ ਭੂਮਿਕਾ ਦੇ ਮੁੱਦੇ 'ਤੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਪਹੁੰਚ ਗਈ ਹੈ। ਕਮਿਸ਼ਨ ਵੱਲੋਂ ਇਹ ਮਾਮਲਾ ਵਿਚਾਰਿਆ ਜਾ ਰਿਹਾ ਹੈ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਧੇ ਤੌਰ 'ਤੇ ਪਰਵਾਸੀਆਂ ਉਤੇ ਚੋਣ ਪ੍ਰਚਾਰ ਕਰਨ 'ਤੇ ਕੋਈ ਰੋਕ ਜਾਂ ਪਾਬੰਦੀ ਨਹੀਂ ਫਿਰ ਵੀ ਕਮਿਸ਼ਨ ਵੱਲੋਂ ਵਿਦੇਸ਼ ਮੰਤਰਾਲੇ ਦੀ ਸਲਾਹ ਲਈ ਜਾ ਰਹੀ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰ ਯੂਰਪੀ ਮੁਲਕਾਂ ਤੋਂ ਪਰਵਾਸੀਆਂ ਦੀ ਇਨ੍ਹਾਂ ਦਿਨਾਂ ਦੌਰਾਨ ਭਰਵੀਂ ਆਮਦ ਹੋਣ ਲੱਗੀ ਹੈ। ਪਰਵਾਸੀਆਂ ਵੱਲੋਂ ਆਪਣੇ ਸਕੇ ਸਬੰਧੀਆਂ 'ਤੇ ਇੱਕੋ ਪਾਰਟੀ ਦੀ ਹਮਾਇਤ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ।

ਪਰਵਾਸੀਆਂ ਵੱਲੋਂ ਪਿਛਲੇ ਦੋ ਕੁ ਸਾਲਾਂ ਤੋਂ ਅਕਾਲੀ-ਭਾਜਪਾ ਸਰਕਾਰ ਖਾਸਕਰ ਬਾਦਲ ਪਰਿਵਾਰ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਤਿੱਖੀ ਮੁਹਿੰਮ ਚਲਾਈ ਹੋਈ ਹੈ। ਸੂਬੇ 'ਚ ਚੋਣਾਂ ਸਮੇਂ ਪਰਵਾਸੀਆਂ ਵੱਲੋਂ ਸਿਆਸੀ ਪਾਰਟੀਆਂ ਨੂੰ ਫੰਡ ਵੀ ਭੇਜਿਆ ਜਾਂਦਾ ਹੈ। ਇਸ ਵਾਰੀ ਪਰਵਾਸੀਆਂ ਦੀ ਮਦਦ ਲੈਣ 'ਚ ਆਮ ਆਦਮੀ ਪਾਰਟੀ ਮੋਹਰੀ ਜਾਪ ਰਹੀ ਹੈ। ਜ਼ਿਆਦਾਤਰ ਐਨਆਰਆਈਜ਼ ਵੱਲੋਂ 'ਆਪ' ਦੀ ਖੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ। ਕਾਂਗਰਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਰਵਾਸੀ ਉਸ ਦੇ ਹੱਕ 'ਚ ਚੋਣ ਪ੍ਰਚਾਰ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਪਰਵਾਸੀਆਂ ਦੀ ਉਸ ਤਰ੍ਹਾਂ ਹਮਾਇਤ ਨਹੀਂ ਮਿਲ ਰਹੀ ਜਿਸ ਤਰ੍ਹਾਂ ਦੀ ਹਮਾਇਤ 'ਆਪ' ਅਤੇ ਕਾਂਗਰਸ ਨੂੰ ਮਿਲ ਰਹੀ ਹੈ। ਪਰਵਾਸੀਆਂ ਦੀਆਂ ਚੋਣਾਂ 'ਚ ਦਿਲਚਸਪੀ ਕਾਰਨ ਚੋਣ ਕਮਿਸ਼ਨ ਨੂੰ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਸੂਤਰਾਂ ਮੁਤਾਬਕ ਜਿਸ ਸਿਆਸੀ ਧਿਰ ਨੂੰ ਪਰਵਾਸੀਆਂ ਦੀਆਂ ਸਰਗਰਮੀਆਂ ਕਾਰਨ ਨੁਕਸਾਨ ਹੋਣ ਦਾ ਖ਼ਦਸ਼ਾ ਹੈ ਉਸ ਵੱਲੋਂ ਹੀ ਲੁਕਵੇਂ ਰੂਪ 'ਚ ਸ਼ਿਕਾਇਤਾਂ ਕਰਾਈਆਂ ਗਈਆਂ ਹਨ।

ਮੁੱਖ ਚੋਣ ਅਧਿਕਾਰੀ ਵੀ ਕੇ ਸਿੰਘ ਨੇ ਕਿਹਾ ਕਿ ਪਰਵਾਸੀਆਂ ਦੀਆਂ ਸਰਗਰਮੀਆਂ ਬਾਰੇ ਕਈ ਸ਼ਿਕਾਇਤਾਂ ਮਿਲੀਆਂ ਸਨ। ਇਨ੍ਹਾਂ ਸ਼ਿਕਾਇਤਾਂ 'ਤੇ ਚੋਣ ਕਮਿਸ਼ਨ ਦਾ ਸੁਝਾਅ ਮੰਗਿਆ ਗਿਆ ਹੈ। ਕਮਿਸ਼ਨ ਵੱਲੋਂ ਇਸ ਮਾਮਲੇ 'ਚ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਦੀ ਸਲਾਹ ਲੈਣ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਅਕਾਲੀ ਪਰਵਾਸੀਆਂ ਤੋਂ ਖ਼ਤਰਾ ਮਹਿਸੂਸ ਕਰ ਰਹੇ ਹਨ।

**ਗੁਰਪ੍ਰੀਤ ਭੱਟੀ ਦੇ ਹਮਸ਼ਕਲ ਨੇ ਪੁਆੜੇ ਪਾਏ**

ਅਮਲੋਹ ਵਿਧਾਨ ਸਭਾ ਹਲਕੇ ਤੋਂ 'ਆਪ' ਦੇ ਉਮੀਦਵਾਰ ਗੁਰਪ੍ਰੀਤ ਸਿੰਘ ਭੱਟੀ ਦੇ ਨਾਂ ਅਤੇ ਹੂ-ਬ-ਹੂ ਮਿਲਦੀ ਸ਼ਕਲ ਵਾਲਾ ਉਮੀਦਵਾਰ ਸਾਹਮਣੇ ਆਇਆ ਹੈ। ਚੋਣ ਅਧਿਕਾਰੀਆਂ ਮੁਤਾਬਕ ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿੱਚ ਨਿੱਤਰੇ ਗੁਰਪ੍ਰੀਤ ਸਿੰਘ ਦਾ ਗੋਤ ਹੀ 'ਆਪ' ਦੇ ਉਮੀਦਵਾਰ ਨਾਲ ਮੇਲ ਨਹੀਂ ਖਾਂਦਾ ਸਗੋਂ ਸ਼ਕਲ ਤੇ ਪੱਗ ਬੰਨ੍ਹਣ ਦੀ ਕਲਾ ਵੀ ਦੋਹਾਂ ਦੀ ਇੱਕ ਸਮਾਨ ਹੈ।

'ਆਪ' ਉਮੀਦਵਾਰ ਨੇ ਇਸ ਨੂੰ ਵਿਰੋਧੀਆਂ ਦੀ ਚਾਲ ਦੱਸਿਆ ਹੈ। ਸ਼ਿਕਾਇਤ ਮੁਤਾਬਕ ਫੋਟੋ ਨੂੰ ਕੰਪਿਊਟਰ ਦੀ ਮਦਦ ਨਾਲ ਬਦਲਿਆ ਗਿਆ ਹੈ ਤਾਂ ਜੋ 'ਆਪ' ਉਮੀਦਵਾਰ ਦਾ ਸਿਆਸੀ ਨੁਕਸਾਨ ਕੀਤਾ ਜਾ ਸਕੇ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਚੋਣ ਅਫ਼ਸਰ ਨੂੰ ਇਸ ਮਾਮਲੇ ਦੀ ਜਾਂਚ ਦੇ ਨਿਰਦੇਸ਼ ਦਿੱਤੇ ਗਏ ਹਨ।

# 'ਆਪ' ਨੇ ਸਾਰੀ ਦਿੱਲੀ ਸਰਕਾਰ ਪੰਜਾਬ ਵਿਚ ਵਾੜੀ

ਚੰਡੀਗੜ੍ਹ– ਆਮ ਆਦਮੀ ਪਾਰਟੀ (ਆਪ) ਦੀ ਦਿੱਲੀ ਸਰਕਾਰ ਪੰਜਾਬ ਜਿੱਤਣ ਲਈ ਸਮੂਹ 117 ਵਿਧਾਨ ਸਭਾ ਹਲਕਿਆਂ ਵਿੱਚ ਡਟ ਗਈ ਹੈ। 'ਆਪ' ਨੇ ਚੋਣਾਂ ਦੇ ਅਖੀਰਲੇ ਪੜਾਅ ਵਿੱਚ ਵੱਡਾ ਸਿਆਸੀ ਹੱਲਾ ਮਾਰਦਿਆਂ ਦਿੱਲੀ ਸਰਕਾਰ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਉਥੋਂ ਦੇ ਪ੍ਰਮੁੱਖ ਮੰਤਰੀਆਂ ਨੂੰ ਪੰਜਾਬ ਵਿੱਚ ਚੋਣ ਮੈਦਾਨ ਸਰ ਕਰਨ ਲਈ ਭੇਜਿਆ ਹੈ।

ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤਾਂ ਪਿਛਲੇ ਕੁਝ ਮਹੀਨਿਆਂ ਤੋਂ ਪੂਰੀ ਤਰ੍ਹਾਂ ਪੰਜਾਬ ਦੇ ਚੋਣ ਪ੍ਰਚਾਰ ਵਿੱਚ ਮਸਰੂਫ ਹਨ। ਹੁਣ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੀ ਪਾਰਟੀ ਦੇ ਹੱਕ ਪ੍ਰਚਾਰ ਲਈ ਪੰਜਾਬ ਪੁੱਜ ਗਏ ਹਨ। 'ਆਪ' ਵੱਲੋਂ 40 ਸਟਾਰ ਪ੍ਰਚਾਰਕਾਂ ਦੀ ਜਾਰੀ ਕੀਤੀ ਸੂਚੀ ਵਿੱਚ 15 ਸ਼ਖ਼ਸੀਅਤਾਂ ਦਿੱਲੀ ਨਾਲ ਸਬੰਧਿਤ ਹਨ। ਇਨ੍ਹਾਂ ਵਿੱਚ ਦਿੱਲੀ ਸਰਕਾਰ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਮੇਤ ਦੋ ਮੰਤਰੀ ਅਤੇ ਸੱਤ ਵਿਧਾਇਕ ਸ਼ਾਮਲ ਹਨ। ਦਿੱਲੀ ਵਿਧਾਨ ਸਭਾ ਦੀ ਡਿਪਟੀ ਸਪੀਕਰ ਰਾਖੀ ਬਿਰਲਾ, ਦਿੱਲੀ ਦੇ ਸਿਹਤ ਮੰਤਰੀ ਸਤਿੰਦਰ ਜੈਨ ਅਤੇ ਜਲ ਸਰੋਤ ਮੰਤਰੀ ਕਪਿਲ



ਮਿਸ਼ਰਾ ਤੋਂ ਇਲਾਵਾ ਦਿੱਲੀ ਦੇ ਸੱਤ ਵਿਧਾਇਕ ਪੰਜਾਬ ਵਿੱਚ ਡਟੇ ਹੋਏ ਹਨ। ਮਹਿਰੌਲੀ ਹਲਕੇ ਦੇ ਵਿਧਾਇਕ ਜਰਨੈਲ ਸਿੰਘ, ਜੋ ਪੰਜਾਬ ਇਕਾਈ ਦੇ ਸਹਿ ਇੰਚਾਰਜ ਵੀ ਹਨ, ਖੁਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਲੰਬੀ ਵਿਧਾਨ ਸਭਾ ਹਲਕੇ ਵਿੱਚ ਚੋਣ ਲੜ ਰਹੇ ਹਨ। ਇਸੇ ਤਰ੍ਹਾਂ ਕਾਲਕਾਜੀ ਦੱਖਣੀ ਹਲਕੇ ਦੇ ਵਿਧਾਇਕ ਅਵਤਾਰ ਸਿੰਘ ਕਾਲਕਾ, ਤਿਲਕ ਨਗਰ ਹਲਕੇ ਦੇ ਵਿਧਾਇਕ ਜਰਨੈਲ, ਹਲਕਾ ਕਸਤੂਰਬਾ ਨਗਰ ਦੇ ਵਿਧਾਇਕ ਮਦਨ ਲਾਲ, ਮਰਾੜੀ ਹਲਕੇ ਦੇ ਵਿਧਾਇਕ ਸੰਜੀਵ ਝਾਅ, ਵਿਧਾਇਕ ਸੋਮਨਾਥ ਭਾਰਤੀ ਅਤੇ ਗਰੇਟਰ ਕੈਲਾਸ਼ ਹਲਕੇ ਦੇ ਵਿਧਾਇਕ ਸੌਰਭ ਭਾਰਦਵਾਜ ਦੀ ਵੀ ਪੰਜਾਬ ਚੋਣਾਂ ਵਿੱਚ ਡਿਊਟੀ ਲਾਈ ਗਈ ਹੈ। ਦਿੱਲੀ ਨਾਲ ਹੀ ਸਬੰਧਿਤ ਪਾਰਟੀ ਦੇ ਐਨਆਰਆਈ ਵਿੰਗ ਦੇ ਕੌਮੀ ਕਨਵੀਨਰ ਕੁਮਾਰ ਵਿਸ਼ਵਾਸ ਅਤੇ ਸਪੋਕਸਪਰਸਨ ਪੂਨਮ ਆਜ਼ਾਦ ਦੀ ਵੀ ਪੰਜਾਬ ਵਿੱਚ ਚੋਣ ਪ੍ਰਚਾਰ ਲਈ ਡਿਊਟੀ ਲਾਈ ਗਈ ਹੈ। ਦਿੱਲੀ ਨਾਲ ਸਬੰਧਿਤ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਪਿਛਲੇ ਕਈ ਮਹੀਨਿਆਂ ਤੋਂ ਹੀ ਪੰਜਾਬ ਵਿੱਚ ਹੀ ਡਟੇ ਹਨ। 'ਆਪ' ਦੇ 40 ਸਟਾਰ ਕੰਪੇਨਰਾਂ ਵਿਚ ਪੰਜਾਬ ਵਿੱਚੋਂ ਸੁਨਾਮ ਤੋਂ ਚੋਣ ਲੜ ਰਹੇ ਅਮਨ ਅਰੋੜਾ, ਬਲਾਚੌਰ ਦੇ ਉਮੀਦਵਾਰ ਬ੍ਰਿਗੇਡੀਅਰ ਰਾਜ ਕੁਮਾਰ ਅਤੇ ਸਪੋਕਸਪਰਸਨ ਚੰਦਰ ਸੁਤਾ ਡੋਗਰਾ ਸ਼ਾਮਲ ਹਨ। ਸਾਲ 2014 ਵਿੱਚ 'ਆਪ' ਦੀ ਟਿਕਟ ਤੋਂ ਚੰਡੀਗੜ੍ਹ ਤੋਂ ਲੋਕ ਸਭਾ ਦੀ ਚੋਣ ਲੜਨ ਉਪਰੰਤ ਨਿਰੰਤਰ ਸਿਆਸੀ ਪਿੜ ਵਿੱਚੋਂ ਗਾਇਬ ਮਾਡਲ ਗੁਲ ਪਨਾਗ ਨੂੰ ਵੀ ਸਟਾਰ ਕੰਪੇਨਰ ਬਣਾਇਆ ਹੈ। ਸੀਪੀਆਈ ਐਮਐਲ ਲਿਬਰੇਸ਼ਨ ਛੱਡ ਕੇ 'ਆਪ' ਵਿੱਚ ਸ਼ਾਮਲ ਹੋਏ ਬੰਤ ਸਿੰਘ ਨੂੰ ਵਿਆਪਕ ਪੱਧਰ 'ਤੇ ਚੋਣ ਪ੍ਰਚਾਰ ਵਿੱਚ ਉਤਾਰਿਆ ਹੈ। ਗਾਇਕ ਜੱਸੀ ਜਸਰਾਜ ਅਤੇ ਸੁਖਵਿੰਦਰ ਸੁੱਖੀ ਵੀ 'ਆਪ' ਦੇ ਹੱਕ ਵਿੱਚ ਸੁਰਾਂ ਅਲਾਪ ਰਹੇ ਹਨ।

# 10 ਸਾਲ ਸੱਤਾ ਤੋਂ ਬਾਹਰ ਰਹਿਣ ਦੇ ਬਾਵਜੂਦ ਅਮੀਰ ਹੋ ਰਹੇ ਨੇ ਕਾਂਗਰਸੀ

ਚੰਡੀਗੜ੍ਹ– ਪੰਜਾਬ ਦੇ ਕਾਂਗਰਸੀ ਪਿਛਲੇ ਇੱਕ ਦਹਾਕੇ ਤੋਂ ਭਾਵੇਂ ਸੱਤਾਹੀਣ ਹਨ, ਪਰ ਜਾਇਦਾਦ ਦੇ ਵਾਧੇ 'ਚ ਸੱਤਾਧਾਰੀ ਅਕਾਲੀਆਂ ਅਤੇ ਭਾਜਪਾ ਨੂੰ ਪਛਾੜਦੇ ਹੋਏ ਮੋਹਰੀ ਹਨ। ਕਾਂਗਰਸ ਦੇ 41 ਉਮੀਦਵਾਰਾਂ ਦੇ ਅਸਾਸੇ ਪੰਜ ਸਾਲਾਂ ਦੌਰਾਨ 35.64 ਫੀਸਦੀ ਦੇ ਹਿਸਾਬ ਨਾਲ ਵਧੇ ਹਨ। ਅਕਾਲੀ ਦਲ ਦੇ 41 ਉਮੀਦਵਾਰਾਂ ਦੇ ਅਸਾਸਿਆਂ 'ਚ 17.26 ਜਦਕਿ ਭਾਜਪਾ ਦੇ 9 ਉਮੀਦਵਾਰਾਂ ਦੇ ਅਸਾਸਿਆਂ ਵਿੱਚ 0.44 ਫੀਸਦੀ ਦਾ ਵਾਧਾ ਹੋਇਆ ਹੈ।

ਚੋਣ ਸੁਧਾਰਾਂ 'ਤੇ ਕੰਮ ਕਰਨ ਵਾਲੀ ਗ਼ੈਰਸਰਕਾਰੀ ਸੰਸਥਾ 'ਪੰਜਾਬ ਇਲੈਕਸ਼ਨ ਵਾਚ' ਵੱਲੋਂ ਜਾਰੀ ਅੰਕੜਿਆਂ ਮੁਤਾਬਕ ਜਿਨ੍ਹਾਂ ਉਮੀਦਵਾਰਾਂ ਵੱਲੋਂ ਵਾਰ-ਵਾਰ ਚੋਣਾਂ ਲੜੀਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਜੇਕਰ ਪਹਿਲੇ ਪੰਜ ਉਮੀਦਵਾਰਾਂ ਦੇ ਅਸਾਸਿਆਂ 'ਤੇ ਝਾਤ ਮਾਰੀ ਜਾਵੇ ਤਾਂ ਸਿਖਰਲੇ ਚਾਰ ਸਥਾਨਾਂ 'ਤੇ ਕਾਂਗਰਸੀ ਕਾਬਜ਼ ਹਨ। ਪੰਜਵੇਂ ਥਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਬਾਦਲ ਪਰਿਵਾਰ ਦੇ ਕਰੀਬੀ ਬਿਕਰਮ ਸਿੰਘ ਮਜੀਠੀਆ ਆਪਣੀ ਥਾਂ ਬਨਾਉਣ 'ਚ ਸਫ਼ਲ ਰਹੇ ਹਨ। ਸੁਖਬੀਰ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪਛਾੜ ਦਿੱਤਾ ਹੈ। ਛੋਟਾ ਬਾਦਲ ਇਸ ਸੂਚੀ ਵਿੱਚ 6ਵੇਂ ਅਤੇ ਵੱਡਾ ਬਾਦਲ 9ਵੇਂ ਨੰਬਰ 'ਤੇ ਹੈ। ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ 21ਵਾਂ ਨੰਬਰ ਹੈ। ਇਸ ਸੰਸਥਾ ਵੱਲੋਂ ਪੰਜਾਂ ਸਾਲਾਂ ਦੌਰਾਨ ਸਭ ਤੋਂ ਜ਼ਿਆਦਾ ਵਾਧਾ ਦੱਸਣ ਵਾਲੇ ਰਾਣਾ ਗੁਰਜੀਤ ਸਿੰਘ, ਸ਼ਾਮ ਸੁੰਦਰ ਅਰੋੜਾ, ਸੁਨੀਲ ਜਾਖੜ, ਬਿਕਰਮ ਸਿੰਘ ਮਜੀਠੀਆ ਅਤੇ ਸੁਰਿੰਦਰ ਕੁਮਾਰ ਡਾਵਰ ਨੂੰ ਪਹਿਲੇ ਪੰਜਾਂ ਵਿੱਚ ਰੱਖਿਆ ਹੈ।

ਸੰਸਥਾ ਦੇ ਨੁਮਾਇੰਦਿਆਂ ਜਸਕੀਰਤ ਸਿੰਘ ਅਤੇ ਪਰਵਿੰਦਰ ਸਿੰਘ ਕਿੱਤਣਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਜਲਾਲਾਬਾਦ ਤੋਂ ਉਮੀਦਵਾਰ ਭਗਵੰਤ ਮਾਨ ਦੀ ਜਾਇਦਾਦ ਪੌਣੇ ਤਿੰਨ ਸਾਲਾਂ ਦੇ ਸਮੇਂ ਦੌਰਾਨ 54 ਫੀਸਦੀ ਘਟੀ ਹੈ ਜਦਕਿ ਨਵਜੋਤ ਸਿੱਧੂ ਦੀ ਜਾਇਦਾਦ ਵਿੱਚ 217 ਫੀਸਦੀ ਦਾ ਵਾਧਾ ਹੋਇਆ ਹੈ। ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਨੇ ਸਾਲ 2012 ਦੌਰਾਨ 68.48 ਕਰੋੜ ਰੁਪਏ ਦੇ ਅਸਾਸੇ ਦੱਸੇ ਸਨ ਤੇ ਐਤਕੀਂ 148 ਫੀਸਦੀ ਦੇ ਵਾਧੇ ਨਾਲ 169.89 ਕਰੋੜ ਰੁਪਏ ਤੱਕ ਪਹੁੰਚ ਗਏ।

ਸ਼ਾਮ ਸੁੰਦਰ ਅਰੋੜਾ ਦੇ ਅਸਾਸੇ 2012 ਵਿੱਚ 21.76 ਕਰੋੜ ਤੇ ਇਸ ਵਾਰੀ 44.40 ਕਰੋੜ, ਸੁਨੀਲ ਕੁਮਾਰ ਜਾਖੜ ਨੇ ਪੰਜ ਸਾਲ ਪਹਿਲਾਂ 6.84 ਕਰੋੜ ਰੁਪਏ ਦੀ ਕੁੱਲ ਸੰਪਤੀ ਐਲਾਨੀ ਸੀ ਤੇ ਐਤਕੀਂ ਇਹ ਅੰਕੜਾ 24 ਕਰੋੜ ਨੂੰ ਪੁੱਜ ਗਿਆ ਹੈ। ਬਿਕਰਮ ਸਿੰਘ ਮਜੀਠੀਆ ਦੀ ਕੁੱਲ ਜਾਇਦਾਦ ਪੰਜ ਸਾਲ ਪਹਿਲਾਂ 11.21 ਕਰੋੜ ਤੇ ਐਤਕੀਂ 25.22 ਕਰੋੜ ਰੁਪਏ ਐਲਾਨੀ ਗਈ ਹੈ। ਇਸੇ ਤਰ੍ਹਾਂ ਸੁਰਿੰਦਰ ਕੁਮਾਰ ਡਾਵਰ ਨੇ ਪਿਛਲੀਆਂ ਚੋਣਾਂ ਦੌਰਾਨ 16.72 ਕਰੋੜ ਤੇ ਐਤਕੀਂ 28.66 ਕਰੋੜ ਰੁਪਏ ਦੀ ਸੰਪਤੀ ਦਾ ਐਲਾਨ ਕੀਤਾ ਹੈ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਜਾਇਦਾਦ ਪੰਜ ਸਾਲ ਪਹਿਲਾਂ 90.86 ਕਰੋੜ ਸੀ ਤੇ ਅੱਜ ਇਹ ਅੰਕੜਾ 102 ਕਰੋੜ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਜਾਇਦਾਦ ਵਿੱਚ 115 ਫੀਸਦੀ ਦਾ ਵਾਧਾ ਐਲਾਨਦਿਆਂ 14.49 ਕਰੋੜ ਰੁਪਏ ਦੀ ਸੰਪਤੀ ਐਲਾਨੀ ਹੈ।

**ਭਾਜਪਾ ਉਮੀਦਵਾਰ ਦੀ ਸੰਪਤੀ 'ਚ 2783 ਫ਼ੀਸਦ ਵਾਧਾ**

ਭਾਜਪਾ ਦੀ ਭੋਆ ਤੋਂ ਉਮੀਦਵਾਰ ਸੀਮਾ ਕੁਮਾਰੀ ਦਾ ਨਾਂ ਭਾਵੇਂ ਧਨ ਕੁਬੇਰਾਂ 'ਚ ਸ਼ਾਮਲ ਨਹੀਂ, ਪਰ ਸਾਲ 2012 ਦੌਰਾਨ ਉਨ੍ਹਾਂ ਵੱਲੋਂ ਐਲਾਨੀ 2.81 ਲੱਖ ਰੁਪਏ ਦੀ ਸੰਪਤੀ ਅੱਜ 81.17 ਲੱਖ ਦੀ ਹੋ ਗਈ ਹੈ। ਕੁੱਲ ਮਿਲਾ ਕੇ ਇਹ ਵਾਧਾ 2783 ਫੀਸਦ ਬਣਦਾ ਹੈ।

## 1145 ਉਮੀਦਵਾਰਾਂ ਦਾ ਭਵਿੱਖ ਤੈਅ ਕਰਨਗੇ ਦੋ ਕਰੋੜ ਵੋਟਰ

ਪੰਜਾਬ ਵਿਧਾਨ ਸਭਾ ਚੋਣਾਂ ਦੇ ਮੈਦਾਨ 'ਚ ਕਾਂਗਰਸ ਦੇ 117, ਆਮ ਆਦਮੀ ਪਾਰਟੀ ਦੇ 112, ਸ਼੍ਰੋਮਣੀ ਅਕਾਲੀ ਦਲ ਦੇ 94, ਭਾਰਤੀ ਜਨਤਾ ਪਾਰਟੀ ਦੇ 23, ਬਸਪਾ ਦੇ 111, ਆਪਣਾ ਪੰਜਾਬ ਪਾਰਟੀ ਦੇ 77 ਅਤੇ 304 ਆਜ਼ਾਦ ਉਮੀਦਵਾਰ ਹਨ। ਹੋਰ ਛੋਟੀਆਂ ਪਾਰਟੀਆਂ ਦੇ ਉਮੀਦਵਾਰਾਂ ਸਮੇਤ ਕੁੱਲ ਉਮੀਦਵਾਰਾਂ ਦੀ ਗਿਣਤੀ 1145 ਹੈ। ਪੰਜਾਬ ਵਿੱਚ ਵੋਟਰਾਂ ਦੀ ਕੁੱਲ ਗਿਣਤੀ 1 ਕਰੋੜ 98 ਲੱਖ 79 ਹਜ਼ਾਰ 69 ਹੈ। ਇਨ੍ਹਾਂ ਵਿੱਚ 364 ਐਨਆਰਆਈ ਵੋਟਰ ਅਤੇ 415 ਕਿੰਨਰ ਵੋਟਰ ਵੀ ਸ਼ਾਮਲ ਹਨ। ਫੌਜੀਆਂ ਦੀਆਂ 1.50 ਲੱਖ ਵੋਟਾਂ ਇਨ੍ਹਾਂ ਵੋਟਾਂ ਤੋਂ ਵੱਖਰੀਆਂ ਮੰਨੀਆਂ ਜਾਂਦੀਆਂ ਹਨ।

# ਚੋਣ ਜ਼ਾਬਤੇ ਬਾਅਦ ਵੱਡੀ ਗਿਣਤੀ 'ਚ ਨਾਜਾਇਜ਼ ਅਸਲਾ ਬਰਾਮਦ

**ਚੰਡੀਗੜ੍ਹ–** ਪੰਜਾਬ ਵਿਧਾਨ ਸਭਾ ਚੋਣਾਂ ਦੇ ਐਲਾਨ ਬਾਅਦ ਸੂਬੇ ਵਿੱਚੋਂ ਵੱਡੀ ਪੱਧਰ 'ਤੇ ਨਾਜਾਇਜ਼ ਹਥਿਆਰ ਬਰਾਮਦ ਹੋਏ ਹਨ, ਜਿਸ ਨੇ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਸਵਾਲੀਆ ਨਿਸ਼ਾਨ ਲਾਇਆ ਹੈ। ਇਹ ਹਥਿਆਰ ਸੜਕਾਂ 'ਤੇ ਚੈਕਿੰਗ ਦੌਰਾਨ ਕਾਰਾਂ 'ਚੋਂ ਬਰਾਮਦ ਹੋਏ ਹਨ। ਰਾਜ ਦੇ ਮੁੱਖ ਚੋਣ ਅਧਿਕਾਰੀ ਵੀ. ਕੇ. ਸਿੰਘ ਤੇ ਵਧੀਕ ਡੀਜੀਪੀ ਵੀ.ਕੇ. ਭਾਵੜਾ ਅਨੁਸਾਰ ਹੁਣ ਤਕ 409 ਹਥਿਆਰ ਫੜੇ ਗਏ ਹਨ।

ਇਨ੍ਹਾਂ ਅਧਿਕਾਰੀਆਂ ਨੇ ਦੱਸਿਆ ਕਿ 4 ਜਨਵਰੀ ਬਾਅਦ ਨਸ਼ਿਆਂ ਦੀ ਬਰਾਮਦਗੀ ਦੇ 332 ਮਾਮਲੇ ਦਰਜ ਕੀਤੇ ਗਏ ਹਨ ਅਤੇ ਇਨ੍ਹਾਂ ਕੇਸਾਂ ਵਿੱਚ 394 ਵਿਅਕਤੀ ਗ੍ਰਿਫਤਾਰ ਕੀਤੇ ਹਨ। ਉਨ੍ਹਾਂ ਦੱਸਿਆ ਕਿ 409 ਹਥਿਆਰਾਂ ਦੀ ਬਰਾਮਦਗੀ ਸਬੰਧੀ 500 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਦੀ ਬਰਾਮਦਗੀ ਤੋਂ ਕਾਨੂੰਨ ਦਾ ਰਾਜ ਲਾਗੂ ਹੋਣ ਦੀ ਪੁਸ਼ਟੀ ਹੋਣ ਲੱਗੀ ਹੈ।

ਚੋਣ ਅਧਿਕਾਰੀਆਂ ਮੁਤਾਬਕ ਗੁਆਂਢੀ ਰਾਜਾਂ ਜੰਮੂ ਕਸ਼ਮੀਰ ਤੇ ਰਾਜਸਥਾਨ ਪੁਲੀਸ ਨੇ ਵੀ ਅੰਤਰਰਾਜੀ ਸੀਮਾ 'ਤੇ 15 ਕੁਇੰਟਲ ਭੁੱਕੀ ਫੜੀ ਹੈ। ਲੁਧਿਆਣਾ 'ਚ ਇੱਕ ਹਿੰਦੂ ਨੇਤਾ ਦੀ ਹੱਤਿਆ, ਜਲੰਧਰ 'ਚ ਗੈਂਗਵਾਰ ਅਤੇ ਫਰੀਦਕੋਟ 'ਚ ਇੱਕ ਉਮੀਦਵਾਰ ਨਾਲ ਤਾਇਨਾਤ ਸੁਰੱਖਿਆ ਕਰਮੀ ਤੋਂ ਬੰਦੂਕ ਖੋਹ ਲਏ ਜਾਣ ਨੂੰ ਵੀ ਕਮਿਸ਼ਨ ਨੇ ਗੰਭੀਰਤਾ ਨਾਲ ਲਿਆ ਹੈ। ਇਨ੍ਹਾਂ ਮਾਮਲਿਆਂ ਨੂੰ ਲੈ ਕੇ ਪੁਲਿਸ ਅਧਿਕਾਰੀਆਂ 'ਤੇ ਨਜ਼ਲਾ ਝੜ ਸਕਦਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਸੁਰੱਖਿਆ ਨਾ ਲੈਣ ਸਬੰਧੀ ਲਿਖੇ ਪੱਤਰ ਦੇ ਜਵਾਬ ਵਿੱਚ ਵੀ.ਕੇ. ਭਾਵੜਾ ਨੇ ਕਿਹਾ ਕਿ ਜਿਸ ਵਿਅਕਤੀ ਵਿਸ਼ੇਸ਼ ਨੂੰ ਪਹਿਲਾਂ ਹੀ ਕਿਸੇ ਅਹੁਦੇ ਮੁਤਾਬਕ ਸੁਰੱਖਿਆ ਦਿੱਤੀ ਹੋਈ ਹੈ। ਉਸ ਨੂੰ ਪੰਜਾਬ 'ਚ ਸੁਰੱਖਿਆ ਦੇਣ ਲਈ ਅਸੀਂ ਪਾਬੰਦ ਹਾਂ।

ਪੰਜਾਬ ਵਿਧਾਨ ਸਭਾ ਦੌਰਾਨ ਅੰਤਰਰਾਜੀ ਸਰਹੱਦਾਂ 'ਤੇ ਸੁਰੱਖਿਆ ਸਖ਼ਤ ਕਰਨ ਅਤੇ ਤਸਕਰੀ ਰੋਕਣ ਲਈ ਅੱਜ ਸ੍ਰੀ ਭਾਵੜਾ ਨੇ ਜੰਮੂ ਕਸ਼ਮੀਰ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਚੰਡੀਗੜ੍ਹ ਦੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਰਾਜਾਂ ਨਾਲ ਲਗਦੀ ਸਰਹੱਦ ਨੂੰ ਵੋਟਾਂ ਪੈਣ ਵਾਲੇ ਦਿਨ ਤੋਂ 72 ਘੰਟੇ ਪਹਿਲਾਂ (3 ਦਿਨ ਪਹਿਲਾਂ) ਮੁਕੰਮਲ ਤੌਰ 'ਤੇ ਸੀਲ ਕੀਤਾ ਜਾਵੇਗਾ। ਵਧੀਕ ਡੀਜੀਪੀ ਨੇ ਦੱਸਿਆ ਕਿ ਚੋਣ ਜ਼ਾਬਤੇ ਬਾਅਦ 4.04 ਕਰੋੜ ਰੁਪਏ ਨਕਦ, 9.22 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ, 21.52 ਕਰੋੜ ਰੁਪਏ ਦਾ ਸੋਨਾ ਅਤੇ 1.27 ਕਰੋੜ ਰੁਪਏ ਦੀ ਸ਼ਰਾਬ ਬਰਾਮਦ ਕੀਤੀ ਜਾ ਚੁੱਕੀ ਹੈ। ਅਕਾਲੀ ਨੇਤਾਵਾਂ ਨੂੰ ਦਿੱਤੀ ਸੁਰੱਖਿਆ ਦੇ ਮਾਮਲੇ 'ਤੇ ਪੁਲੀਸ ਅਧਿਕਾਰੀ ਨੇ ਕਿਹਾ ਕਿ ਹੁਣ ਤਕ 1200 ਪੁਲੀਸ ਮੁਲਾਜ਼ਮ ਵਾਪਸ ਲਏ ਜਾ ਚੁੱਕੇ ਹਨ ਤੇ ਜੇਕਰ ਲੋੜ ਪਈ ਤਾਂ ਮੁੜ ਸਮੀਖਿਆ ਕੀਤੀ ਜਾਵੇਗੀ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਵਿਧਾਨ ਸਭਾ ਹਲਕਿਆਂ 'ਚ 55 ਜਨਰਲ ਆਬਜ਼ਰਬਰ (ਚੋਣ ਨਿਗਰਾਨ), 50 ਖ਼ਰਚਾ ਨਿਗਰਾਨ ਤੇ 27 ਪੁਲਿਸ ਨਿਗਰਾਨ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਤਕ ਮੁੱਲ ਦੀਆਂ ਖ਼ਬਰਾਂ (ਪੇਡ ਨਿਊਜ਼) ਦੇ 46 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚੋਂ 16 ਮਾਮਲਿਆਂ 'ਚ ਜ਼ਿਲ੍ਹਾ ਪੱਧਰੀ ਕਮੇਟੀ ਨੇ ਪੇਡ ਨਿਊਜ਼ ਦੀ ਪੁਸ਼ਟੀ ਕਰ ਦਿੱਤੀ ਹੈ, 26 ਮਾਮਲੇ ਵਿਚਾਰ ਅਧੀਨ ਹਨ ਤੇ 4 ਮਾਮਲਿਆਂ ਵਿੱਚ ਪੇਡ ਨਿਊਜ਼ ਦੀ ਪੁਸ਼ਟੀ ਨਹੀਂ ਹੁੰਦੀ।

ਉਨ੍ਹਾਂ ਦੱਸਿਆ ਕਿ 85 ਫ਼ੀਸਦ ਹਥਿਆਰ ਜਮ੍ਹਾਂ ਕਰਾਏ ਜਾ ਚੁੱਕੇ ਹਨ। ਪਰਵਾਸੀ ਭਾਰਤੀਆਂ ਵੱਲੋਂ ਪ੍ਰਚਾਰ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਹਾਲ ਦੀ ਘੜੀ ਚੋਣ ਕਮਿਸ਼ਨ ਕੋਲ ਵਿਚਾਰ ਅਧੀਨ ਹੈ। ਉਨ੍ਹਾਂ ਨੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਖ਼ਿਲਾਫ਼ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਸ਼ਿਕਾਇਤ ਨੂੰ ਵਿਚਾਰ ਅਧੀਨ ਦੱਸਿਆ।

# ਚੋਣ ਮੈਦਾਨ ਵਿੱਚ ਉਤਰੇ ਕਈ ਵੱਡੇ ਲੀਡਰ 'ਦਸਵੀਂ' ਵੀ ਨਹੀਂ ਪਾਸ

**ਜਲੰਧਰ-** ਵਿਧਾਨ ਸਭਾ ਚੋਣਾਂ ਲਈ ਚੋਣ ਮੈਦਾਨ ਵਿੱਚ ਉਤਰੇ ਕੁਝ ਉਮੀਦਵਾਰਾਂ ਦੀ ਵਿੱਦਿਅਕ ਯੋਗਤਾ ਵੇਖਕੇ ਲੋਕ ਪ੍ਰੇਸ਼ਾਨ ਹਨ। ਉਮੀਦਵਾਰ ਵੱਲੋਂ ਨਾਮਜ਼ਦਗੀਆਂ ਦਾਖ਼ਲ ਕਰਵਾਉਣ ਸਮੇਂ ਆਪਣੀ ਪੜ੍ਹਾਈ ਸਬੰਧੀ ਜਮ੍ਹਾਂ ਕਰਵਾਏ ਐਫੀਡੇਵਿਟਾਂ ਤੋਂ ਖੁਲਾਸਾ ਹੋਇਆ ਹੈ ਕਿ ਇੱਕ ਪਾਰਟੀ ਦੇ ਕਈ ਵੱਡੇ ਲੀਡਰ ਦਸਵੀਂ ਜਾਂ ਫਿਰ ਦਸਵੀਂ ਤੋਂ ਘੱਟ ਪੜ੍ਹੇ ਹੋਏ ਹਨ ਜਦਕਿ ਦੋ ਆਜ਼ਾਦ ਉਮੀਦਵਾਰ ਅਨਪੜ੍ਹ ਹਨ। ਕਾਂਗਰਸ ਦੇ 14 ਹਲਕਿਆਂ ਵਿੱਚ ਉਤਰੇ ਉਮੀਦਵਾਰਾਂ ਵਿੱਚ ਨੌ ਬੀ.ਏ. ਜਾਂ ਫਿਰ ਬੀ.ਏ. ਤੋਂ ਵੱਧ ਪੜ੍ਹੇ ਹੋਏ ਹਨ ਜਦਕਿ ਪੰਜ ਉਮੀਦਵਾਰ ਦਸਵੀਂ ਪਾਸ ਹਨ, ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਤ ਉਮੀਦਵਾਰ ਬੀ.ਏ. ਜਾਂ ਬੀ.ਏ. ਤੋਂ ਵੱਧ ਪੜ੍ਹੇ ਹਨ ਜਦਕਿ 4 ਉਮੀਦਵਾਰ ਦਸਵੀਂ ਪਾਸ ਹਨ। ਆਮ ਆਦਮੀ ਪਾਰਟੀ ਤੇ ਲੋਕ ਇਨਸਾਫ਼ ਪਾਰਟੀ ਵਿੱਚੋਂ 4 ਉਮੀਦਵਾਰ ਦਸਵੀਂ ਪਾਸ ਤੇ ਇੱਕ ਉਮੀਦਵਾਰ ਦਸਵੀਂ ਤੋਂ ਘੱਟ ਪੜ੍ਹਿਆ ਹੈ। ਭਾਜਪਾ ਦੇ ਉਮੀਦ-ਵਾਰਾਂ ਵਿੱਚੋਂ ਇੱਕ ਬੀ.ਏ. ਪਾਸ, ਇੱਕ ਦਸਵੀਂ ਤੇ ਇੱਕ ਦਸਵੀਂ ਤੋਂ ਘੱਟ ਪੜ੍ਹਿਆ ਹੋਇਆ ਹੈ।

ਚੋਣ ਮੈਦਾਨ ਵਿੱਚ ਕਾਂਗਰਸ ਵੱਲੋਂ ਉਤਾਰੇ ਗਏ ਉਮੀਦਵਾਰਾਂ ਦੀ ਗੱਲ ਕਰੀਏ ਤਾਂ ਹਲਕਾ ਆਤਮ ਨਗਰ ਤੋਂ ਉਮੀਦਵਾਰ ਕਮਲਜੀਤ ਸਿੰਘ ਕੜਵਲ, ਸਮਰਾਲਾ ਤੋਂ ਉਮੀਦਵਾਰ ਅਮਰੀਕ ਸਿੰਘ ਢਿੱਲੋਂ, ਉੱਤਰੀ ਤੋਂ ਰਾਕੇਸ਼ ਪਾਂਡੇ, ਸੈਂਟਰਲ ਤੋਂ ਸੁਰਿੰਦਰ ਡਾਬਰ ਤੇ ਜਗਰਾਉਂ ਤੋਂ ਮਲਕੀਤ ਸਿੰਘ ਦਾਖਾ ਦਸਵੀਂ ਪਾਸ ਹਨ, ਇਨ੍ਹਾਂ ਵਿੱਚੋਂ ਪਾਂਡੇ, ਡਾਬਰ ਤੇ ਦਾਖਾ ਤਿੰਨੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਨ ਜਦਕਿ ਇਸ ਤੋਂ ਇਲਾਵਾ ਸਾਹਨੇਵਾਲ ਤੋਂ ਲੋਕ ਗਾਇਕਾ ਸਤਵਿੰਦਰ ਬਿੱਟੀ, ਪੂਰਬੀ ਤੋਂ ਸੰਜੇ ਤਲਵਾੜ, ਖੰਨਾ ਤੋਂ ਗੁਰਕੀਰਤ ਕੋਟਲੀ, ਪੱਛਮੀ ਤੋਂ ਭਾਰਤ ਭੂਸ਼ਨ ਆਸ਼ੂ ਗ੍ਰੈਜੂਏਟ ਹਨ। ਹਲਕਾ ਗਿੱਲ ਤੋਂ ਕੁਲਦੀਪ ਸਿੰਘ ਵੈਦ ਬੀ.ਏ. ਐਲਐਲਬੀ, ਦੱਖਣੀ ਤੋਂ ਭੁਪਿੰਦਰ ਸਿੱਧੂ ਬੀ.ਈ. ਇਲੈਕਟ੍ਰਾਨਿਕਸ, ਪਾਇਲ ਤੋਂ ਲਖਬੀਰ ਲੱਖਾ ਐਮ.ਏ., ਰਾਏਕੋਟ ਤੋਂ ਡਾ. ਅਮਰ ਸਿੰਘ ਬੋਪਾਰਾਏ ਐਮ ਬੀ ਬੀ ਐਸ ਪਾਸ ਹਨ ਜਦਕਿ ਦਾਖਾ ਤੋਂ ਮੇਜਰ ਭੈਣੀ ਨੇ ਆਪਣੀ ਪੜ੍ਹਾਈ ਬੀ.ਏ. ਭਾਗ- 1 ਤੱਕ ਦੱਸੀ ਹੈ।

ਸ਼੍ਰੋਮਣੀ ਅਕਾਲੀ ਦਲ ਵਿੱਚ ਸਿੰਜਾਈ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਐਲਐਲਬੀ, ਰਣਜੀਤ ਸਿੰਘ ਢਿੱਲੋਂ ਹਲਕਾ ਪੂਰਬੀ ਗਿਆਨੀ ਦਾ ਕੋਰਸ ਤੇ ਰਣਜੀਤ ਸਿੰਘ ਢਿੱਲੋਂ ਗ੍ਰੈਜੂਏਟ, ਸਮਰਾਲਾ ਤੋਂ ਸੰਤਾ ਸਿੰਘ ਉਮੈਦਪੁਰੀ ਐਮਏ, ਆਤਮ ਨਗਰ ਹਲਕੇ ਤੋਂ ਗੁਰਮੀਤ ਸਿੰਘ ਕੁਲਾਰ ਗ੍ਰੈਜੂਏਟ, ਪਾਇਲ ਤੋਂ ਉਮੀਦਵਾਰ ਈਸ਼ਰ ਸਿੰਘ ਮਿਹਰਬਾਨ ਬੀ.ਐਸਸੀ, ਜਗਰਾਉਂ ਤੋਂ ਅਮਰਜੀਤ ਕੌਰ ਬੀ.ਏ. ਤੇ ਹਲਕਾ ਦਾਖਾ ਤੋਂ ਇਯਾਲੀ ਨੇ ਬੀ.ਏ. ਭਾਗ 1 ਕੀਤੀ ਹੈ। ਇਸ ਤੋਂ ਇਲਾਵਾ, ਅਕਾਲੀ ਦਲ ਤੋਂ ਸਾਬਕਾ ਜੇਲ੍ਹ ਮੰਤਰੀ ਤੇ ਦੱਖਣੀ ਤੋਂ ਉਮੀਦਵਾਰ ਹੀਰਾ ਸਿੰਘ ਗਾਬੜੀਆ, ਰਣਜੀਤ ਸਿੰਘ ਤਲਵੰਡੀ, ਦਰਸ਼ਨ ਸਿੰਘ ਸ਼ਿਵਾਲਿਕ ਤੇ ਇੰਦਰ ਇਕਬਾਲ ਸਿੰਘ ਅਟਵਾਲ ਦਸਵੀਂ ਪਾਸ ਹਨ।

ਇਸੇ ਤਰ੍ਹਾਂ, ਆਮ ਆਦਮੀ ਪਾਰਟੀ ਤੇ ਲੋਕ ਇਨਸਾਫ਼ ਪਾਰਟੀ ਦੇ ਗੱਠਜੋੜ ਵਿੱਚ ਲੁਧਿਆਣਾ ਦੇ 14 ਹਲਕਿਆਂ ਵਿੱਚ ਇੱਕ ਦਸਵੀਂ ਤੋਂ ਘੱਟ ਜਦਕਿ ਚਾਰ ਦਸਵੀਂ ਪਾਸ ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਹਲਕਾ ਕੇਂਦਰੀ ਤੋਂ ਵਿਪਨ ਸੂਦ ਕਾਕਾ ਦਸਵੀਂ ਤੋਂ ਘੱਟ, ਪੂਰਬੀ ਤੋਂ ਦਲਜੀਤ ਸਿੰਘ ਗਰੇਵਾਲ, ਰਾਏਕੋਟ ਤੋਂ ਜਗਤਾਰ ਸਿੰਘ, ਹਲਕਾ ਗਿੱਲ ਤੋਂ ਜੀਵਨ ਸਿੰਘ ਤੇ ਹਲਕਾ ਉੱਤਰੀ ਤੋਂ ਰਣਧੀਰ ਸਿੰਘ ਸਿਬੀਆ ਦਸਵੀਂ ਪਾਸ ਹਨ।

ਹਲਕਾ ਪੱਛਮੀ ਤੋਂ ਅਹਿਬਾਬ ਸਿੰਘ ਗਰੇਵਾਲ, ਦੱਖਣੀ ਤੋਂ ਬਲਵਿੰਦਰ ਸਿੰਘ ਬੈਂਸ, ਖੰਨਾ ਤੋਂ ਅਨਿਲ ਦੱਤ ਤੇ ਪਾਇਲ ਤੋਂ ਗੁਰਪ੍ਰੀਤ ਸਿੰਘ ਗ੍ਰੈਜੂਏਟ ਹਨ। ਸਾਹਨੇਵਾਲ ਤੋਂ ਹਰਜੋਤ ਸਿੰਘ ਬੈਂਸ ਐਲਐਲਬੀ, ਹਲਕਾ ਦਾਖਾ ਤੋਂ ਵਕੀਲ ਹਰਵਿੰਦਰ ਸਿੰਘ ਫੂਲਕਾ ਬੀਐਸਸੀ, ਐਲਐਲਬੀ, ਜਗਰਾਉਂ ਤੋਂ ਸਰਵਜੀਤ ਕੌਰ ਐਮ.ਏ. ਪਾਸ ਹਨ।

ਭਾਜਪਾ ਦੇ ਹਲਕਾ ਉੱਤਰੀ ਤੋਂ ਉਮੀਦਵਾਰ ਪ੍ਰਵੀਨ ਬਾਂਸਲ ਬੀ.ਏ. ਪਾਸ, ਕੇਂਦਰੀ ਤੋਂ ਗੁਰਦੇਵ ਦੇਬੀ ਦਸਵੀਂ ਤੋਂ ਘੱਟ ਤੇ ਪੱਛਮੀ ਤੋਂ ਕਮਲ ਚੇਤਲੀ ਦਸਵੀਂ ਪਾਸ ਹਨ।

## ਵੋਟਰ ਜਾਗਰੂਕਤਾ ਲਈ ਜਲੰਧਰ ਤੋਂ ਫਿਲੌਰ ਤੱਕ ਬਣੇਗੀ ਮਨੁੱਖੀ ਕੜੀ

**ਜਲੰਧਰ-** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੱਧ ਤੋਂ ਵੱਧ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਲੋਕਾਂ ਨੂੰ ਪ੍ਰੇਰਨ ਲਈ 75 ਹਜ਼ਾਰ ਦੇ ਕਰੀਬ ਸਕੂਲੀ ਵਿਦਿਆਰਥੀਆਂ ਵੱਲੋਂ 31 ਜਨਵਰੀ ਨੂੰ ਇਕ ਲੰਬੀ ਮਨੁੱਖੀ ਕੜੀ ਬਣਾਈ ਜਾਵੇਗੀ।

ਆਮ ਲੋਕ ਤੇ ਕੇਂਦਰੀ ਸੁਰੱਖਿਆ ਦਸਤਿਆਂ ਬੀ.ਐਸ.ਐਫ., ਸੀ.ਆਰ.ਪੀ.ਐਫ, ਆਈ.ਟੀ.ਬੀ.ਪੀ. ਦੇ ਜਵਾਨ ਵੀ ਇਸ ਮਨੁੱਖੀ ਕੜੀ ਦਾ ਹਿੱਸਾ ਬਣਨਗੇ। ਇਸ ਸਬੰਧੀ ਅੱਜ ਇਕ ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਫਸਰ ਕਮਲ ਕਿਸ਼ੋਰ ਯਾਦਵ ਨੇ ਦੱਸਿਆ ਕਿ ਜਲੰਧਰ-ਅੰਮ੍ਰਿਤਸਰ ਕੌਮੀ ਰਾਜ ਮਾਰਗ 'ਤੇ ਸਥਿਤ ਐਨ.ਆਈ.ਟੀ. ਤੋਂ ਸ਼ੁਰੂ ਹੋਣ ਵਾਲੀ ਇਹ ਮਨੁੱਖੀ ਕੜੀ ਫਿਲੌਰ ਵਿਖੇ ਸਤਲੁਜ ਦਰਿਆ 'ਤੇ ਬਣੇ ਪੁਲ ਤੱਕ ਹੋਵੇਗੀ ਅਤੇ ਅੱਗੋਂ ਲੁਧਿਆਣਾ ਜ਼ਿਲ੍ਹੇ ਦੇ ਵਿਦਿਆਰਥੀਆਂ ਵੱਲੋਂ ਇਸ ਕੜੀ ਨੂੰ ਵਧਾਇਆ ਜਾਵੇਗਾ। ਇਸ ਕੜੀ ਵਿੱਚ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ 9ਵੀਂ ਜਮਾਤ ਅਤੇ ਉਸ ਤੋਂ ਉੱਪਰ ਦੇ ਵਿਦਿਆਰਥੀ ਹੀ ਭਾਗ ਲੈ ਸਕਣਗੇ।

ਸਾਰੇ ਰਸਤੇ ਦੌਰਾਨ ਪੰਜਾਬ ਪੁਲੀਸ ਵੱਲੋਂ ਮਨੁੱਖੀ ਕੜੀ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ ਅਤੇ ਪਿਮਜ਼ ਵੱਲੋਂ ਤਾਇਨਾਤ ਮੈਡੀਕਲ ਟੀਮਾਂ ਵੱਲੋਂ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਕੌਮੀ ਰਾਜ ਮਾਰਗ 'ਤੇ ਵਿਦਿਆਰਥੀਆਂ ਦੇ ਚੱਲਣ ਲਈ ਖੱਬੇ ਪਾਸੇ ਇਕ ਵੱਖਰੀ ਲੇਨ ਨਿਰਧਾਰਿਤ ਕੀਤੀ ਗਈ ਹੈ। ਇਸ ਮੌਕੇ ਐਸ.ਐਸ.ਪੀ. ਜਲੰਧਰ ਦਿਹਾਤੀ ਐਸ.ਐਸ. ਮਾਨ, ਵਧੀਕ ਡਿਪਟੀ ਕਮਿਸ਼ਨਰ ਗਿਰੀਸ਼ ਦਿਆਲਨ (ਵਿਕਾਸ), ਵਧੀਕ ਡਿਪਟੀ ਕਮਿਸ਼ਨਰ ਜਨਰਲ ਗੁਰਮੀਤ ਸਿੰਘ, ਸਵੀਪ ਦੇ ਵੱਖ-ਵੱਖ ਵਿਭਾਗਾਂ ਦੇ ਨੋਡਲ ਅਫਸਰ ਤੇ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

## ਕਾਂਗਰਸ ਡੁੱਬਦਾ ਜਹਾਜ਼ ਹੈ- ਰਾਜਨਾਥ ਸਿੰਘ

**ਫਾਜ਼ਿਲਕਾ-** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇੱਥੇ ਭਾਜਪਾ-ਅਕਾਲੀ ਦਲ ਦੇ ਸਾਂਝੇ ਉਮੀਦਵਾਰ ਅਰੁਣ ਨਾਰੰਗ ਦੇ ਹੱਕ ਵਿੱਚ ਸਥਾਨਕ ਹਕੀਕਤ ਰਾਏ ਚੌਕ ਵਿੱਚ ਕਰਵਾਈ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਡੁੱਬਦਾ ਜਹਾਜ਼ ਹੈ ਤੇ ਡੁੱਬਦੇ ਜਹਾਜ਼ ਦੀ ਕਪਤਾਨੀ ਕਰਨੀ ਬਹੁਤ ਔਖੀ ਹੈ। ਉਨ੍ਹਾਂ ਕਿਹਾ ਕਿ ਅੱਜ ਵੋਟਾਂ ਦੀ ਸਿਆਸਤ ਕਾਰਨ ਵਾਲੇ ਕੁਝ ਲੋਕ ਪੰਜਾਬੀਆਂ ਨੂੰ ਨਸ਼ੇੜੀ ਦਸ ਰਹੇ ਹਨ, ਜੋ ਕਿ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੋ ਰਹੀਆਂ ਚੋਣਾਂ 'ਤੇ ਦੇਸ਼ ਦੀਆਂ ਹੀ ਨਹੀਂ, ਸਗੋਂ ਸਾਰੀ ਦੁਨੀਆਂ ਦੀਆਂ ਨਜ਼ਰਾਂ ਟਿੱਕੀਆਂ ਹੋਈਆਂ ਹਨ ਕਿਉਂਕਿ ਪੰਜਾਬ ਦੇ ਸਹਿਯੋਗ ਨਾਲ ਹੀ ਹਿੰਦੁਸਤਾਨ ਵਿਸ਼ਵ ਗੁਰੂ ਬਣ ਸਕਦਾ ਹੈ। ਉਨ੍ਹਾਂ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ 4 ਫਰਵਰੀ ਨੂੰ ਅਕਾਲੀ ਦਲ-ਭਾਜਪਾ ਗੱਠਜੋੜ ਦਾ ਸਾਥ ਦੇ ਕੇ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰਨ। ਉਨ੍ਹਾਂ ਕਿਹਾ ਕਿ 2014 ਤੋਂ ਪਹਿਲਾਂ ਜਦੋਂ ਕਾਂਗਰਸ ਦੀ ਸਰਕਾਰ ਕੇਂਦਰ ਵਿੱਚ ਸੀ, ਉਦੋਂ ਪੰਜਾਬ ਦੇ ਹਾਲਾਤ ਦਹਿਸ਼ਤ ਅਤੇ ਡਰਾਉਣ ਵਾਲੇ ਸਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿ-ੰਦਰ ਮੋਦੀ ਦੀ ਅਗਵਾਈ ਵਿੱਚ ਇਸ ਸਰਕਾਰ ਨੂੰ ਢਾਈ ਸਾਲ ਬੀਤ ਚੁੱਕੇ ਹਨ, ਪਰ ਅਜੇ ਤੱਕ ਇਸ ਸਰਕਾਰ 'ਤੇ ਭ੍ਰਿਸ਼ਟਾਚਾਰ ਦਾ ਇੱਕ ਵੀ ਦੋਸ਼ ਨਹੀਂ ਲੱਗਿਆ। ਰਾਜਨਾਥ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਮ ਦੇਸ਼ ਦੀਆਂ ਵੱਡੀਆਂ ਸਿਆਸੀ ਸ਼ਖ਼ਸੀਅਤਾਂ ਵਿੱਚ ਲਿਆਂ ਜਾਂਦਾ ਹੈ। ਪਰ ਅੱਜ ਵਿਰੋਧੀਆਂ ਦੀ ਸ਼ਹਿ 'ਤੇ ਸ੍ਰੀ ਬਾਦਲ 'ਤੇ 'ਹਿੰਸਕ' ਕਾਰਵਾਈ ਕਰਨ ਦੀਆਂ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ। ਰਾਜਨਾਥ ਸਿੰਘ ਨੇ ਕਿਹਾ ਕਿ ਜੇ ਕਿਸੇ ਨੇ ਵੋਟ ਨਹੀਂ ਪਾਉਣੀ ਤਾਂ ਨਾ ਪਾਵੇ, ਪਰ ਹਿੰਸਾ ਫੈਲਾਉਣ ਦੀ ਕੋਸ਼ਿਸ਼ ਨਾ ਕਰੇ।



ਉਨ੍ਹਾਂ ਕਾਂਗਰਸ ਦੇ ਨੌਜਵਾਨ ਆਗੂ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਉਹ ਆਪਣਾ ਜਨਮ ਦਿਨ ਤਾਂ ਵਿਦੇਸ਼ਾਂ ਵਿੱਚ ਮਨਾਉਂਦੇ ਹਨ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇੜੀ ਦਸਦੇ ਹਨ। ਉਨ੍ਹਾਂ ਕਿਹਾਂ ਕਿ ਪਾਕਿਸਤਾਨ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਬਰਬਾਦ ਕਰਨ ਲਈ ਕਦੇ ਨਸ਼ੇ ਸਪਲਾਈ ਕਰਦਾ ਹੈ ਤੇ ਕਦੇ ਦਹਿਸ਼ਤੀ ਹਮਲੇ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਰਕਾਰ ਬਣਦੇ ਸਾਰ ਅਜਿਹੀਆਂ ਘਟ-ਨਾਵਾਂ ਨੂੰ ਸਖ਼ਤੀ ਨਾਲ ਰੋਕਿਆ ਜਾਵੇਗਾ।

ਹਲਕਾ ਅਬੋਹਰ ਦੇ ਉਮੀਦਵਾਰ ਅਰੁਣ ਨਾਰੰਗ ਨੇ ਕਿਹਾ ਕਿ ਉਹ ਬਿਨਾ ਕਿਸੇ ਭੇਦ-ਭਾਵ ਦੇ ਲੋਕਾਂ ਦੀ ਸੇਵਾ ਕਰਨਗੇ ਅਤੇ ਸ਼ਹਿਰ ਵਾਸੀਆਂ ਨੂੰ ਸਹੂਲਤਾਂ ਮੁਹੱਈਆ ਕਰਵਾਉਣਗੇ। ਪੰਜਾਬ ਭਾਜਪਾ ਦੇ ਪ੍ਰਧਾਨ ਵਿਜੇ ਸਾਂਪਲਾ ਰੈਲੀ ਵਿੱਚ ਦੇਰੀ ਨਾਲ ਪੁੱਜੇ। ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਸ੍ਰੀ ਨਾਰੰਗ ਨੂੰ ਕਾਮਯਾਬ ਬਣਾਉਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਫ਼ਾਜ਼ਿਲਕਾ ਤੋਂ ਭਾਜਪਾ-ਅਕਾਲੀ ਦਲ ਦੇ ਉਮੀਦਵਾਰ ਸੁਰਜੀਤ ਕੁਮਾਰ ਜਿਆਣੀ ਦੇ ਹੱਕ ਵਿੱਚ ਕਰਵਾਈ ਰੈਲੀ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਸ੍ਰੀ ਜਿਆਣੀ ਨੂੰ ਜਿਤਾਓ ਤੇ ਉਹ ਧੰਨਵਾਦ ਕਰਨ ਮੁੜ ਫ਼ਾਜ਼ਿਲਕਾ ਆਉਣਗੇ। ਰਾਜਨਾਥ ਸਿੰਘ ਨੇ ਕਾਂਗਰਸ ਤੇ 'ਆਪ' ਦੇ ਸ਼ਾਸਨ ਨੂੰ ਫੇਲ੍ਹ ਕਰਾਰ ਦਿੰਦਿਆਂ ਕਿਹਾ ਕਿ ਦਿੱਲੀ ਜਿਹੇ ਛੋਟੇ ਸੂਬੇ ਵਿੱਚ ਸ਼ਾਸਨ ਕਰਨ 'ਚ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਫੇਲ੍ਹ ਰਹੀ ਹੈ ਤੇ ਪੂਰੇ ਦੇਸ਼ ਵਿੱਚੋਂ ਕਾਂਗਰਸ ਦਾ ਸਫ਼ਾਇਆ ਹੋ ਰਿਹਾ ਹੈ।

## ਭਾਜਪਾ ਅਤੇ ਕਾਂਗਰਸ ਨੇ ਬਣਾਇਆ 'ਆਪ' ਨੂੰ ਨਿਸ਼ਾਨਾ

**ਜਲੰਧਰ-** ਰਵਾਇਤੀ ਪਾਰਟੀਆਂ ਭਾਜਪਾ ਅਤੇ ਕਾਂਗਰਸ ਨੇ ਆਮ ਆਦਮੀ ਪਾਰਟੀ 'ਤੇ ਇਕੱਠਿਆਂ ਨਿਸ਼ਾਨਾ ਸਾਧਿਆ ਹੈ। ਇਕੋ ਵੇਲੇ ਜਲੰਧਰ ਵਿੱਚ ਵੱਖ-ਵੱਖ ਥਾਵਾਂ 'ਤੇ ਪ੍ਰੈਸ ਕਾਨਫਰੰਸਾਂ ਵਿੱਚ ਭਾਜਪਾ ਅਤੇ ਕਾਂਗਰਸ ਨੇ ਦਿੱਲੀ ਦੀ 'ਆਪ' ਸਰਕਾਰ ਦਾ ਰਿਪੋਰਟ ਕਾਰਡ ਪੇਸ਼ ਕੀਤਾ।

ਭਾਜਪਾ ਵੱਲੋਂ ਪਾਰਟੀ ਦੇ ਕੌਮੀ ਉਪ ਪ੍ਰਧਾਨ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਪ੍ਰਭਾਤ ਝਾਅ ਅਤੇ ਕਾਂਗਰਸ ਵੱਲੋਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਧੀ ਅਤੇ ਦਿੱਲੀ ਕਾਂਗਰਸ ਦੀ ਤਰਜਮਾਨ ਸ਼ਰਮਿਸ਼ਠਾ ਮੁਖਰਜੀ ਨੇ ਕੇਜਰੀਵਾਲ ਸਰਕਾਰ ਦੇ ਦਿੱਲੀ ਦੇ ਵਿਕਾਸ ਦੇ ਦਾਅਵਿਆਂ ਨੂੰ ਝੂਠਾ ਦੱਸਿਆ।

ਪ੍ਰਭਾਤ ਝਾਅ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੇ ਮੁੱਦਿਆਂ 'ਤੇ ਆਮ ਆਦਮੀ ਪਾਰਟੀ ਨੇ ਦਿੱਲੀ ਦੀਆਂ ਚੋਣਾਂ ਲੜੀਆਂ ਸਨ, ਉਨ੍ਹਾਂ ਵਿੱਚੋਂ 24 ਮੁੱਦਿਆਂ 'ਤੇ ਕੇਜਰੀਵਾਲ ਸਰਕਾਰ ਫੇਲ੍ਹ ਸਾਬਿਤ ਹੋਈ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ ਨੇ ਹਰ ਸਾਲ ਤਕਨੀਕੀ ਖੇਤਰ ਵਿੱਚ ਇਕ ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਅਤੇ ਹੁਣ ਉਹ ਦੱਸਣ ਕਿ ਦੋ ਸਾਲਾਂ ਵਿੱਚ ਦੋ ਲੱਖ ਨੌਜਵਾਨ ਕਿੱਥੇ ਹਨ, ਜਿਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 'ਆਪ' ਨੇ 500 ਨਵੇਂ ਸਕੂਲ ਬਣਾਉਣ ਦਾ ਵਾਅਦਾ ਕੀਤਾ ਸੀ ਅਤੇ ਉਸ ਹਿਸਾਬ ਨਾਲ ਦਿੱਲੀ ਵਿੱਚ ਹੁਣ ਤੱਕ 200 ਸਕੂਲ ਬਣ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਮੁਫ਼ਤ ਦਵਾਈਆਂ ਦੇਣ ਵਾਲਾ ਦਾਅਵਾ ਵੀ ਬਿਲਕੁਲ ਝੂਠਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਸਾਰੇ ਹੀ ਵਾਅਦਿਆਂ ਤੋਂ ਮੁੱਕਰ ਗਈ ਹੈ।

ਉਧਰ ਰਾਸ਼ਟਰਪਤੀ ਦੀ ਧੀ ਸ਼ਰਮਿਸ਼ਠਾ ਮੁਖਰਜੀ ਨੇ ਪ੍ਰੈਸ ਕਾਨਫਰੰਸ ਕਰਕੇ ਇਨ੍ਹਾਂ ਮੁੱਦਿਆਂ 'ਤੇ 'ਆਪ' ਨੂੰ ਘੇਰਦਿਆਂ ਕਿਹਾ ਕਿ ਹੁਣ ਤੱਕ ਕੇਜਰੀਵਾਲ ਸਰਕਾਰ ਨੇ ਸਿਰਫ 274 ਜਣਿਆਂ ਨੂੰ ਰੁਜ਼ਗਾਰ ਦਿੱਤਾ ਹੈ, ਜਦੋਂਕਿ ਵਾਅਦੇ ਅਨੁਸਾਰ 2 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਚਾਹੀਦਾ ਸੀ।

ਉਨ੍ਹਾਂ ਕਿਹਾ ਕਿ ਕੇਜਰੀਵਾਲ ਸਰਕਾਰ ਨੇ ਸਿਰਫ਼ ਇੱਕ ਹੀ ਸਕੂਲ ਬਣਾਇਆ ਹੈ, ਜਦੋਂਕਿ ਵਾਅਦੇ ਅਨੁਸਾਰ 200 ਸਕੂਲ ਖੁੱਲ੍ਹਣੇ ਚਾਹੀਦੇ ਸਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਸਰਕਾਰ ਨੇ ਆਪਣੇ ਵਿਧਾਇਕਾਂ ਦੀ ਤਨਖ਼ਾਹ 40 ਹਜ਼ਾਰ ਤੋਂ ਵਧਾ ਕੇ 2.60 ਲੱਖ ਕਰ ਦਿੱਤੀ, ਜਦੋਂਕਿ ਆਮ ਸਰਕਾਰੀ ਕਾਮਿਆਂ ਨੂੰ ਤਨਖ਼ਾਹ ਵੀ ਨਹੀਂ ਮਿਲ ਰਹੀ ਹੈ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਤੋਂ ਸੁਚੇਤ ਹੋਣ ਲਈ ਕਿਹਾ।

## ਚਾਰ ਕਾਂਗਰਸੀ ਉਮੀਦਵਾਰ ਹਲਕਾ ਪਾਇਲ ਨਾਲ ਸਬੰਧਤ

**ਦੋਰਾਹਾ-** ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੰਜਾਬ ਵਿਧਾਨ ਸਭਾ ਦੀਆਂ ਹੋ ਰਹੀਆਂ ਚੋਣਾਂ ਵਿੱਚ ਚਾਰ ਕਾਂਗਰਸੀ ਉਮੀਦਵਾਰ ਹਲਕਾ ਪਾਇਲ ਨਾਲ ਸਬੰਧਤ ਹਨ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੀ.ਏ. ਰਹੇ ਮਲਕੀਤ ਸਿੰਘ ਦਾਖਾ ਪਾਇਲ ਹਲਕੇ ਨਾਲ ਸਬੰਧਤ ਹਨ, ਉਨ੍ਹਾਂ ਦਾ ਆਪਣਾ ਜੱਦੀ ਪਿੰਡ ਦੋਰਾਹੇ ਨੇੜੇ ਬਿਲਾਸਪੁਰ ਹੈ। ਉਹ ਪਹਿਲਾਂ ਮਲਕੀਤ ਸਿੰਘ ਬਿਲਾਸਪੁਰ ਦੇ ਨਾਂ ਨਾਲ ਜਾਣੇ ਜਾਂਦੇ ਸਨ, ਪਰ ਹਲਕਾ ਦਾਖਾ ਤੋਂ ਚੋਣ ਲੜਨ ਕਾਰਨ ਉਹ ਮਲਕੀਤ ਸਿੰਘ ਦਾਖਾ ਬਣ ਗਏ। ਉਨ੍ਹਾਂ ਨੇ ਦੋ ਵਾਰ ਹਲਕਾ ਦਾਖਾ ਤੋਂ ਚੋਣ ਲੜੀ ਅਤੇ ਪੰਜਾਬ ਦੇ ਮੰਤਰੀ ਵੀ ਬਣੇ। ਇਸ ਵਾਰ ਫਿਰ ਕਾਂਗਰਸ ਦੀ ਟਿਕਟ 'ਤੇ ਜਗਰਾਉਂ ਤੋਂ ਚੋਣ ਲੜ ਰਹੇ ਹਨ। ਇਸੇ ਤਰ੍ਹਾਂ ਹਲਕਾ ਪਾਇਲ (ਰਿਜ਼ਰਵ) ਤੋਂ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਲਖਵੀਰ ਸਿੰਘ ਲੱਖਾ ਕਸਬਾ ਪਾਇਲ ਦੇ ਰਹਿਣ ਵਾਲੇ ਹਨ।

ਉਹ ਸਾਬਕਾ ਮੰਤਰੀ ਤੇਜ ਪ੍ਰਕਾਸ਼ ਸਿੰਘ ਕੋਟਲੀ ਦੇ ਪੀ.ਏ. ਸਨ ਅਤੇ ਸ੍ਰੀ ਕੋਟਲੀ ਦੇ ਪਰਿਵਾਰ ਸਦਕਾ ਹੀ ਉਨ੍ਹਾਂ ਨੂੰ 2012 ਦੀਆਂ ਚੋਣਾਂ ਵਿੱਚ ਹਲਕਾ ਪਾਇਲ ਤੋਂ ਕਾਂਗਰਸ ਦੀ ਟਿਕਟ ਮਿਲੀ ਸੀ। ਉਨ੍ਹਾਂ ਨੇ ਆਪਣੇ ਵਿਰੋਧੀ ਅਕਾਲੀ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਸਿਰਫ਼ 630 ਵੋਟਾਂ ਦੇ ਫ਼ਰਕ ਨਾਲ ਹਾਰੇ। ਇਸ ਵਾਰ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਪਾਇਲ ਹਲਕੇ ਤੋਂ ਟਿਕਟ ਦਿੱਤਾ ਹੈ।

ਇਨ੍ਹਾਂ ਤੋਂ ਇਲਾਵਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਅਤੇ ਸਾਬਕਾ ਮੰਤਰੀ ਤੇਜ ਪ੍ਰਕਾਸ਼ ਸਿੰਘ ਦੇ ਪੁੱਤਰ ਗੁਰਕੀਰਤ ਸਿੰਘ ਕੋਟਲੀ ਪਾਇਲ ਹਲਕੇ ਦੇ ਪਿੰਡ ਕੋਟਲੀ ਦੇ ਰਹਿਣ ਵਾਲੇ ਹਨ। ਉਨ੍ਹਾਂ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਖੰਨਾ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਅਤੇ ਇਸ ਵਾਰ ਵੀ ਉਥੇ ਹੀ ਕਿਸਮਤ ਅਜ਼ਮਾ ਰਹੇ ਹਨ। ਬੇਅੰਤ ਸਿੰਘ ਦੇ ਦੂਜੇ ਪੋਤਰੇ ਰਵਨੀਤ ਸਿੰਘ ਜਲਾਲਾਬਾਦ ਤੋਂ ਵਿਧਾਨ ਸਭਾ ਦੀ ਚੋਣ ਲੜ ਰਹੇ ਹਨ।

## ਸੁਖਬੀਰ ਨੇ ਬਾਦਲ ਪਰਿਵਾਰ ਦੁਫਾੜ ਕੀਤਾ: ਗੁਰਦਾਸ ਬਾਦਲ

**ਬਠਿੰਡਾ-** ਸਾਬਕਾ ਸੰਸਦ ਮੈਂਬਰ ਗੁਰਦਾਸ ਸਿੰਘ ਬਾਦਲ ਨੇ ਆਖਿਆ,'ਸੁਖਬੀਰ ਬਾਦਲ ਨੇ ਮਨਪ੍ਰੀਤ ਨੂੰ ਲਾਂਭੇ ਕਰਨ ਖ਼ਾਤਰ ਬਾਦਲ ਪਰਿਵਾਰ ਨੂੰ ਦੁਫਾੜ ਕੀਤਾ ਜਿਸ ਦਾ ਸਾਨੂੰ ਦੋਵੇਂ ਭਰਾਵਾਂ (ਦਾਸ ਤੇ ਪਾਸ਼) ਨੂੰ ਅਫਸੋਸ ਹੈ।' ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਵਿੱਚ ਕੋਈ ਝਗੜਾ ਨਹੀਂ ਸੀ ਪਰ ਸੁਖਬੀਰ ਨੂੰ ਡਰ ਸੀ ਕਿ ਕਿਤੇ ਮਨਪ੍ਰੀਤ ਅੱਗੇ ਨਾ ਨਿਕਲ ਜਾਵੇ। ਮੁੱਖ ਮੰਤਰੀ ਨੇ ਵੀ ਸੁਖਬੀਰ ਸਿੰਘ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਇਕੱਠੇ ਰਹਿਣ 'ਚ ਹੀ ਪਰਿਵਾਰ ਦੀ ਤਾਕਤ ਹੈ ਪਰ ਉਹ ਸਮਝਿਆ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਸੁਖਬੀਰ ਤੇ ਹਰਸਿਮਰਤ 'ਚ ਹੰਕਾਰ ਬਹੁਤ ਆ ਗਿਆ ਹੈ ਅਤੇ ਮੁੱਖ ਮੰਤਰੀ ਦੇ ਕੁਝ ਵੱਸ ਵਿੱਚ ਨਹੀਂ ਹੈ।



ਸਿਆਸਤ ਨੇ ਪਰਿਵਾਰ ਵੰਡ ਦਿੱਤਾ ਤੇ ਹੁਣ ਤਾਂ ਰਾਹ ਹੀ ਵੱਖ ਹੋ ਗਏ ਹਨ। ਗੁਰਦਾਸ ਬਾਦਲ ਨੇ ਇੱਕ ਵਿਸ਼ੇਸ਼ ਇੰਟਰਵਿਊ 'ਚ ਇਹ ਵੀ ਖੁਲਾਸਾ ਕੀਤਾ ਕਿ ਮਨਪ੍ਰੀਤ ਬਾਦਲ ਅਸਲ ਵਿੱਚ ਅਧਿਆਪਕ ਬਣਨਾ ਚਾਹੁੰਦਾ ਸੀ ਤੇ ਸਿਆਸਤ ਤੋਂ ਦੂਰ ਰਹਿਣਾ ਚਾਹੁੰਦਾ ਸੀ। ਕਾਬਲ ਹੋਣ ਕਰਕੇ ਉਸ ਨੂੰ ਸਿਆਸਤ ਵਿੱਚ ਲੈ ਆਂਦਾ। ਸੁਖਬੀਰ ਬਾਦਲ ਦੇ ਮੁੱਖ ਮੰਤਰੀ ਬਣਨ 'ਤੇ ਸਾਨੂੰ ਕੋਈ ਇਤਰਾਜ਼ ਨਹੀਂ ਸੀ ਪਰ ਉਸ ਵਿੱਚ ਕਾਬਲੀਅਤ ਨਹੀਂ।

ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਪੋਤਰਾ ਅਰਜਨ ਵੀ ਸਿਆਸਤ 'ਚ ਆਏਗਾ। ਉਨ੍ਹਾਂ ਸੁਰੱਖਿਆ ਦੇ ਮੁੱਦੇ 'ਤੇ ਆਖਿਆ ਕਿ ਉਨ੍ਹਾਂ ਕਦੇ ਵੀ ਲਾਲ ਬੱਤੀ ਵਾਲੀ ਗੱਡੀ ਅਤੇ ਗੰਨਮੈਨਾਂ ਦੀ ਮੰਗ ਨਹੀਂ ਕੀਤੀ ਪਰ ਮੁੱਖ ਮੰਤਰੀ ਦਾ ਭਰਾ ਹੋਣ ਦੇ ਨਾਤੇ ਆਪਣੇ ਆਪ ਹੀ ਸੁਰੱਖਿਆ ਦੇ ਦਿੱਤੀ ਅਤੇ ਗੱਡੀ ਭੇਜ ਦਿੱਤੀ। ਗੁਰਦਾਸ ਬਾਦਲ ਨੇ ਬਿਕਰਮ ਮਜੀਠੀਆ 'ਤੇ ਸਿੱਧੀ ਕੋਈ ਟਿੱਪਣੀ ਨਹੀਂ ਕੀਤੀ। ਉਨ੍ਹਾਂ ਆਖਿਆ ਕਿ ਜਦੋਂ ਕਦੇ ਉਹ ਬਿਮਾਰ ਹੋ ਜਾਂਦੇ ਹਨ ਤਾਂ ਮੁੱਖ ਮੰਤਰੀ ਉਸ ਦਾ ਪਤਾ ਲੈਣ ਆਉਂਦੇ ਹਨ ਪਰ ਸਿਆਸਤ ਦੀ ਹੁਣ ਕਦੇ ਕੋਈ ਗੱਲ ਨਹੀਂ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬਠਿੰਡਾ ਸ਼ਹਿਰੀ ਸੀਟ ਤੋਂ ਮਨਪ੍ਰੀਤ ਜਿੱਤੇਗਾ ਅਤੇ ਕਾਂਗਰਸ ਸਰਕਾਰ ਬਣੇਗੀ।

## ਦਲਿਤਾਂ ਲਈ ਸੰਘਰਸ਼ ਕਮੇਟੀ ਵੱਲੋਂ (ਨੋਟਾ) ਦੀ ਵਰਤੋਂ ਦਾ ਸੱਦਾ

**ਚੰਡੀਗੜ੍ਹ-** ਦਲਿਤਾਂ ਨੂੰ ਸ਼ਾਮਲਾਟ ਜ਼ਮੀਨਾਂ ਵਿੱਚੋਂ ਇੱਕ ਤਿਹਾਈ ਹਿੱਸਾ ਦਿਵਾਉਣ ਅਤੇ ਹੋਰ ਮੰਗਾਂ ਉੱਤੇ ਸੰਘਰਸ਼ ਲਈ ਹੋਂਦ ਵਿੱਚ ਆਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਸੰਘਰਸ਼ਾਂ ਵਿੱਚ ਸ਼ਾਮਲ ਰਹੇ ਲੋਕਾਂ ਦੀ ਰਾਇ ਲੈਣ ਤੋਂ ਬਾਅਦ ਤਿੰਨ ਜ਼ਿਲ੍ਹਿਆਂ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਨਾਪਸੰਦਗੀ (ਨੋਟਾ) ਦਾ ਬਟਨ ਦਬਾਉਣ ਦਾ ਫ਼ੈਸਲਾ ਕੀਤਾ ਹੈ। ਨੌਜਵਾਨ ਭਾਰਤ ਸਭਾ ਨੇ ਇਕੱਲੇ ਸੰਗਰੂਰ ਜ਼ਿਲ੍ਹੇ ਵਿੱਚ ਨੋਟਾ ਬਾਰੇ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ ਹੈ। ਇਹ ਦੋਵੇਂ ਜਥੇਬੰਦੀਆਂ ਸੀਪੀਆਈ (ਐਮਐਲ) ਨਿਊਡੈਮੋਕਰੇਸੀ ਨਾਲ ਸਬੰਧਤ ਹਨ। ਪਾਰਟੀ ਨੇ ਦਸ ਸੀਟਾਂ ਉੱਤੇ ਉਮੀਦਵਾਰ ਖੜ੍ਹੇ ਕਰ ਕੇ ਬਾਕੀ ਥਾਵਾਂ ਉੱਤੇ ਖੱਬੇ ਪੱਖੀ ਜਾਂ ਕਿਸੇ ਹੋਰ ਉਮੀਦਵਾਰ ਦੀ ਹਮਾਇਤ ਨਾ ਕਰਨ ਦਾ ਫ਼ੈਸਲਾ ਕੀਤਾ ਹੋਇਆ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪਿਛਲੇ ਲਗਪਗ ਤਿੰਨ ਸਾਲਾਂ ਤੋਂ ਸੰਗਰੂਰ, ਪਟਿਆਲਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਸਰਗਰਮ ਹੈ। ਵੋਟਾਂ ਦੌਰਾਨ ਕੋਈ ਸਟੈਂਡ ਲਏ ਜਾਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਜਥੇਬੰਦੀ ਨੇ ਕਮੇਟੀ ਦੇ ਪ੍ਰਭਾਵ ਵਾਲੇ ਪਿੰਡਾਂ ਦੇ ਲੋਕਾਂ ਦੀ ਰਾਇ ਲੈਣ ਦਾ ਫ਼ੈਸਲਾ ਕਰ ਲਿਆ ਹੈ।

## ਪੰਜਾਬ ਵਿਧਾਨ ਸਭਾ ਚੋਣਾਂ

# ਇਸ ਵਾਰ ਕੌਣ-ਕੌਣ ਆਖਰੀ ਪਾਰੀ ਖੇਡ ਰਿਹੈ?



ਪੰਮੀ ਲਾਲੋ ਮਜਾਰਾ
91-95011-43755

ਕੈਪਟਨ ਅਮਰਿੰਦਰ ਨੇ ਤਾਂ ਖੁਦ ਹੀ ਐਲਾਨ ਕੀਤਾ ਹੋਇਆ ਹੈ ਕਿ ਇਸ ਵਾਰ ਉਹਨਾਂ ਦੀ ਆਖਰੀ ਪਾਰੀ ਹੈ। ਚੋਣ ਜਿੱਤੇ ਜਾਂ ਹਾਰੇ। ਪੰਜਾਬ ਕਾਂਗਰਸ ਦਾ ਬੇੜਾ ਬੰਨੇ ਲੱਗੇ ਤੇ ਜਾਂ ਅੱਧ ਵਿਚਕਾਰ ਡੁੱਬ ਜਾਵੇ, ਪਰ ਇਹ ਵਾਕਿਆ ਹੀ ਕੈਪਟਨ ਦੀ ਆਖਰੀ ਵਾਰੀ ਹੈ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਮੁੜ ਕੇ ਸੱਤਾ ਵਿਚ ਆਵੇ ਤੇ ਜਾਂ ਨਾ ਪਰ ਇਹ ਉਸਦੀ ਵੀ ਆਖਰੀ ਸਿਆਸੀ ਪਾਰੀ ਹੈ। ਕਿਉਂਕਿ ਜੇ ਅਕਾਲੀ ਦਲ ਸਪਸ਼ਟ ਬਹੁਮਤ ਪ੍ਰਾਪਤ ਕਰ ਗਿਆ ਤਾਂ ਵੀ ਪੰਜਾਬ ਦਾ ਅਗਲਾ ਮੁੱਖ ਮੰਤਰੀ ਸੁਖਬੀਰ ਬਾਦਲ ਹੀ ਹੋਵੇਗਾ। ਤੇ ਜੇ ਵਿਰੋਧੀ ਧਿਰ ਦੇ ਬੈਂਚਾਂ ਤੇ ਬੈਠਣਾ ਪਿਆ ਤਾਂ ਵੀ ਸਾਰਾ ਸਿਆਸੀ ਭਾਰ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਪੁੱਤਰ ਸੁਖਬੀਰ ਬਾਦਲ ਦੇ ਸਿਰ 'ਤੇ ਸੁੱਟ ਕੇ ਪਾਸੇ ਹੋ ਜਾਣਾ ਹੈ। ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਦੀ ਪ੍ਰਧਾਨਗੀ ਹੇਠ ਭਾਜਪਾ ਦਾ ਵੀ ਆਖਰੀ ਚੋਣ ਮਹਾਂਭਾਰਤ ਹੈ। ਜਿਸ ਮਕਸਦ ਲਈ ਉਹਨੂੰ ਪੰਜਾਬ ਦੀ ਪ੍ਰਧਾਨਗੀ ਸੌਂਪੀ ਗਈ ਸੀ, ਉਸ ਮਕਸਦ ਵਿਚੋਂ ਸਾਂਪਲਾ ਕਤਈ ਵੀ ਸਫਲ ਹੁੰਦਾ ਨਜ਼ਰ ਨਹੀਂ ਆ ਰਿਹਾ। ਮਤਲਬ ਦਲਿਤਾਂ ਨੂੰ ਭਾਜਪਾ ਦੇ ਉਹ ਦਰਸ਼ਨ ਕਰਵਾ ਹੀ ਨਹੀਂ ਸਕਿਆ। ਸਾਂਪਲਾ ਦੀ ਪ੍ਰਧਾਨਗੀ ਦਾ ਤੁਸੀਂ ਆਪ ਹੀ ਅੰਦਾਜ਼ਾ ਲਾ ਲਓ ਕਿ ਉਹ ਫਗਵਾੜਾ ਤੋਂ ਚੌਧਰੀ ਸਵਰਨਾ ਰਾਮ ਦੇ ਲੜਕੇ ਚੌਧਰੀ ਮੋਹਨ ਲਾਲ ਨੂੰ ਹਾਈ ਕਮਾਂਡ ਤੋਂ ਟਿਕਟ ਹੀ ਨਹੀਂ ਦਿਵਾ ਸਕਿਆ, ਹੋਰ ਦਲਿਤਾਂ ਦੀ ਖਾਤਰ ਹਾਈ ਕਮਾਂਡ ਨਾਲ ਇੱਜਤ ਅਣਖ ਦੀ ਖਾਤਰ ਕੀ ਮਹਾਂਭਾਰਤ ਦਾ ਯੁੱਧ ਲੜ ਸਕਦਾ ਹੈ। ਆਪਣਾ ਪੰਜਾਬ ਪਾਰਟੀ ਦਾ ਚੀਫ ਸੁੱਚਾ ਸਿੰਘ ਛੋਟੇਪੁਰ ਵੀ ਆਪਣੀ ਜ਼ਿੰਦਗੀ ਦੀ ਆਖਰੀ ਸਿਆਸੀ ਪਾਰੀ ਖੇਡ ਰਿਹਾ ਹੈ। ਉਹ ਆਪਣੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਵੀ ਨਹੀਂ ਬਚਾ ਸਕੇਗਾ। ਪੰਜਾਬ 'ਚ ਆਮ ਆਦਮੀ ਪਾਰਟੀ ਦਾ ਹਾਲ 2012 ਦੀਆਂ ਚੋਣਾਂ 'ਚ ਮਨਪ੍ਰੀਤ ਬਾਦਲ ਦੀ ਪੀ. ਪੀ. ਪੀ. ਵਰਗਾ ਹੋ ਜਾਵੇ, ਉਹਦੇ ਲਈ ਖੁਦ ਨੂੰ ਹੀਰੋ ਅਖਵਾਉਣ ਵਾਲੀ ਗੱਲ ਹੋ ਜਾਵੇਗੀ। ਵੈਸੇ ਵੀ ਪੰਜਾਬ 'ਚ ਆਪ ਜਿੰਨੀਆਂ ਸੀਟਾਂ ਤੇ ਉਜੱੜੂਗੀ, ਉਹਦਾ ਸਾਰਾ ਵੱਡਾ ਸਿਹਰਾ ਛੋਟੇਪੁਰ ਆਪਣੇ ਸਿਰ 'ਤੇ ਸਜਾਉਣ ਦਾ ਯਤਨ ਕਰੇਗਾ। ਬੇਸ਼ੱਕ ਉਹਨੂੰ ਖੁਦ ਨੂੰ ਸਿਆਸੀ ਬਹਾਰ ਮਾਫਕ ਬੈਠੇ ਜਾਂ ਨਾ। ਹੋ ਸਕਦਾ ਹੈ ਚੋਣਾਂ ਤੋਂ ਬਾਅਦ ਉਹ ਇਕ ਅੱਕ ਹੋਰ ਚੱਬਣ ਦੀ ਕੋਸ਼ਿਸ਼ ਕਰੇ। ਮਤਲਬ ਕਾਂਗਰਸ ਵਿਚ ਸ਼ਾਮਲ ਹੋ ਜਾਵੇ। ਪੰਜਾਬ ਬਸਪਾ ਦੇ ਪ੍ਰਧਾਨ ਰਹਿ ਚੁੱਕੇ ਸ. ਅਵਤਾਰ ਸਿੰਘ ਕਰੀਮਪੁਰੀ ਦਾ ਸਿਆਸੀ ਕੈਰੀਅਰ ਵੀ ਕੋਮਾ ਵਰਗਾ ਹੀ ਕਿਹਾ ਜਾ ਸਕਦਾ ਹੈ। ਮਤਲਬ ਜੇ ਉਹ ਫਿਲੌਰ ਤੋਂ ਆਪਣੀ ਸੀਟ ਜਿੱਤਣ ਵਿਚ ਸਫਲ ਹੋ ਗਿਆ ਤਾਂ ਉਹ ਦਲਿਤ ਸਮਾਜ ਦਾ ਹੀਰੋ ਬਣ ਜਾਵੇਗਾ ਤੇ ਪੰਜਾਬ ਬਸਪਾ ਦੀ ਮੁੜ ਪ੍ਰਧਾਨਗੀ ਦਾ ਗੁਣਾ ਵੀ ਕਰੀਮਪੁਰੀ ਤੇ ਪੈ ਜਾਵੇਗਾ। ਵੈਸੇ ਫਿਲੌਰ ਤੋਂ 100 ਫੀਸਦੀ ਜਿੱਤ ਦੀ ਪ੍ਰਵਾਜ਼ ਭਰਨ ਦੀ ਹਾਲਤ ਵਿਚ ਕਰੀਮਪੁਰੀ ਹੈ ਵੀ। ਲਹਿਰਾਗਾਗਾ ਤੋਂ ਕਾਂਗਰਸ ਦੀ ਸੀਟ ਤੇ ਚੋਣ ਲੜ ਰਹੀ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦੀ ਇਹ ਆਖਰੀ ਸਿਆਸੀ ਜੰਗ ਹੈ। ਜੇ ਉਹ ਜਿੱਤ ਗਈ ਤਾਂ ਪੰਜ ਸਾਲ ਲਈ ਸਿਆਸੀ ਜੀਵਨ ਹੋਰ ਮਿਲ ਜਾਵੇਗਾ, ਨਹੀਂ ਤਾਂ ਸਿਆਸਤ ਤੋਂ ਉਪਰਾਮ ਹੀ ਸਮਝੋ। ਨਵੇਂ ਸ਼ਹਿਰ ਤੋਂ ਆਪ ਦੀ ਟਿਕਟ ਤੇ ਲੜ ਰਹੇ ਮਰਹੂਮ ਸ. ਦਿਲਬਾਗ ਸਿੰਘ ਦੇ ਸਪੁੱਤਰ ਚਰਨਜੀਤ ਚੰਨੀ, ਬਲਾਚੌਰ ਤੋਂ ਅਕਾਲੀ ਦਲ ਦੀ ਟਿਕਟ ਤੇ ਲੜ ਰਹੇ ਨੰਦ ਲਾਲ ਗੁੱਜਰ ਤੇ ਕਾਂਗਰਸ ਦੀ ਟਿਕਟ ਤੇ ਲੜ ਰਹੇ ਚੌਧਰੀ ਦਰਸ਼ਨ ਸਿੰਘ, ਬੰਗਾ ਤੋਂ ਕਾਂਗਰਸ ਦੀ ਟਿਕਟ ਤੇ ਸ. ਸਤਨਾਮ ਸਿੰਘ, ਫਗਵਾੜੇ ਤੋਂ ਕਾਂਗਰਸ ਦੀ ਟਿਕਟ ਤੇ ਸ. ਜੋਗਿੰਦਰ ਸਿੰਘ ਮਾਨ, ਫਿਲੌਰ ਤੋਂ ਅਕਾਲੀ ਦਲ ਦੀ ਟਿਕਟ ਤੇ ਸ. ਬਲਦੇਵ ਸਿੰਘ ਖਹਿਰਾ, ਪਟਿਆਲਾ ਤੋਂ ਅਕਾਲੀ ਉਮੀਦਵਾਰ ਜਨਰਲ ਜੇ. ਜੇ. ਸਿੰਘ, ਲੰਬੀ ਤੋਂ ਆਪ ਦੇ ਸ. ਜਰਨੈਲ ਸਿੰਘ, ਕਾਦੀਆਂ ਤੋਂ ਸ. ਸੇਵਾ ਸਿੰਘ ਸੇਖਵਾਂ, ਡਾ. ਮੋਹਣ ਸਿੰਘ ਫਲੀਆਂਵਾਲਾ (ਆਪ), ਖੇਮਕਰਨ ਤੋਂ ਵਿਰਸਾ ਸਿੰਘ ਵਲਟੋਹਾ, ਰਾਮਪੁਰਾ ਫੂਲ ਤੋਂ ਸਿਕੰਦਰ ਮਲੂਕਾ, ਹੀਰਾ ਸਿੰਘ ਗਾਬੜੀਆ (ਅਕਾਲੀ ਦਲ ਲੁਧਿਆਣਾ), ਡੇਰਾ ਬਾਬਾ ਨਾਨਕ ਤੋਂ ਸੁੱਚਾ ਸਿੰਘ ਲੰਗਾਹ, ਮੁਹੰਮਦ ਸਦੀਕ ਤੇ ਸਤਵਿੰਦਰ ਬਿੱਟੀ ਤੇ ਤ੍ਰਿਣਾਮੂਲ ਕਾਂਗਰਸ ਦੇ ਪੰਜਾਬ ਪ੍ਰਧਾਨ ਜਗਮੀਤ ਸਿੰਘ ਬਰਾੜ ਵਰਗੇ ਵੀ ਕੁਝ ਅਜਿਹੇ ਹੀ ਸਿਆਸੀ ਚਿਹਰੇ ਹਨ ਜੋ ਇਸ ਵਾਰ ਪੰਜਾਬ ਦੀ ਸਿਆਸੀ ਫਿਜ਼ਾ 'ਚ ਆਖਰੀ ਸੰਘਰਸ਼ ਕਰ ਰਹੇ ਹਨ। ਜੇਕਰ ਪੰਜਾਬ ਵਿਚ ਕਿਸੇ ਦੀ ਵੀ ਸਪਸ਼ਟ ਬਹੁਮਤ ਨਾਲ ਸਰਕਾਰ ਨਾ ਬਣੀ ਤਾਂ ਇਕ ਵਾਰ ਜੇ ਫਿਰ ਸਾਲ ਖੰਡ ਦੇ ਅੰਦਰ ਚੋਣਾਂ ਹੋ ਗਈਆਂ ਤਾਂ ਉਪਰੋਕਤ ਚਿਹਰਿਆਂ 'ਚੋਂ ਇਕ ਵਾਰ ਫਿਰ ਮੈਦਾਨ 'ਚ ਉਤਰ ਸਕਦੇ ਹਨ, ਕਿਉਂਕਿ ਪਿਆਰ ਤੇ ਜੰਗ ਵਿਚ ਸਭ ਕੁਝ ਜਾਇਜ਼ ਹੁੰਦਾ ਹੈ।

**ਜਰਨੈਲ ਨੰਗਲ ਤੇ ਸ਼ਿੰਗਾਰਾ ਰਾਮ ਸਹੂੰਗੜਾ**

ਜਰਨੈਲ ਨੰਗਲ ਦਾ ਸਬੰਧ ਫਗਵਾੜੇ ਨਾਲ ਹੈ ਤੇ ਸਹੂੰਗੜੇ ਦਾ ਸਬੰਧ ਗੜ੍ਹਸ਼ੰਕਰ ਨਾਲ ਹੈ। ਜਰਨੈਲ ਨੰਗਰ ਇਨਸਾਫ ਪਾਰਟੀ ਦੀ ਟਿਕਟ ਤੇ ਆਪ ਦੇ ਚੋਣ ਨਿਸ਼ਾਨ ਤੇ ਮੌਜੂਦਾ ਅਸੈਂਬਲੀ ਲਈ ਚੋਣ ਲੜ ਰਿਹਾ ਹੈ ਤੇ ਸਹੂੰਗੜਾ ਗੜ੍ਹਸ਼ੰਕਰ ਤੋਂ ਦੋ ਵਾਰ ਬਸਪਾ ਦੀ ਟਿਕਟ ਤੇ ਵਿਧਾਇਕ ਰਹਿ ਚੁੱਕਾ ਹੈ। ਦੋਵੇਂ ਕਮਾਲ ਦੇ ਬੁਲਾਰੇ ਹਨ ਤੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਅੰਨ੍ਹੇ ਸ਼ਰਧਾਲੂ ਹਨ। ਦੋਵੇਂ ਹੀ ਦਲਿਤ ਸਮਾਜ ਦੇ ਦਰਦ ਨੂੰ ਜਾਣਦੇ ਵੀ ਹਨ। ਜਰਨੈਲ ਨੰਗਲ ਪਹਿਲਾਂ ਆਪ ਵਿਚ ਇਸ ਕਰਕੇ ਸ਼ਾਮਲ ਨਹੀਂ ਹੋਇਆ ਸੀ ਕਿ ਆਪ ਦੀ ਸੋਚ ਐਂਟੀ ਰਿਜ਼ਰਵੇਸ਼ਨ ਹੈ। ਤੇ ਹੁਣ ਲੱਗਭੱਗ ਦੋਵੇਂ ਜਣੇ ਹੀ ਆਪ ਵਿਚ ਹਨ। ਸਹੂੰਗੜੇ ਨੂੰ ਆਪ ਵਿਚ ਸ਼ਾਮਲ ਕਰਵਾਉਣ ਵਿਚ ਚੰਡੀਗੜ੍ਹ ਦੀ ਇਕ ਬੀਬਾ ਦਾ ਹੱਥ ਹੈ। ਜੇ ਆਪ ਸੱਤਾ 'ਚ ਆ ਗਈ ਤਾਂ ਇਹ ਦੋਵੇਂ ਜਣੇ ਮਜਬੂਰੀ ਵੱਸ ਟਿਕੇ ਰਹਿਣਗੇ, ਨਹੀਂ ਤਾਂ ਉਡਾਰੀ ਮਾਰ ਜਾਣਗੇ। ਕਿਉਂਕਿ ਸ਼ੇਰ ਨਾ ਸਿਆਸੀ ਪਿੰਜਰਿਆਂ 'ਚ ਕੈਦ ਹੀ ਰਹਿ ਸਕਦੇ ਹਨ ਤੇ ਨਾ ਹੀ ਗੁਲਾਮੀ ਦੇ ਅਹਿਸਾਸ ਦਾ ਘਾਹ ਖਾਣਾ ਹੀ ਪਸੰਦ ਕਰਦੇ ਹਨ।

**ਜੇ ਮਜੀਠੀਆ ਨਾ ਹਾਰਿਆ ਤਾਂ**

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਅਕਾਲੀ ਦਲ ਤੋਂ ਇਲਾਵਾ ਪੰਜਾਬ ਦੀਆਂ ਬਾਕੀ ਜਿੰਨੀਆਂ ਵੀ ਸਿਆਸੀ ਪਾਰ-ਟੀਆਂ ਨੇ ਉਹ ਸਭ ਮਜੀਠੀਆ ਨੂੰ ਪਾਣੀ ਪੀ-ਪੀ ਕੇ ਕੋਸਦੀਆਂ ਹਨ, ਮਤਲਬ ਪੰਜਾਬ 'ਚ ਫੈਲੇ ਡਰੱਗਸ ਦੇ ਧੰਦੇ ਦਾ ਸਰਗਣਾ ਦੱਸਦੀਆਂ ਹਨ। ਪਰ ਐਨੇ ਵਿਰੋਧ ਦੇ ਬਾਵਜੂਦ ਵੀ ਜੇ ਬਿਕਰਮ ਮਜੀਠੀਆ ਮਜੀਠਾ ਤੋਂ ਜਿੱਤ ਗਿਆ ਤਾਂ ਫਿਰ ਕੀ ਮਜੀਠਾ ਦੇ ਵੋਟਰਾਂ ਦੇ ਫਤਵੇ ਦਾ ਪੰਜਾਬ ਦੀਆਂ ਸਭ ਸਿਆਸੀ ਪਾਰਟੀਆਂ ਸਤਿਕਾਰ ਕਰਨਗੀਆਂ। ਮੈਨੂੰ ਲੱਗਦਾ ਮਜੀਠੀਆ ਦੀ ਜਿੱਤ ਤੋਂ ਬਾਅਦ ਡਰੱਗ ਦਾ ਸਾਰਾ ਰਾਮ ਰੌਲਾ ਮੁੱਕ ਜਾਵੇਗਾ।

**ਸ਼ੀਲਾ ਦੀਕਸ਼ਿਤ ਨੂੰ ਹੁਣ ਤੱਕ ਜੇਲ੍ਹ ਕਿਉਂ ਨਹੀਂ ਭੇਜਿਆ**

ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹਰ ਚੋਣ ਜਲਸੇ ਵਿਚ ਇਹ ਦਮਗੱਜਾ ਮਾਰਦਾ ਹੈ ਕਿ ਪੰਜਾਬ 'ਚ ਆਪ ਦੀ ਸਰਕਾਰ ਬਣ ਜਾਣ ਉਪਰੰਤ 24 ਘੰਟਿਆਂ ਦੇ ਅੰਦਰ-ਅੰਦਰ ਮਜੀਠੀਆ ਜੇਲ੍ਹ 'ਚ ਹੋਵੇਗਾ। ਇਹੀ ਦਮਗੱਜਾ ਕੇਜਰੀਵਾਲ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਮਾਰਦਾ ਹੁੰਦਾ ਸੀ ਕਿ ਜਿਸ ਦਿਨ ਦਿੱਲੀ 'ਚ ਆਪ ਦੀ ਸਰਕਾਰ ਬਣ ਗਈ ਸ਼ੀਲਾ ਦੀਕਸ਼ਿਤ ਤਿਹਾੜ ਜੇਲ੍ਹ 'ਚ ਹੋਵੇਗੀ। ਦੋ ਸਾਲ ਤੋਂ ਵੱਧ ਸਮਾਂ ਹੋ ਚੱਲਿਆ ਦਿੱਲੀ 'ਚ ਆਪ ਦੀ ਸਰਕਾਰ ਬਣਿਆਂ। ਸ਼ੀਲਾ ਦੀਕਸ਼ਿਤ ਪੂਰੇ ਉਤਰ ਪ੍ਰਦੇਸ਼ 'ਚ ਘੁੰਮ-ਘੁੰਮ ਕੇ ਸਿਆਸੀ ਫਿਜ਼ਾ ਦਾ ਆਨੰਦ ਮਾਣ ਰਹੀ ਹੈ। ਉਧਰ ਹੁਣ ਤੱਕ ਆਪ ਦੇ ਡੇਢ ਦਰਜਨ ਦੇ ਕਰੀਬ ਵਿਧਾਇਕ ਤੇ ਮੰਤਰੀ ਜੇਲ੍ਹ ਦੀ ਹਵਾ ਜ਼ਰੂਰ ਖਾ ਆਏ ਹਨ। ਇਹਨੂੰ ਕਿਸਮਤ ਦੀ ਖੇਡ ਹੀ ਸਮਝੋ ਕਿ ਇੱਧਰ ਆਪ ਨੇ ਦਲਿਤਾਂ ਤੇ ਡੋਰੇ ਪਾਉਣ ਲਈ ਉਪ ਮੁੱਖ ਮੰਤਰੀ ਦੇ ਅਹੁਦੇ ਦਾ ਸ਼ੋਸ਼ਾ ਛੱਡਿਆ ਹੋਇਆ ਹੈ ਤੇ ਉਧਰ ਦਿੱਲੀ ਦੇ ਉਪ ਮੁੱਖ ਮੰਤੀਰ ਤੇ ਕਾਨੂੰਨ ਦਾ ਸ਼ਿਕੰਜਾ ਕੱਸਿਆ ਹੋਇਆ ਹੈ।

## ਯੂ. ਪੀ. ਚੋਣਾਂ

# ਭਾਜਪਾ ਦੇ 304 ਉਮੀਦਵਾਰਾਂ ਦੀ ਲਿਸਟ ਵਿਚ ਇਕ ਵੀ ਮੁਸਲਿਮ ਨਹੀਂ

**ਲਖਨਊ-** ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਧਮਾਕੇਦਾਰ ਪ੍ਰਦਰਸ਼ਨ ਕਰਨ ਦੇ ਇਰਾਦੇ ਨਾਲ ਉਤਰ ਰਹੀ ਭਾਰਤੀ ਜਨਤਾ ਪਾਰਟੀ ਨੇ ਹੁਣ ਤੱਕ 403 ਵਿਚੋਂ 304 ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਹਨਾਂ 304 ਵੁਮੀਦਵਾਰਾਂ ਵਿਚ ਇਕ ਵੀ ਮੁਸਲਿਮ ਉਮੀਦਵਾਰ ਦਾ ਨਾਂ ਨਹੀਂ ਹੈ। ਵੱਡੇ ਲੀਡਰਾਂ ਦੇ ਪਰਿਵਾਰ ਦੇ ਲੋਕ ਸੂਚੀ ਵਿਚ ਜਗ੍ਹਾ ਪ੍ਰਾਪਤ ਕਰਨ ਵਿਚ ਸਫਲ ਰਹੇ ਹਨ। ਐਤਵਾਰ ਨੂੰ ਜਾਰੀ ਦੂਜੀ ਸੂਚੀ ਵਿਚ 155 ਵਿਚੋਂ 15 ਉਮੀਦਵਾਰ ਲੀਡਰਾਂ ਦੇ ਸਕੇ ਜਾਂ ਫਿਰ ਉਹਨਾਂ ਦੇ ਰਿਸ਼ਤੇਦਾਰ ਹਨ।

ਭਾਰਤੀ ਜਨਤਾ ਪਾਰਟੀ ਵਿਚ ਪਹਿਲੀ ਤੋਂ ਬਾਅਦ ਐਤਵਾਰ ਨੂੰ ਜੋ ਦੂਜੀ ਸੂਚੀ ਜਾਰੀ ਕੀਤੀ ਹੈ, ਵੁਸ ਵਿਚ ਕਿਸੇ ਘੱਟ ਗਿਣਤੀ ਦਾ ਨਾਂ ਨਹੀਂ ਹੈ। ਇਕ ਵੀ ਮੁਸਲਿਮ ਉਮੀਦਵਾਰ ਦੋ ਸੂਚੀਆਂ ਵਿਚ ਜਗ੍ਹਾ ਨਹੀਂ ਬਣਾ ਸਕਿਆ ਹੈ। ਭਾਜਪਾ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਨੂੰ ਇਕ ਵੱਡੀ ਚੁਣੌਤੀ ਦੇ ਰੂਪ ਵਿਚ ਲੈ ਰਹੀ ਹੈ। ਦੇਸ਼ ਦੇ ਹੋਰ ਸਿਆਸੀ ਦਲ ਵੀ ਉਤਰ ਪ੍ਰਦੇਸ਼ ਦੀ ਚੋਣ ਨੂੰ ਹੁਣ ਭਾਰਤੀ ਜਨਤਾ ਪਾਰਟੀ ਦੇ ਲਈ ਇਕ ਵੱਡੀ ਚੁਣੌਤੀ ਮੰਨ ਰਹੇ ਹਨ। ਭਾਜਪਾ ਨੇ ਉਤਰ ਪ੍ਰਦੇਸ਼ ਵਿਚ ਬਿਨਾਂ ਮੁੱਖ ਮੰਤਰੀ ਦੇ ਚਿਹਰੇ ਦੇ ਮੈਦਾਨ ਵਿਚ ਉਤਰਨ ਦਾ ਵੱਡਾ ਰਿਸਕ ਲਿਆ ਹੈ। ਇੱਥੇ ਵੀ ਪਾਰਟੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਿਹਰੇ 'ਤੇ ਚੋਣ ਲੜ ਰਹੀ ਹੈ।

**ਲੀਡਰਾਂ ਦੇ ਰਿਸ਼ਤੇਦਾਰ ਹਾਵੀ**

ਭਾਜਪਾ ਨੇ ਜੋ ਦੂਜੀ ਲਿਸਟ ਜਾਰੀ ਕੀਤੀ ਹੈ ਉਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ 'ਪਰਿਵਾਰ ਦੇ ਲੋਕਾਂ ਲਈ ਟਿਕਟ ਨਾ ਮੰਗੋ' ਨੂੰ ਕਿਨਾਰੇ ਕਰ ਦਿੱਤਾ ਗਿਆ ਹੈ। ਇਸ ਲਿਸਟ ਵਿਚ ਉਹਨਾਂ ਦੀ ਇਹ ਅਪੀਲ ਬੇਅਸਰ ਨਜ਼ਰ ਆਈ। ਇਸ ਵਿਚ ਭਾਜਪਾ ਲੀਡਰਾਂ ਦੇ 15 ਰਿਸ਼ਤੇਦਾਰਾਂ ਅਤੇ ਬਾਹਰਲੇ ਲੋਕਾਂ ਨੂੰ ਤਵੱਜੋਂ ਦਿੱਤੀ ਗਈ ਹੈ। 94 ਨਵੇਂ ਚਿਹਰੇ ਹਨ। ਦੂਜੀ ਪਾਰਟੀ ਤੋਂ ਆਏ 30 ਲੋਕਾਂ ਨੂੰ ਵੀ ਟਿਕਟ ਦਿੱਤੀ ਗਈ ਹੈ।

ਇਸ ਵਾਰ ਦੀ ਲਿਸਟ ਵਿਚ 52 ਫੀਸਦੀ ਸਵਰਣਾਂ ਨੂੰ ਟਿਕਟ ਦਿੱਤੀ ਗਈ ਹੈ। ਪਾਰਟੀ ਦੇ ਬੁਲਾਰੇ ਸਿਧਾਰਥ ਨਾਥ ਸਿੰਘ ਨੂੰ ਇਲਾਹਾਬਾਦ ਪੱਛਮੀ ਖੇਤਰ ਤੋਂ ਮੈਦਾਨ ਵਿਚ ਉਤਾਰਿਆ ਹੈ। ਗ੍ਰਹਿ ਮੰਤਰੀ ਰਾਜਨਾਰੁ ਸਿੰਘ ਦਾ ਮੁੰਡਾ ਪੰਕਜ ਸਿੰਘ ਨੋਇਡਾ ਤੋਂ ਚੋਣ ਲੜ ਰਿਹਾ ਹੈ। ਇਹਨਾਂ ਨੂੰ ਪਾਰਟੀ ਦੀ ਵਿਧਾਇਕ ਵਿਮਲਾ ਬਾਥਮ ਦੀ ਟਿਕਟ ਕੱਟ ਕੇ ਉਮੀਦਵਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਰਾਜਨਾਥ ਸਿੰਘ ਨੂੰ ਲਖਨਊ ਦੇ ਸਾਂਸਦ ਲਾਲਜੀ ਟੰਡਨ ਦੀ ਟਿਕਟ ਕੱਟ ਕੇ ਉਮੀਦਵਾਰ ਬਣਾਇਆ ਗਿਆ ਸੀ।

ਕਾਂਗਰਸ ਛੱਡ ਕੇ ਭਾਜਪਾ ਵਿਚ ਆਈ ਰੀਤਾ ਬਹੁਗੁਣਾ ਜੋਸ਼ੀ ਨੂੰ ਲਖਨਊ ਕੈਂਟ ਤੋਂ ਟਿਕਟ ਦਿੱਤੀ ਗਈ ਹੈ। ਉਚਹਾਰ ਤੋਂ ਸਵਾਮੀ ਪ੍ਰਸਾਦ ਮੋਰੀਆ ਦਾ ਮੁੰਡਾ ਉਤਕਰਸ਼ ਚੋਣ ਲੜ ਰਿਹਾ ਹੈ। ਇਸ ਵਾਰ ਸਵਾਮੀ ਪ੍ਰਸਾਦ ਮੌਰੀਆ ਨੂੰ ਟਿਕਟ ਨਹੀਂ ਮਿਲੀ ਹੈ। ਅਮੇਠੀ ਤੋਂ ਕਾਂਗਰਸ ਲੀਡਰ ਸੰਜੇ ਸਿੰਘ ਦੀ ਪਹਿਲੀ ਪਤਨੀ ਗਰਿਮਾ ਸਿੰਘ ਨੂੰ ਟਿਕਟ ਮਿਲੀ ਹੈ। ਬਸਪਾ ਤੋਂ ਆਏ ਬ੍ਰਜੇਸ਼ ਪਾਠਕ ਨੂੰ ਲਖਨਊ ਮੱਧ ਤੋਂ ਟਿਕਟ ਦਿੱਤੀ ਗਈ ਹੈ। ਇਲਾਹਾਬਾਦ ਉਤਰ ਤੋਂ ਸਪਾ ਨੇਤਾ ਰੰਜਨਾ ਬਾਜਪਾਈ ਦੇ ਮੁੰਡੇ ਹਰਸ਼ ਵਾਜਪਾਈ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸਾਹਸਵਾਨ ਤੋਂ ਬਸਪਾ ਦੇ ਸਾਬਕਾ ਐਮ. ਐਲ. ਸੀ. ਡੀ. ਪੀ. ਯਾਦਵ ਦੇ ਮੁੰਡੇ ਜਤਿੰਦਰ ਯਾਦਵ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ।

## ਵਿਆਹ ਜਿੰਨਾ ਚਾਅ!

**ਤਰਲੋਚਨ ਸਿੰਘ ਦੁਪਾਲਪੁਰ**
**001-408-915-1268**



ਆਪੋ ਆਪਣੇ ਸੋਹਲੇ ਹੀ ਗਾਈਂ ਜਾਂਦੇ
ਤੇਜੀ ਫੜ ਗਿਆ ਮਿਸ਼ਨ ਪ੍ਰਚਾਰ ਦਾ ਜੀ।

ਲੀਹ ਪਈ 'ਚ ਤੁਰਨੋਂ ਇਨਕਾਰ ਕਰਕੇ
ਹਰ ਕੋਈ ਨਾਅਰੇ ਤਬਦੀਲੀ ਦੇ ਮਾਰਦਾ ਜੀ।

ਦਸਾਂ ਸਾਲਾਂ ਦਾ ਗੁੱਸਾ ਹੁਣ ਭੜਕਿਆ ਏ
ਜ਼ਖਮੀ ਹੋਇਆ ਜਿਉਂ ਸ਼ੇਰ ਭਬਕਾਰਦਾ ਜੀ।

ਭਰ ਕੇ ਆਏ ਜਹਾਜ਼ ਪ੍ਰ ਦੇ
'ਯੂਥ' ਹਾਕਮਾਂ ਤਾਈਂ ਲਲਕਾਰਦਾ ਜੀ।

ਇਕੋ ਤਰਫ ਨੂੰ ਤੁਰਿਆ ਵਹੀਰ ਜਾਪੇ
ਕੋਈ ਵਿਰਲਾ ਹੀ ਝੱਲ ਖਿਲਾਰਦਾ ਜੀ।

ਚੜ੍ਹਿਆ ਚਾਅ ਜਵਾਨੀ ਪੰਜਾਬ ਦੀ ਨੂੰ
ਹੋਵੇ ਵਿਆਹ ਜਿਉਂ ਫਰਵਰੀ ਚਾਰ ਦਾ ਜੀ!

# ਭਾਰਤੀ ਸੰਵਿਧਾਨ ਸਿੱਖਾਂ ਦੀਆਂ ਰੀਝਾਂ ਤੇ ਭਾਵਨਾਵਾਂ 'ਤੇ ਪੂਰਾ ਨਹੀ ਉਤਰਿਆ: ਦਲ ਖ਼ਾਲਸਾ

**ਅੰਮ੍ਰਿਤਸਰ-** ਦਲ ਖਾਲਸਾ ਜਥੇਬੰਦੀ ਨੇ ਇੱਥੇ ਭਾਰਤੀ ਸੰਵਿਧਾਨ, ਚੋਣ ਪ੍ਰਣਾਲੀ ਤੇ ਸਵੈ ਨਿਰਣੇ ਦੇ ਹੱਕ ਵਿਸ਼ੇ 'ਤੇ ਕਰਵਾਈ ਕਨਵੈਨਸ਼ਨ ਵਿੱਚ ਆਖਿਆ ਕਿ ਭਾਰਤੀ ਸੰਵਿਧਾਨ ਹੁਣ ਤਕ ਸਿੱਖਾਂ ਦੀਆਂ ਰੀਝਾਂ ਤੇ ਭਾਵਨਾਵਾਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਿਹਾ ਹੈ। ਇਸ ਲਈ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਦਾ ਚਿਹਰਾ ਭਾਵੇਂ ਕੋਈ ਵੀ ਸਿਆਸੀ ਆਗੂ ਬਣੇ, ਕੌਮ ਦੇ ਹਾਲਾਤ ਵਿੱਚ ਕੋਈ ਹਾਂ-ਪੱਖੀ ਫ਼ਰਕ ਨਹੀਂ ਪਵੇਗਾ। ਇਸ ਮੌਕੇ ਪਾਸ ਕੀਤੇ ਮਤੇ ਵਿੱਚ ਕਿਹਾ ਗਿਆ ਕਿ ਉਨ੍ਹਾਂ ਦੀ ਜਥੇਬੰਦੀ ਭਾਰਤੀ ਨਿਜ਼ਾਮ ਅਧੀਨ ਹੋ ਰਹੀਆਂ ਚੋਣਾਂ ਤੋਂ ਦੂਰ ਰਹੇਗੀ ਤੇ ਕੋਈ ਵੀ ਮੈਂਬਰ ਵੋਟ ਨਹੀਂ ਪਾਵੇਗਾ।





ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹ ''ਸਾਡੀਆਂ ਕੌਮੀ ਰੀਝਾਂ ਤੇ ਇੱਛਾਵਾਂ ਐਨੀਆਂ ਸਸਤੀਆਂ ਨਹੀਂ ਹਨ, ਜਿਨ੍ਹਾਂ ਨੂੰ ਚੋਣਾਂ ਦੀ ਭ੍ਰਿਸ਼ਟ ਖੇਡ ਤੋਂ ਵਾਰ ਦਿੱਤੀ ਜਾਵੇ।'' ਉਨ੍ਹਾਂ ਕਿਹਾ ਕਿ ਚੋਣਾਂ ਰਾਹੀਂ ਸਿਰਫ਼ ਚਿਹਰੇ ਬਦਲਦੇ ਹਨ, ਸਿਸਟਮ ਨਹੀਂ ਬਦਲਦਾ। ਉਨ੍ਹਾਂ ਸਪਸ਼ਟ ਕੀਤਾ ਕਿ ਦਲ ਖ਼ਾਲਸਾ ਲੋਕਤੰਤਰ ਜਾਂ ਲੋਕਤੰਤਰਿਕ ਪ੍ਰਣਾਲੀ ਖ਼ਿਲਾਫ਼ ਨਹੀਂ ਹੈ ਪਰ ਸੁਧਾਰ ਜਾਂ ਵਿਕਾਸ ਕਦੇ ਵੀ ਕੌਮੀ ਆਜ਼ਾਦੀ ਦਾ ਬਦਲ ਨਹੀਂ ਹੋ ਸਕਦੇ। ਸੱਚੀ ਪੰਥਕ ਰਾਜਨੀਤੀ ਲਈ ਨਿਸ਼ਾਨਾ ਸਵੈ-ਨਿਰਣੇ ਦਾ ਅਧਿਕਾਰ ਹੈ, ਨਾ ਕਿ ਬਿਹਤਰ ਸੜਕਾਂ ਜਾਂ ਮਾਲ। ਇੱਕ ਮਤੇ ਵਿੱਚ ਮੰਗ ਕੀਤੀ ਗਈ ਕਿ ਪੰਜਾਬ ਦੇ ਭਵਿੱਖ ਦਾ ਫ਼ੈਸਲਾ ਸੰਯੁਕਤ ਰਾਸ਼ਟਰ ਦੇ ਪ੍ਰਬੰਧ ਹੇਠ ਸਵੈ-ਨਿਰਣੇ ਦੇ ਹੱਕ ਰਾਹੀਂ ਕੀਤਾ ਜਾਵੇ ਜਾਂ ਫਿਰ ਭਾਰਤੀ ਸੰਵਿਧਾਨ ਵਿੱਚ ਲੋੜੀਂਦੀ ਤਰਮੀਮ ਕਰਕੇ ਚੋਣ ਕਮਿਸ਼ਨ ਰਾਜਨੀਤਕ ਪਾਰਟੀਆਂ ਨੂੰ ਵੱਖ ਹੋਣ ਦੇ ਹੱਕ ਨੂੰ ਮੁੱਖ ਚੋਣ ਏਜੰਡਾ ਬਣਾ ਕੇ ਚੋਣ ਲੜਨ ਦੀ ਪ੍ਰਵਾਨਗੀ ਦੇਵੇ। ਦਲ ਖ਼ਾਲਸਾ ਅਤੇ ਸਹਿਯੋਗੀ ਜਥੇਬੰਦੀਆਂ ਸਿੱਖ ਯੂਥ ਆਫ ਪੰਜਾਬ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ 26 ਜਨਵਰੀ ਦੇ ਜਸ਼ਨਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਗਿਆ ਅਤੇ ਅਧਿਆਪਕ, ਵਿਦਿਆਰਥੀਆਂ ਤੇ ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਉਹ 26 ਜਨਵਰੀ ਦੇ ਸਰਕਾਰੀ ਜਾਂ ਗ਼ੈਰ-ਸਰਕਾਰੀ ਜਸ਼ਨਾਂ ਵਿੱਚ ਹਿੱਸਾ ਨਾ ਲੈਣ।

ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਾਜਨੀਤਕ ਤੌਰ 'ਤੇ ਸੰਵਿਧਾਨ ਨੂੰ ਫੈਡਰਲ ਕਾਰਜ-ਪ੍ਰਣਾਲੀ ਲਈ ਇਕ ਪਵਿੱਤਰ ਦਸਤਾਵੇਜ਼ ਵਾਂਗ ਪੇਸ਼ ਕੀਤਾ ਗਿਆ ਸੀ, ਜੋ ਬਾਅਦ ਵਿੱਚ ਕੇਂਦਰੀ-ਕਾਰਜ ਪ੍ਰਣਾਲੀ ਦੇ ਰੂਪ ਵਿੱਚ ਇਕ ਮੌਕਾਪ੍ਰਸਤ ਅਤੇ ਮਤਲਬਪ੍ਰਸਤ ਦਸਤਾਵੇਜ਼ ਵਜੋਂ ਵਰਤਿਆ ਗਿਆ। ਦਲ ਖ਼ਾਲਸਾ ਦੇ ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਇਹ ਕਿਸ ਤਰ੍ਹਾਂ ਦਾ ਨਿਜ਼ਾਮ ਹੈ ਕਿ ਬੇਅਦਬੀ ਹੋ ਰਹੀ ਹੋਵੇ ਤੇ ਦੋਸ਼ੀਆਂ ਨੂੰ ਕੋਈ ਸਜ਼ਾ ਨਾ ਮਲੇ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮਹੁੰਮਦ ਨੇ ਕਿਹਾ ਕਿ ਚੇਤੰਨ ਸਿੱਖ ਜਾਣਦੇ ਹਨ ਕਿ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਵਿੱਚ ਪੈਰ ਜਮਾਉਣ ਦੇਣਾ ਪੰਜਾਬ ਅਤੇ ਪੰਥ ਲਈ ਖ਼ਤਰਨਾਕ ਸਿੱਧ ਹੋ ਸਕਦਾ ਹੈ ਪਰ ਲੋਕਾਂ ਨੂੰ ਬੇਅਦਬੀ ਕਾਂਡ ਅਤੇ ਧਾਰਮਿਕ ਸੰਸਥਾਵਾਂ ਦੀ ਨਿਰਾਦਰੀ ਕਰਕੇ ਹਾਕਮਾਂ ਖ਼ਿਲਾਫ਼ ਏਨਾ ਗੁੱਸਾ ਹੈ ਕਿ ਉਹ ਅੱਕ ਚੱਬਣ ਲਈ ਮਜਬੂਰ ਹਨ। ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਕਿਹਾ ਕਿ ਭਾਰਤੀ ਸੰਵਿਧਾਨ ਹੁਣ ਤਕ ਸਿੱਖਾਂ ਦੀਆਂ ਰੀਝਾਂ ਅਤੇ ਭਾਵਨਾਵਾਂ 'ਤੇ ਪੂਰਾ ਨਹੀਂ ਉਤਰਿਆ। ਉਨ੍ਹਾਂ ਦੱਸਿਆ ਕਿ ਸੰਵਿਧਾਨ ਵਿੱਚ ਪਿਛਲੇ 67 ਸਾਲਾਂ ਅੰਦਰ 100 ਤੋਂ ਵੱਧ ਵਾਰ ਤਰਮੀਮਾਂ ਕੀਤੀਆਂ ਗਈਆਂ ਹਨ ਪਰ ਇੱਕ ਵਾਰ ਵੀ ਸਿੱਖ ਕੌਮ ਨੂੰ ਬਣਦਾ ਨਿਆਂ ਜਾਂ ਹੱਕ ਦੇਣ ਲਈ ਨਹੀਂ ਕੀਤੀ ਗਈ। ਇਸ ਮੌਕੇ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਟਾਂਡਾ ਅਤੇ ਬੁਲਾਰੇ ਪ੍ਰਭਜੋਤ ਸਿੰਘ ਨੇ ਵੀ ਸੰਬੋਧਨ ਕੀਤਾ। ਦਲ ਖ਼ਾਲਸਾ ਨੇ ਇਕ ਮਤੇ ਰਾਹੀਂ ਕਸ਼ਮੀਰ ਦੀ ਹੁਰੀਅਤ ਕਾਨਫਰੰਸ ਦਾ ਪੂਰਨ ਸਮਰਥਨ ਕੀਤਾ।

## ਫੈਸਲੇ ਦੀ ਘੜੀ

ਫੈਸਲੇ ਦੀ ਘੜੀ ਤੇ ਬਣਦੀ ਇੱਜ਼ਤ ਕਰਿਓ,
ਨਾ ਬਾਅਦ ਵਿੱਚ ਕੋਈ ਸ਼ਿਕਾਇਤ ਕਰਿਓ।

ਜੋ ਲਗਦਾ ਹੈ ਸੱਚ ਦੇ ਰਾਹ ਤੇ ਚੱਲਣਗੇ,
ਉਹਨਾਂ ਸੰਗ ਹੀ ਤੁਸੀਂ ਮੁਹੱਬਤ ਕਰਿਓ।

ਜ਼ਰੂਰੀ ਤਾਂ ਨਹੀਂ ਹੁੰਦੀ ਬਦਮਾਸੀ ਸੱਜਣਾ,
ਹੋ ਜਾਣਾ ਕੰਮ ਇਹ ਨਾਲ ਸ਼ਰਾਫਤ, ਕਰਿਓ।

ਜੇ ਨਹੀਂ ਹੈ ਤਾਕਤ ਸਿੱਧੀ ਲੜਾਈ ਲੜਨ ਦੀ,
ਇਸ ਕਨੂੰਨੀ ਰਾਹ ਨਾਲ ਬਗਾਵਤ ਕਰਿਓ।

ਤੁਹਾਡਾ ਹੀ ਲੈਕੇ ਵੰਡਦੀ ਕਿਉਂ ਕੱਟ ਲਾਕੇ,
ਹੁਣ ਪੂਰਾ ਹਿਸਾਬ ਨਾਲ ਹਕੂਮਤ ਕਰਿਓ।

ਤੁਹਡੇ ਸਾਥ ਦੀ ਲੋੜ ਸੱਚ ਦੇ ਪਹਿਰੇਦਾਰਾਂ ਨੂੰ,
ਨਾ ਇਸ ਸਾਥ ਦੀ ਮੌਕੇ ਤੇ ਕਿੱਲਤ ਕਰਿਓ।

ਨਾ ਦੇਂਦਾ ਆ ਜਾਵੇ ਫਿਰ ਮੁੱਛਾਂ ਨੂੰ ਵੱਟ ਦਿੰਦਾ,
ਤੁਸੀਂ ਭੁੱਲਕੇ ਨਾ ਏਂਦਾ ਦੀ ਹਰਕਤ ਕਰਿਓ।

**ਹਰਦੀਪ ਬਿਰਦੀ** (91-90416-00900)

# ਤੇਰੇ ਨਾਮ ਦੇ ਝੰਡੇ ਝੂਲਦੇ ਨੇ ਰਵਿਦਾਸ ਗੁਰੂ

**ਸੈਕਰਾਮੈਂਟੋ (ਡੀ. ਡੀ. ਬੀ.)-** ਲੰਘੇ ਸ਼ਨਿਚਰਵਾਰ 21 ਜਨਵਰੀ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਚੇਅਰਮੈਨ ਸ੍ਰੀ ਬਲਵਿੰਦਰ ਰੱਲ੍ਹ ਦੇ ਗ੍ਰਹਿ ਵਿਖੇ ਡੇਰਾ ਸੰਤ ਮੇਲਾ ਰਾਮ ਜੀ ਨਗਰ ਵਾਲੇ (ਜ਼ਿਲ੍ਹਾ ਜਲੰਧਰ) ਦੇ ਮੌਜੂਦਾ ਗੱਦੀ ਨਸ਼ੀਨ ਸੰਤ ਭਗਵਾਨ ਦਾਸ ਜੀ ਨੇ ਚਰਨ ਪਾਏ। ਸੰਤਾਂ ਦੀ ਆਮਦ ਤੇ ਸੈਕਰਾਮੈਂਟੋ ਅਤੇ ਇਰਦ-ਗਿਰਦ ਇਲਾਕੇ ਤੋਂ ਇਲਾਵਾ ਬੇ-ਏਰੀਆ ਪਿਟਸਬਰਗ ਆਦਿ ਤੋਂ ਉਨ੍ਹਾਂ ਦੇ ਸੇਵਕਾਂ ਨੇ ਹਾਜ਼ਰੀਆਂ ਭਰੀਆਂ ਅਤੇ ਸੰਤ ਭਗਵਾਨ ਦਾਸ ਜੀ ਦੇ ਪ੍ਰਵਚਨਾਂ ਨੂੰ ਆਨੰਦਮਈ ਸਰਵਣ ਕੀਤਾ।

ਸੰਤ ਭਗਵਾਨ ਦਾਸ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਲਾਹੀ ਬਾਣੀ ਦੀ ਓਟ ਲੈਂਦਿਆਂ ਆਪਣੇ ਸੇਵਕਾਂ ਨੂੰ ਮੁਖਾਰਬਿੰਦ ਹੁੰਦੇ ਹੋਏ, ਉਹਨਾਂ ਨੇ ਵਾਰੋ-ਵਾਰੀ :

* ਲੱਖ ਖੁਸ਼ੀਆਂ ਹੋਈਆਂ ਜੀ ਗੁਰੂ ਜੀ ਤੇਰੇ ਆਉਣ ਦੀਆਂ
** ਪ੍ਰਭ ਆਪਣੇ ਪਿਆਰਿਆਂ ਦੀ ਸਦਾ ਲਾਜ਼ ਰੱਖਦਾ ਆਇਆ,
ਅਤੇ
*** ਸਾਨੂੰ ਆਪਣੀ ਭਗਤੀ ਲਾ ਲਓ, ਸਾਨੂੰ ਆਪਣੀ ਭਗਤੀ ਲਾ ਲਓ ਜੀ
ਸਾਨੂੰ ਆਪਣੇ ਚਰਨੀ ਲਾ ਲਓ, ਸਾਨੂੰ ਆਪਣੇ ਚਰਨੀ ਲਾ ਲਓ ਜੀ

ਆਦਿ ਸ਼ਬਦਾਂ ਨਾਲ ਆਪਣੇ ਸੇਵਕਾਂ/ਸੇਵਕ ਪਰਿਵਾਰਾਂ ਨੂੰ ਨਿਹਾਲ ਕੀਤਾ। ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਮੌਜੂਦਾ ਪ੍ਰਧਾਨ ਸ੍ਰੀ ਰਮੇਸ਼ ਬੰਗੜ ਅਤੇ ਸਾਬਕਾ ਪ੍ਰਧਾਨ ਸ੍ਰੀ ਸਤੀਸ਼ ਰੱਲ੍ਹ ਨੇ ਢੋਲਕੀ/ਚਿਮਟੇ ਨਾਲ ਸਾਥ ਦਿੱਤਾ। ਸੰਤਾਂ ਦੇ ਸੇਵਕ ਬਲਵਿੰਦਰ ਰੱਲ੍ਹ ਪਰਿਵਾਰ ਵੱਲੋਂ ਇਕੱਤਰ ਸੰਤ ਸੇਵਕਾਂ ਦਾ ਚਾਹ ਪਾਣੀ ਲੰਗਰ ਨਾਲ ਸੇਵਾ ਕਰਦਿਆਂ ਸਭ ਦਾ ਧੰਨਵਾਦ ਕੀਤਾ।

************




















INDIA MARKET
SWEETS & SPICES
ਤਾਜ਼ੀਆਂ ਸਬਜ਼ੀਆਂ ਅਤੇ ਗਰੌਸਰੀ ਦਾ ਸਮਾਨ ਖਰੀਦਣ ਲਈ ਸੇਵਾ ਦਾ ਮੌਕਾ ਦਿਓ।
Cell : 916-798-8142

Buying or selling Gas Stations and Hotels



JOHN SINGH BANGA
Realtor, Lic # 01397975
916-271-5404
banga.realtor@gmail.com

All over in California

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਅਤੇ ਹੋਟਲ ਦਾ ਬਿਜ਼ਨਸ ਆਰੰਭ ਕਰਨਾ ਚਾਹੁੰਦੇ ਹੋ। ਕੀ ਤੁਸੀਂ ਆਪਣਾ ਹੋਟਲ ਦੀ ਪ੍ਰਾਪਰਟੀ ਜਾਂ ਗੈਸ ਸਟੇਸ਼ਨ ਵੇਚਣਾ ਚਾਹੁੰਦੇ ਹੋ। ਕੈਲੇਫੋਰਨੀਆ ਵਿਚ ਹੋਟਲ ਅਤੇ ਗੈਸ ਸਟੇਸ਼ਨ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ। ਅੱਜ ਹੀ ਸੰਪਰਕ ਕਰੋ।



DALVIR 'DIL' NIJJAR
Realtor, Lic # 01418648
916-628-2210
dil.realtor@gmail.com

Office: 916-681-5112
7412 Elsie Avenue, Sacramento CA 94828

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੁ ਰਵਿਦਾਸ ਮਹਾਰਾਜ ਕੀ ਜੈ !

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2



## ਜਨਵਰੀ 27, 28, 29- 2017

## ਬਰਸੀ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ

ਗੁਰੂ ਘਰ ਪਿਟਸਬਰਗ ਵਿਖੇ ਆਗਾਮੀ 27 ਤੋਂ 29 ਜਨਵਰੀ ਤੱਕ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦੀ 8ਵੀਂ ਬਰਸੀ ਸਮੂਹ ਰਾਮ ਪਰਿਵਾਰ ਵੱਲੋਂ ਮਨਾਈ ਜਾ ਰਹੀ ਹੈ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਲੰਗਰ ਦੀ ਸੇਵਾ ਹੋਵੇਗੀ। ਸ੍ਰੀ ਲਾਹੌਰੀ ਰਾਮ ਜੀ ਜੋ ਕਿ ਇਕ ਅਦਭੁਤ ਸ਼ਖਸੀਅਤ ਅਤੇ ਸਖਤ ਮਿਹਨਤੀ, ਬਿਹਤਰੀਨ ਲੀਡਰਸ਼ਿਪ ਲਈ ਜਾਣੇ ਜਾਂਦੇ ਸਨ, ਨੂੰ ਇਸ ਦਿਨ ਸਥਾਨਕ ਲੀਡਰ ਅਤੇ ਗੁਰੂ ਘਰ ਦੇ ਫਾਊਂਡਿੰਗ ਮੈਂਬਰਾਂ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ। ਅਖੰਡ ਪਾਠ ਸਾਹਿਬ 27 ਜਨਵਰੀ 2017 ਨੂੰ ਪ੍ਰਾਰੰਭ ਹੋਣਗੇ ਅਤੇ 29 ਜਨਵਰੀ ਐਤਵਾਰ ਨੂੰ ਭੋਗ ਪਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਰਾਮ ਪਰਿਵਾਰ ਅਤੇ ਕਮੇਟੀ ਵੱਲੋਂ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਨੂੰ ਸ਼ਰਧਾਂਜਲੀ ਭੇਂਟ ਕਰੋ।

## ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 640ਵਾਂ ਪ੍ਰਕਾਸ਼ ਦਿਹਾੜਾ ਫਰਵਰੀ 10-12, 2017

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਉਤਸਵ ਗੁਰੂ ਘਰ ਵਿਖੇ 12 ਫਰਵਰੀ 2017 ਨੂੰ ਮਨਾਇਆ ਜਾ ਰਿਹਾ ਹੈ। ਮਿਤੀ 10 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 12 ਫਰਵਰੀ ਨੂੰ ਪੈਣਗੇ।

**ਪ੍ਰੋਗਰਾਮਾਂ ਦਾ ਵੇਰਵਾ**

ਆਰੰਭ ਸ੍ਰੀ ਅਖੰਡ ਪਾਠ- ਫਰਵਰੀ 10, 2017 (ਸ਼ੁੱਕਰਵਾਰ) 9:20 ਵਜੇ ਸਵੇਰੇ

ਨਿਸ਼ਾਨ ਸਾਹਿਬ ਦੀ ਸੇਵਾ- ਫਰਵਰੀ 11, 2017 (ਸ਼ਨਿਚਰਵਾਰ) ਸ਼ਾਮੀ 3 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- ਫਰਵਰੀ 12, 2017 (ਐਤਵਾਰ) ਸਵੇਰੇ 9:20 ਵਜੇ

ਕੀਰਤਨ ਦੀਵਾਨ- ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 2 ਵਜੇ ਦੁਪਹਿਰ ਤੱਕ ਕੀਰਤਨ ਦੀਵਾਨ ਸਜਣਗੇ

ਸਮੂਹ ਸਾਧ ਸੰਗਤ ਵੱਲੋਂ ਲੰਗਰ ਅਤੇ ਪਾਠ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਭਾਈ ਗੁਰਚਰਨ ਸਿੰਘ ਰਸੀਆ (ਲੁਧਿਆਣੇ ਵਾਲੇ), ਗਿਆਨੀ ਗੁਰਨਾਮ ਸਿੰਘ ਅਤੇ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਪ੍ਰਕਾਸ਼ ਸਿੰਘ ਜੀ ਦੇ ਜਥੇ ਕੀਰਤਨ ਦੀਵਾਨ ਸਜਾਉਣਗੇ। ਪ੍ਰੋਗਰਾਮ ਦਰਮਿਆਨ ਵਿਦਵਾਨ ਬੁਲਾਰੇ ਅਤੇ ਕਮਿਊਨਟੀ ਲੀਡਰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਪ੍ਰਭਾਵਸ਼ਾਲੀ ਭਾਸ਼ਣ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਪ੍ਰੋਗਰਾਮ ਅਤੇ ਲੰਗਰ ਦੀ ਸੇਵਾ ਲਈ ਆਪਣੀਆਂ ਡਿਊਟੀਆਂ ਨਿਭਾਉਣ ਲਈ ਅੱਗੇ ਆਉਣ।

* ਸਟਾਲਾਂ ਅਤੇ ਹੋਰ ਕਿਸੇ ਕਿਸਮ ਦੀ ਸੇਵਾ ਲਈ ਗੁਰੂ ਘਰ ਦੇ ਪ੍ਰਧਾਨ ਕਸ਼ਮੀਰੀ ਭਾਟੀਆ (408) 460-0262 ਜਾਂ ਚੇਅਰਮੈਨ ਸ਼ਿੰਦਰ ਪਾਲ ਨਾਰੇਬਟ ਨਾਲ (925) 683-0178 ਤੇ ਸੰਪਰਕ ਕੀਤਾ ਜਾ ਸਕਦਾ ਹੈ।
* ਕਮੇਟੀ ਕੋਲ ਇੰਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸਲਾਹ ਲਈ ਅਟਾਰਨੀ ਦਾ ਵੀ ਪ੍ਰਬੰਧ ਹੈ।

| Chairperson | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |
| (925) 683-0178 | (408)460-0262 | (925) 483-1629 | (209)627-7944 |

# TANDOOR Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:
Ph. 510-885-1212
Fax. 510-885-1532

# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**

# ੴ ਸਤਿਗੁਰ ਪ੍ਰਸਾਦਿ

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।**

## ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ 17 ਤੋਂ 19 ਫਰਵਰੀ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ 17, 18 ਅਤੇ 19 ਫਰਵਰੀ 2017 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੈ।

ਸੰਗਤਾਂ ਨੂੰ ਬੇਨਤੀ ਹੈ ਕਿ ਜਿਸ ਪਰਿਵਾਰ ਨੇ ਇਹਨਾਂ ਸਮਾਗਮਾਂ ਵਿਚ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ :

Gurdara Sri Guru Ravidas Temple YUBA CITY



ਗੁਰੂ ਘਰ- 530-674-2564
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530-218-4468
ਸ੍ਰੀ ਸਤਿਨਾਮ ਸਿੰਘ (ਜਨਰਲ ਸਕੱਤਰ) 530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ) 530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) 530-790-5985
ਭਾਈ ਪ੍ਰਿਤਪਾਲ ਸਿੰਘ ਜੀ (ਹੈਡ ਗ੍ਰੰਥੀ) 530-674-2564

**Gurdara Sri Guru Ravidas Temple 1480 HAYNE AVE YUBA CITY (530-674-2564)**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ

**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 20, 21 ਅਤੇ 22 ਜਨਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ੍ਰੀ ਜਗਦੀਸ਼ ਪਾਲ, ਬੀਬੀ ਅਮਰਜੀਤ ਕੌਰ ਜੀ, ਸ੍ਰੀ ਮੁਕੇਸ਼ ਕੁਮਾਰ ਜੀ, ਬੀਬੀ ਤੇਜਿੰਦਰ ਕੌਰ ਜੀ ਨੇ ਆਪਣੀ ਬੇਟੀ ਗੁਰਸੀਰਤ ਕੌਰ ਜੀ ਦੇ ਜਨਮ ਦਿਨ ਮਨਾਉਂਦੇ ਹੋਏ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਗਈ। ਜਿਸ ਵਿਚ ਗੁਰੂ ਘਰ ਵਿਖੇ 20 ਜਨਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਹੋਏ ਅਤੇ 22 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਅਜਮੇਰ ਸਿੰਘ ਜੀ ਰੋਜ਼ਵਿਲ ਵਾਲਿਆਂ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਜਗਦੀਸ਼ ਪਾਲ, ਬੀਬੀ ਅਮਰਜੀਤ ਕੌਰ ਜੀ, ਸ੍ਰੀ ਮੁਕੇਸ਼ ਕੁਮਾਰ ਜੀ, ਬੀਬੀ ਤੇਜਿੰਦਰ ਕੌਰ ਜੀ, ਬੇਟੀ ਗੁਰਸੀਰਤ ਕੌਰ, ਸੇਵਕ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।
























# ਸ੍ਰੀ ਮੋਹਨ ਲਾਲ ਜੀ ਦੀ ਅੰਤਿਮ ਅਰਦਾਸ ਤੇ ਪਹੁੰਚੀਆਂ ਵੱਡੀਆਂ ਹਸਤੀਆਂ

**ਹੁਸ਼ਿਆਰਪੁਰ–** ਡਾ. ਜਸਵੰਤ ਰਾਏ ਦੇ ਪਿਤਾ ਸਵਰਗੀ ਮੋਹਨ ਲਾਲ ਹੁਰਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਅਮਰ ਦਰਬਾਰ, ਆਕਾਸ਼ ਕਾਲੋਨੀ, ਹੁਸ਼ਿਆਰਪੁਰ ਵਿਖੇ ਸੰਪੰਨ ਹੋਈ। ਕੀਰਤਨ ਪ੍ਰਵਾਹ ਤੋਂ ਬਾਅਦ ਡਾ. ਕਰਮਜੀਤ ਸਿੰਘ ਨੇ ਮੋਹਨ ਲਾਲ ਹੁਰਾਂ ਨਾਲ ਆਪਣੀਆਂ ਯਾਦਾਂ ਨੂੰ ਸਾਂਝਾ ਕਰਦੇ ਹੋਏ ਕਿਹਾ ਕਿ ਇਹ ਮਨੁੱਖ ਦੀ ਪ੍ਰਵਿਰਤੀ ਹੈ ਕਿ ਉਹ ਮੌਤ ਦੇ ਸਨਮੁੱਖ ਹੋਣ ਦੇ ਬਾਵਜੂਦ ਅਗਲੇ ਜੀਵਨ ਨੂੰ ਬਿਹਤਰ ਬਣਾਉਣ ਲਈ ਯਤਨਸ਼ੀਲ ਰਹਿੰਦਾ ਹੈ। ਉਨ੍ਹਾਂ ਮੋਹਨ ਲਾਲ ਹੁਰਾਂ ਵੱਲੋਂ ਅਨਪੜ੍ਹ ਹੋਣ ਦੇ ਬਾਵਜੂਦ ਅਤੇ ਛੋਟੀ ਖੇਤੀ ਵਪਾਰ ਕਰਨ ਦੇ ਬਾਵਜੂਦ ਜਸਵਿੰਦਰ ਅਤੇ ਮਨਜੀਤ ਧੀਆਂ ਨੂੰ ਅਤੇ ਰਮੇਸ਼ ਅਤੇ ਡਾ. ਜਸਵੰਤ ਰਾਏ ਨੂੰ ਪੀ. ਐਚ. ਡੀ. ਤੱਕ ਦੀ ਸਿੱਖਿਆ ਦਿਵਾਈ।

ਬੁਲਾਰਿਆਂ ਨੇ ਜਸਵੰਤ ਰਾਏ ਵੱਲੋਂ ਲੋਕਧਾਰਾ ਉਪਰ ਲਿਖੀਆਂ ਪੁਸਤਕਾਂ ਅਤੇ ਹਰਨਾਮ ਸਿੰਘ ਸਾਹਰੀ ਦੀ ਜੀਵਨੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਡਾ. ਜਸਵੰਤ ਰਾਏ ਵੱਲੋਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਗਦਰ ਲਹਿਰ ਵਿਚ ਭੂਮਿਕਾ ਬਾਰੇ ਲਿਖੀ ਜਾ ਰਹੀ ਪੁਸਤਕ ਦਾ ਵੀ ਚਰਚਾ ਕੀਤਾ ਗਿਆ।

ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਹੁਰਾਂ ਮੋਹਨ ਲਾਲ ਜੀ ਨਾਲ ਬਿਤਾਏ ਦਿਨਾਂ ਦੀਆਂ ਨਿੱਘੀਆਂ ਯਾਦਾਂ ਨੂੰ ਤਾਜ਼ਾ ਕੀਤਾ। ਮਦਨ ਵੀਰਾ ਨੇ ਜਸਵੰਤ ਰਾਏ ਦੀ ਮਾਤਾ ਅਤੇ ਪਿਤਾ ਨਾਲ ਬਿਤਾਏ ਦਿਨਾਂ ਬਾਰੇ ਗੱਲ ਕਰਦਿਆਂ ਮੋਹਨ ਲਾਲ ਹੁਰਾਂ ਦੀ ਸਖਤ ਘਾਲਣਾ, ਆਤਮ ਵਿਸ਼ਵਾਸ ਨਾਲ ਭਰੀ ਜ਼ਿੰਦਗੀ ਅਤੇ ਧੜੱਲੇ ਨਾਲ ਸਨਮਾਨ ਵਾਲੀ ਜ਼ਿੰਦਗੀ ਜਿਊਣ ਦੇ ਕਈ ਪਹਿਲੂ ਸੰਗਤਾਂ ਸਾਹਵੇਂ ਰੱਖੇ। ਚੌਧਰੀ ਬਲਰਾਜ ਕੁਮਾਰ ਸੂਬਾ ਪ੍ਰਧਾਨ ਐਸ. ਸੀ. ਬੀ. ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਹੁਰਾਂ ਬੋਲਦਿਆਂ ਆਪਣੀ ਫੈਡਰੇਸ਼ਨ ਵੱਲੋਂ ਜਸਵੰਤ ਰਾਏ ਦੀ ਪਰਿਵਾਰ ਨਾਂਲ ਦੁੱਖ ਸਾਂਝਾ ਕੀਤਾ।

ਇਸ ਸਮੇਂ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ, ਪ੍ਰਿੰਸੀਪਲ ਦਾਸ ਭਾਰਤੀ, ਪ੍ਰਿੰ: ਕਰੁਣ ਸ਼ਰਮਾ, ਪ੍ਰਿੰ: ਰਣਜੀਤ ਸਿੰਘ, ਸ਼ਾਮ ਚੁਰਾਸੀ ਵਿਧਾਨ ਸਭਾ ਤੋਂ ਬਸਪਾ ਉਮੀਦਵਾਰ ਸ੍ਰੀ ਭਗਵਾਨ ਦਾਸ ਸਿੱਧੂ, ਐਡਵੋਕੇਟ ਰਣਜੀਤ ਸਿੰਘ, ਡਾ. ਐਸ. ਪੀ. ਸਿੰਘ, ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ, ਸੀਤਾ ਰਾਮ ਬਾਂਸਲ ਤੇ ਬਲਵਿੰਦਰ ਕੌਰ ਬਾਂਸਲ, ਦੇਸ਼ ਭਗਤ ਯਾਦਗਾਰ ਜਲੰਧਰ, ਡਾ. ਰੌਣਕੀ ਰਾਮ ਹੁਰਾਂ ਦੇ ਭਰਾ ਲੰ-ਬੜਦਾਰ ਭਾਰਤ ਲਾਲ, ਸੀਨੀਅਰ ਬਸਪਾ ਨੇਤਾ ਉਂਕਾਰ ਸਿੰਘ ਝੰਮਟ, ਲਹਿੰਬਰ ਰਾਮ ਝੰਮਟ, ਡਾ. ਸੰਤੋਖ ਸਿੰਘ ਸਾਹਰੀ, ਮਾਸਟਰ ਲਖਵਿੰਦਰ ਰਾਮ, ਕੁਲਵਿੰਦਰ ਸਿੰਘ, ਬਲਵੀਰ ਚੰਦ, ਸੁਖਦੇਵ ਸਿੰਘ, ਰਜਿੰਦਰ ਕੁਮਾਰ, ਰਾਜੇਸ਼ ਕੁਮਾਰ, ਨਿਰਮਲ ਦਾਸ, ਸੰਤ ਗੁਰਮੁਖ ਦਾਸ, ਰੋਸ਼ਨ ਸਿੰਘ, ਰੌਸ਼ਨ ਭਾਰਤੀ ਐਮ. ਸੀ., ਨਰਿੰਦਰ ਕੌਰ, ਬਬੀਤਾ ਰਾਣੀ, ਜਸਵਿੰਦਰ ਕੌਰ, ਮਨਜੀਤ ਕੌਰ, ਗੁਰਬਚਨ ਕੌਰ, ਵਿਨੋਦ ਪਸਰੀਚਾ, ਡਾ. ਧਰਮਪਾਲ ਸਾਹਿਲ, ਕੁਲਤਾਰ ਸਿੰਘ ਕੁਲਤਾਰ, ਰੀਨਾ ਰਾਣੀ, ਸ਼ਿਫਾਲੀ, ਅੰਕੁਸ਼ ਰਾਏ, ਸਤੀਸ਼ ਕੁਮਾਰ ਆਦਿ ਨਾਮਵਰ ਸ਼ਖਸੀਅਤਾਂ-ਰਿਸ਼ਤੇਦਾਰਾਂ ਨੇ ਵਿੱ-ਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਹਾਜ਼ਰੀ ਭਰੀ। ਇਸ ਮੌਕੇ ਕੈਲੇਫੋਰਨੀਆ ਤੋਂ 'ਅਦਾਰਾ ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼', ਟਾਂਡਾ, ਗੜ੍ਹਦੀਵਾਲਾ, ਤਲਵਾੜਾ, ਮਾਹਿਲਪੁਰ, ਗੜ੍ਹਸ਼ੰਕਰ ਅਤੇ ਹੁਸ਼ਿਆਰਪੁਰ ਦੀਆਂ ਸਾਹਿਤ ਸਭਾਵਾਂ ਵੱਲੋਂ ਸ਼ੋਕ ਸੰਦੇਸ਼ ਵੀ ਪਹੁੰਚੇ।

**ਰਿਪੋਰਟ ਅਤੇ ਤਸਵੀਰਾਂ: ਡਾ. ਕਰਮਜੀਤ ਸਿੰਘ**















## 18 ਮਾਰਚ 1956 ਨੂੰ ਬਾਬਾ ਸਾਹਿਬ ਦੁਆਰਾ ਆਗਰਾ ਵਿਚ ਦਿੱਤਾ ਗਿਆ ਭਾਸ਼ਣ

# ਦਲਿਤਾਂ ਦੀ ਆਪਣੀ ਪਾਰਟੀ ਤੋਂ ਇਲਾਵਾ ਕੋਈ ਵੀ ਹੋਰ ਪਾਰਟੀ ਉਹਨਾਂ ਨੂੰ ਦੁੱਖਾਂ ਤੋਂ ਮੁਕਤੀ ਨਹੀਂ ਦਿਵਾ ਸਕਦੀ - ਡਾ.ਅੰਬੇਡਕਰ

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 18 ਮਾਰਚ 1956 ਨੂੰ 'ਅਨਸੂਚਿਤ ਜਾਤੀ ਸੰਘ( ਦੀ ਸਭਾ ਵਿਚ ਸ਼ਾਮਲ ਹੋਣ ਆਗਰਾ ਪਹੁੰਚੇ ਸਨ। ਇਸ ਦੌਰਾਨ ਰਾਮਲੀਲਾ ਮੈਦਾਨ ਵਿਚ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਆਪਣੇ ਭਾਸ਼ਣ ਨਾਲ ਜਨਤਾ ਨੂੰ ਮੰਤਰ ਮੁਗਧ ਕਰ ਦਿੱਤਾ। ਉਹਨਾਂ ਨੇ ਦਲਿਤ ਅੰਦੋਲਨ ਦੀ ਵਿਸਥਾਰ ਨਾਲ ਪੜਚੋਲ ਕੀਤੀ ਅਤੇ ਦੱਸਿਆ ਕਿ ਕੀ ਪ੍ਰਾਪਤ ਕੀਤਾ ਜਾ ਚੁੱਕਾ ਹੈ, ਕੀ ਕਰਨਾ ਬਾਕੀ ਹੈ ਅਤੇ ਉਸ ਦਿਸ਼ਾ ਵਿਚ ਹੋਰ ਕਿਹੜੇ ਕਦਮ ਚੁੱਕੇ ਜਾਣ ਦੀ ਲੋੜ ਹੈ। ਉਹਨਾਂ ਨੇ ਪਾਰਟੀ ਦੇ ਕੁਝ ਲੋਕਾਂ ਦੀ ਅਹੁਦੇ ਅਤੇ ਤਾਕਤ ਪ੍ਰਾਪਤ ਕਰਨ ਦੀ ਸਵਾਰਥੀ ਨੀਤੀ ਦੀ ਨਿੰਦਾ ਕੀਤੀ। ਉਹਨਾਂ ਨੇ ਜ਼ੋਰ ਦਿੱਤਾ ਕਿ ਦਲਿਤ ਵਰਗ ਦੇ ਲਈ ਉਚਿਤ ਸਮਾਂ ਹੈ, ਉਹਨਾਂ ਨੂੰ ਪਾਰਟੀ ਦੇ ਝੰਡੇ ਹੇਠਾਂ ਇੱਕਜੁਟ ਹੋ ਜਾਣਾ ਚਾਹੀਦਾ ਹੈ। ਉਹਨਾਂ ਨੇ ਸਾਫ ਕਿਹਾ ਕਿ ਦਲਿਤਾਂ ਦੀ ਆਪਣੀ ਪਾਰਟੀ ਤੋਂ ਇਲਾਵਾ ਕੋਈ ਵੀ ਹੋਰ ਪਾਰਟੀ ਉਹਨਾਂ ਨੂੰ ਦੁੱਖਾਂ ਤੋਂ ਮੁਕਤੀ ਨਹੀਂ ਦਿਵਾ ਸਕਦੀ।

ਉਹਨਾਂ ਨੇ ਧਰਮ ਤਬਦੀਲੀ ਦੀ ਲੋੜ ਵੱਲ ਵੀ ਸੰਕੇਤ ਕੀਤਾ। ਉਹਨਾਂ ਕਿਹਾ, ਮੈਂ ਤੁਹਾਨੂੰ ਇਕ ਸਮਾਜਿਕ ਮੰਚ ਦੇਣ ਜਾ ਰਿਹਾ ਹਾਂ, ਬਿਨਾਂ ਧਰਮ ਦੇ ਸਾਡਾ ਸੰਘਰਸ਼ ਜੀਵਤ ਨਹੀਂ ਰਹੇਗਾ। ਅਸੀਂ ਦਲਿਤ ਲੋਕ ਹਾਂ, ਕਿਉਂਕਿ ਸਾਡਾ ਆਪਣਾ ਕੋਈ ਧਰਮ ਨਹੀਂ ਹੈ। ਹਿੰਦੂ ਕਹਿੰਦੇ ਹਨ ਕਿ ਅਸੀਂ ਉਹਨਾਂ ਦਾ ਅੰਗ ਹਾਂ। ਅਜਿਹਾ ਕਹਿ ਕੇ ਉਹਨਾਂ ਦਾ ਉਦੇਸ਼ ਕੇਵਲਆਪਣੀ ਗਿਣਤੀ ਵਧਾਉਣਾ ਹੈ, ਹੋਰ ਕੁਝ ਨਹੀਂ। ਉਹਨਾਂ ਨੇ ਕਿਹਾ ਕਿ ਇਸੇ ਕਾਰਨ 1917 ਵਿਚ ਅਸੀਂ ਇਹ ਅੰਦੋਲਨ ਆਰੰਭ ਕੀਤਾ ਕਿ ਅਸੀਂ ਹਿੰਦੂ ਨਹੀਂ ਹਾਂ, ਕਿਉਂਕਿ ਜੇਕਰ ਅਸੀਂ ਹਿੰਦੂ ਹੁੰਦੇ ਤਾਂ ਅਸੀਂ ਅਛੂਤ ਨਾ ਹੁੰਦੇ ਅਤੇ ਅਸੀਂ ਵੀ ਮੰਦਰਾਂ ਵਿਚ ਪੁਜਾਰੀ ਹੁੰਦੇ। ਇਸੇ ਕਾਰਨ 1925 ਵਿਚ ਮੈਂ ਮੰਦਰ ਪ੍ਰਵੇਸ਼ ਦਾ ਅੰਦੋਲਨ ਆਰੰਭ ਕੀਤਾ। ਉਸਦਾ ਕਾਰਨ ਇਹ ਨਹੀਂ ਸੀ ਕਿ ਅਸੀਂ ਦੇਵਤਿਆਂ ਦੀ ਪੂਜਾ ਕਰਨੀ ਸੀ, ਬਲਕਿ ਅਸੀਂ ਆਪਣੇ ਅਧਿਕਾਰ ਦੇ ਲਈ ਦ੍ਰਿੜ੍ਹ ਹੋਣਾ ਸੀ। ਜੇਕਰ ਮੈਂ ਹਿੰਦੂ ਹਾਂ ਤਾਂ ਮੈਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ ਅਤੇ ਮੰਦਰ ਵਿਚ ਪੂਜਾ ਕਰਨ ਅਤੇ ਪੁਜਾਰੀ ਬਣਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ।



ਇਸ 'ਤੇ ਹਿੰਦੂਆਂ ਨੇ ਐਲਾਨ ਕੀਤਾ ਕਿ ਉਹਨਾ ਦੇ ਧਰਮ ਵਿਚ ਛੂਤਛਾਤ ਦਾ ਕੋਈ ਸਥਾਨ ਨਹੀਂ ਹੈ। ਇਸ ਤੋਂ ਬਾਅਦ ਹੀ 19 ਮਾਰਚ 1927 ਨੂੰ ਮੈਂ ਰਤਨਗਿਰੀ ਜ਼ਿਲ੍ਹੇ ਵਿਚ 'ਮਹਾਰ ਟੈਂਕ ਸੱਤਿਆਗ੍ਰਹਿ' ਆਰੰਪ ਕੀਤਾ ਤਾਂ ਜੋ ਅਛੂਤਾਂ ਨੂੰ ਤਲਾਬ ਤੋਂ ਪਾਣੀ ਲੈਣ ਦਾ ਅਧਿਕਾਰ ਮਿਲ ਸਕੇ। ਇਸ ਤੋਂ ਬਾਅਦ ਹਿੰਦੂਆਂ ਦਾ ਪਖੰਡ ਉਭਰ ਕੇ ਸਾਹਮਣੇ ਆ ਗਿਆ ਜੋ ਅਸੀਂ ਸਭ ਨੂੰ ਪਤਾ ਹੈ। ਜਿੱਥੋਂ ਤੱਕ ਸ਼ਾਸਤਰ ਅਤੇ ਹਿੰਦੂ ਹਨ ਅਤੇ ਸ਼ੰਕਰਾਚਾਰੀਆ ਆਪਣੀ ਗੱਦੀ 'ਤੇ ਬਿਰਾਜਮਾਨ ਹੈ, ਵੁਹ ਕਿਸੇ ਨੂੰ ਵੀ ਮੁਕਤੀ ਨਹੀਂ ਦੇ ਸਕਦੇ ਅਤੇ ਸਾਨੂੰ ਮੁਕਤੀ ਦਿਵਾਉਣ ਦੀ ਗੱਲ ਤਾਂ ਹੈਰਾਨੀ ਵਾਲੀ ਹੀ ਹੈ। ਹਿੰਦੂ ਧਰਮ ਦਾ ਅੰਦਰੂਨੀ ਉਦੇਸ਼ ਕੇਵਲ ਬ੍ਰਾਹਮਣਾਂ ਅਤੇ ਗਾਵਾਂ ਦੀ ਰੱਖਿਆ ਕਰਨਾ ਹੈ, ਜਿਸ ਕਿਸੇ ਨੇ ਗਾਂ ਅਤੇ ਬ੍ਰਾਹਮਣ ਦੀ ਰੱਖਿਆ ਕੀਤੀ, ਉਸਨੂੰ ਰਾਜਾ ਬਣਾ ਦਿੱਤਾ। ਉਹਨਾਂ ਦੇ ਧਰਮ ਦਾ ਇਹੀ ਇੱਕੋ ਇਕ ਲੱਛਣ ਅਤੇ ਉਦੇਸ਼ ਹੈ। ਇਹੀ ਕਾਰਨ ਹੈ ਕਿ ਅੱਜ ਤੱਕ ਨਾ ਤਾਂ ਇਸਲਾਮ ਅਤੇ ਨਾ ਹੀ ਹਿੰਦੂ ਧਰਮ ਨੇ ਅਛੂਤਾਂ ਦੇ ਹਿੱਤ ਬਾਰੇ ਕੁਝ ਸੋਚਿਆ।

ਮੈਂ ਦਲਿਤ ਵਰਗ ਨੂੰ ਜੋ ਧਰਮ ਦੇਣ ਜਾ ਰਿਹਾ ਹਾਂ, ਉਹ ਬੁੱਧ ਧਰਮ ਹੈ। ਇਸ ਤੇ ਸਾਰੇ ਲੋਕ ਖੁਸ਼ ਹੋਣ। ਇਸ ਵਿਚ ਆਤਮਾ, ਈਸ਼ਵਰ ਅਤੇ ਇੱਥੋਂ ਤੱਕ ਕਿ ਦੇਵਤਿਆਂ ਨੂੰ ਲੈ ਕੇ ਕੋਇ. ਭਰਮ ਨਹੀਂ ਹੈ। ਇਸ ਵਿਚ ਸਰਵਵਿਆਪੀ ਭਾਈਚਾਰਾ, ਨਿਆਂ, ਸਮਾਨਤਾ ਅਤੇ ਮਾਨਵਤਾ ਦੀ ਸੇਵਾ ਦੀ ਭਾਵਨਾ ਭਰੀ ਹੈ।

ਹਿੰਦੂ ਧਰਮ ਦੀ ਨੀਂਹ ਚਤੁਰਵਰਗ 'ਤੇ ਆਧਾਰਿਤ ਹੈ ਜੋ ਅਸਮਾਨਤਾ, ਅੱਨਿਆ, ਭੇਦਭਾਵ ਅਤੇ ਸ਼ੋਸ਼ਣ ਦਾ ਸਿਧਾਂਤ ਹੈ। ਮੈਂ ਜੋ ਧਰਮ ਦਲਿਤ ਵਰਗ ਨੂੰ ਦੇ ਰਿਹਾ ਹਾਂ, ਇਹ ਖੁਦ ਭਾਰਤ ਦਾ ਹੈ, ਇਸਦੀ ਆਪਣੀ ਪ੍ਰੰਪਰਾ ਅਤੇ ਸੰਸਕ੍ਰਿਤੀ ਹੈ ਅਤੇ ਇਕ ਦਿਨ ਇਹ ਧਰਮ ਵਿਸ਼ਵ ਧਰਮ ਹੋਵੇਗਾ, ਜਿਸਦਾ ਸਰਵਸ਼੍ਰੇਸਠ ਸਥਾਨ ਭਾਰਤ ਹੋਵੇਗਾ।

ਅਸੀਂ ਸਾਰੇ ਪੁਰਾਤਨ ਬੋਧੀ ਹਾਂ। ਮੈਂ ਇਸ ਧਰਮ ਨੂੰ ਇਕ ਨਵਾਂ ਜੀਵਨ ਦੇਣ ਜਾ ਰਿਹਾ ਹਾਂ। ਇਸ ਧਰਮ ਨੂੰ ਅਪਣਾ ਕੇ ਅਸੀਂ ਸਨਾਤਨ ਧਰਮ ਦੇ ਇਕ ਭਾਗ ਹੋ ਜਾਵਾਂਗੇ, ਦੂਜਾ ਇਸਦੀਆਂ ਬੁਰਾਈਆਂ ਅਤੇ ਸਮੱਸਿਆਵਾਂ ਦੇ ਹੱਲ ਦੇ ਦ੍ਰਿਸ਼ਟੀਕੋਣ ਨੂੰ ਲੈ ਕੇ ਅਸੀਂ ਅੰਤਰ ਰਾਸ਼ਟਰੀ ਅਦਾਲਤ ਵਿਚ ਜਾ ਸਕਦੇ ਹਾਂ। ਹੋ ਸਕਦਾ ਹੈ ਕਿ ਅੱਜ ਨੌਕਰੀਆਂ ਵਿਚ ਮਿਲਣ ਵਾਲੀ ਰਿਜ਼ਰਵੇਸ਼ਨ ਹਮੇਸ਼ਾ ਦੇ ਲਈ ਨਾ ਬਣੀ ਰਹੇ, ਆਉਣ ਵਾਲੇ ਸਮੇਂ ਵਿਚ ਬੁੱਧ ਧਰਮ ਸਾਨੂੰ ਸਹੀ ਰਾਹ ਦਿਖਾਵੇਗਾ। ਸਾਡੇ ਬੋਧੀ ਹੋ ਜਾਣ ਨਾਲ ਅਸੀਂ ਜੀਵਨ ਦੇ ਹਰ ਖੇਤਰ ਵਿਚ ਸਮਾਨ ਮੌਕੇ ਅਤੇ ਦਰਜਾ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਕਰਾਂਗੇ। ਬੋਧੀ ਲੋਕ ਵੀ ਸਾਡੀ ਰੱਖਿਆ ਅਤੇ ਸਾਡੀ ਆਵਾਜ਼ ਚੁੱਕਣ ਦੇ ਲਈ ਅੱਗੇ ਆਉਣਗੇ।

ਬੁੱਧ ਧਰਮ ਸਵੀਕਾਰ ਕਰ ਲੈਣ ਨਾਲ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਿਕਲ ਆਵੇਗਾ। ਸਾਡੇ ਲੋਕ ਕਹਿੰਦੇ ਹਨ ਕਿ ਖੁਦ ਵਿਚ ਵੀ ਜਾਤੀਵਾਦੀ ਸੰਘਰਸ਼ ਹੈ ਅਤੇ ਉਹ ਆਪਸ ਵਿਚ ਵਿਆਹ ਸਬੰਧ ਕਾਇਮ ਨਹੀਂ ਕਰਦੇ। ਇਹ ਸੱਚ ਹੈ। ਇਹਨਾਂ ਸਾਰੀਆਂ ਬੁਰਾਈਆਂ ਦੇ ਲਈ ਹਿੰਦੂ ਧਰਮ ਜ਼ਿੰਮੇਵਾਰ ਹੈ।

ਇਸਦਾ ਗੰਦਾ ਪਰਨਾਲਾ ਸਾਡੀਆਂ ਗਲੀਆਂ ਵਿਚ ਵੀ ਵਹਿੰਦਾ ਹੈ ਅਤੇ ਉਸਦੀ ਬਦਬੂ ਇੱਥੇ ਵੀ ਫੈਲੀ ਹੋਈ ਹੈ। ਮੈਂ ਇਸਨੂੰ ਕਿਸੇ ਤਰ੍ਹਾਂ ਸਾਫ ਕਰਨ ਦੀ ਇੱਛਾ ਕੀਤੀ ਪਰ ਸਾਡੇ ਹੀ ਕੁਝ ਲੋਕਾਂ ਨੇ ਮੈਨੂੰ ਅਜਿਹਾ ਕਰਨ ਨਹੀਂ ਦਿੰਤਾ। ਹੁਣ ਮੈਂ ਅਜਿਹਾ ਮੰਤਰ ਪ੍ਰਯੋਗ ਕਰਾਂਗਾ, ਜੋ ਇਸ ਗੰਦੇ ਪਾਣੀ ਨੂੰ ਸਾਡੀਆਂ ਗਲੀਆਂ ਵਿਚ ਵਹਿਣ ਤੋਂ ਰੋਕ ਦੇਵੇਗਾ। ਮੈਂ ਬੁੱਧ ਧਰਮ ਸਵੀਕਾਰ ਕਰ ਲਵਾਂਗਾ ਅਤੇ ਤਾਂ ਹੀ ਸਾਡੇ ਵਰਗ ਅਤੇ ਮੱਧ ਵਰਗ ਵਿਚ ਜਾਤੀਵਾਦੀ ਸੰਘਰਸ਼ ਦਾ ਅੰਤ ਹੋ ਜਾਵੇਗਾ।

ਉਹਨਾਂ ਨੇ ਦਲਿਤਾਂ ਵਿਚ ਸਿੱਖਿਆ ਅਤੇ ਉਚ ਸਿੱਖਿਅਤ ਲੋਕਾਂ ਨੂੰ, ਜਿਹਨਾਂ ਨੇ ਉਹਨਾਂ ਨੂੰ ਧੋਖਾ ਦਿੱਤਾ ਸੀ, ਵੱਲ ਵੀ ਸੰਕੇਤ ਕੀਤਾ। ਉਹਨਾਂ ਨੇ ਕਿਹਾ ਕਿ ਮੈਂ ਆਸ ਕੀਤੀ ਸੀ ਕਿ ਸਿੱਖਿਆ ਅਤੇ ਉਚ ਸਿੱਖਿਆ ਪ੍ਰਾਪਤ ਕਰਕੇ ਆਪਣੇ ਦੱਬੇ-ਕੁਚਲੇ ਭਰਾਵਾਂ ਦੀ ਸੇਵਾ ਕਰਾਂਗੇ ਪਰ ਮੈਨੂੰ ਇੱਥੇ ਬਾਬੂਆਂ ਦੀ ਭੀੜ ਦੇਖ ਕੇ ਨਿਰਾਸ਼ਾ ਹੋਈ ਹੈ ਜੋ ਆਪਣਾ ਹੀ ਪੇਟ ਭਰਨ ਵਿਚ ਲੱਗੇ ਹਨ।

# ਸਮਾਜਿਕ ਪਰਿਵਰਤਨ ਲਹਿਰ



ਪ੍ਰੇਮ ਪੈਂਥਰ (ਉਤਰੀ ਅਮਰੀਕਾ
917-667-6404

ਹਜ਼ਾਰਾਂ ਸਾਲਾਂ ਦੀ ਉਥਲ ਪੁਥਲ ਤੋਂ ਬਾਅਦ ਅੱਜ ਦਾ ਮਨੁੱਖ ਕਿੱਥੇ ਖੜ੍ਹਾ ਹੈ? ਮਨੁੱਖ ਦਾ ਰਹਿਣ-ਸਹਿਣ ਤੇ ਆਪਸੀ ਵਰਤਾਓ ਕਿਹੋ ਜਿਹਾ ਹੈ? ਇਸ ਸੰਦਰਭ ਵਿਚ ਅਸੀਂ ਭਾਰਤ ਦੇ ਮੌਜੂਦਾ ਮਾਨਵ ਦੇ ਸੱਭਿਅਕ ਅਤੇ ਅਸੱਭਿਅਕ ਵਰਤਾਰੇ ਤੇ ਧਿਆਨ ਕੇਂਦਰਿਤ ਕਰਦੇ ਹੋਏ ਵਿਚਾਰ ਕਰਾਂਗੇ।

ਭੂਗੋਲਿਕ ਤੌਰ 'ਤੇ ਭਾਰਤ ਦੇਸ਼ ਕੁਦਰਤੀ ਸਰੋਤਾਂ ਅਤੇ ਖਣਿਜਾਂ ਨਾਲ ਭਰਪੂਰ ਹੈ। ਮੌਜੂਦਾ ਭਾਰਤ ਨੇ ਵਿਗਿਆਨਕ ਤੌਰ 'ਤੇ ਕਾਫੀ ਤਰੱਕੀ ਕਰ ਲਈ ਹੈ। ਭਾਰਤ ਅੰਦਰ ਮਾਨਵ ਦੇ ਵਿਕਸਤ ਦਿਮਾਗਾਂ ਦੀ ਕੋਈ ਕਮੀ ਨਹੀਂ ਹੈ। ਭਾਰਤ ਦਾ ਮਨੁੱਖ ਚੰਗੇ ਜਾਂ ਮਾੜੇ ਦਾ ਵਿਸ਼ਲੇਸ਼ਣ ਕਰਨ ਵਿਚ ਦਿਮਾਗੀ ਤੌਰ ਤੇ ਸਿਆਣਪ ਦੀ ਮਿਸਾਲ ਹੈ। ਭਾਰਤ ਦੇ ਮਨੁੱਖ ਦਾ ਰਹਿਣ-ਸਹਿਣ ਵੀ ਅੱਵਲ ਦਰਜੇ ਦਾ ਹੈ। ਭਾਰਤ ਦਾ ਮਨੁੱਖ ਦੁਨੀਆਂ ਦੇ ਮਨੁੱਖ ਦਾ ਮਾਰਗਦਾਤਾ ਬਣਨ ਦੇ ਯੋਗ ਹੈ। ਪ੍ਰੰਤੂ ਭਾਰਤ ਦਾ ਮਨੁੱਖ ਮਾਨਸਿਕ ਤੌਰ 'ਤੇ ਰੋਗੀ ਹੋਣ ਕਾਰਨ ਉਹ ਸਥਾਨ ਨਹੀਂ ਪਾ ਰਿਹਾ, ਜਿਸ ਦਾ ਇਹ ਹੱਕਦਾਰ ਹੈ। ਮਾਨਸਿਕ ਤੌਰ 'ਤੇ ਭਾਰਤ ਦੇ ਮਨੁੱਖ ਨੂੰ ਇਕ ਕੋਹੜ ਦੀ ਬਿਮਾਰੀ ਲੱਗੀ ਹੋਈ ਹੈ ਜੋ ਹਜ਼ਾਰਾਂ ਡਾਕਟਰਾਂ ਦੇ ਇਲਾਜ ਕਰਨ ਦੇ ਬਾਵਜੂਦ ਵੀ ਇਸਦਾ ਪਿੱਛਾ ਨਹੀਂ ਛੱਡ ਰਹੀ। ਇਹ ਇਕ ਅਜਿਹੀ ਬਿਮਾਰੀ ਹੈ ਜੋ ਸੰਸਾਰ ਦੇ ਦੂਜੇ ਕਿਸੇ ਮਨੁੱਖ ਨੂੰ ਨਹੀਂ ਹੈ। ਸਿਰਫ ਭਾਰਤ ਦੇ ਮਨੁੱਖ ਦੇ ਦਿਮਾਗ ਨੂੰ ਘੁਣ ਵਾਂਗ ਖਾ ਰਹੀ ਹੈ। ਇਸ ਬਿਮਾਰੀ ਦਾ ਨਾਮ ਹੈ 'ਜਾਤਪਾਤ ਅਤੇ ਛੂਆਛਾਤ'। ਭਾਵੇਂ ਇਹ ਇਕ ਮਾਨਸਿਕ ਰੋਗ ਹੈ ਪਰ ਭਾਰਤ ਦੇ ਲੋਕਾਂ ਨੂੰ ਇਹ ਸਰੀਰਕ ਤੌਰ 'ਤੇ ਵੀ ਅਜਿਹੇ ਤਸੀਹੇ ਦਿੰਦਾ ਹੈ, ਜਿਸ ਨੂੰ ਵੇਖ ਕੇ ਪੈਗੰਬਰਾਂ ਦੀ ਰੂਹ ਵੀ ਤੜਪ ਉੱਠੀ ਤੇ ਗੁਰੂ ਨਾਨਕ ਪਾਤਸ਼ਾਹ ਨੂੰ ਵੀ ਕਹਿਣਾ ਪਿਆ, "ਏਤੀ ਮਾਰ ਪਈ ਕੁਰਲਾਣੇ, ਤੈ ਕੀ ਦਰਦ ਨਾ ਆਇਆ।"

ਬੁੱਧ ਨੇ ਕਿਹਾ ਹੈ ਕਿ ਸੰਸਾਰ ਦੁੱਖਾਂ ਦਾ ਘਰ ਹੈ। ਦੁੱਖ ਮਨੁੱਖ ਨੂੰ ਤੜਪਨਾ ਤੇ ਬੇਚੈਨੀ ਦਿੰਦਾ ਹੈ। ਦੁੱਖ ਦਾ ਅਹਿਸਾਸ ਮਨੁੱਖ ਨੂੰ ਪੀੜਾ ਦਿੰਦਾ ਹੈ। ਜੇਕਰ ਦੁੱਖ ਦੀ ਸਹੀ ਪਹਿਚਾਣ ਕਰਕੇ ਇਸਨੂੰ ਮਨੁੱਖੀ ਜੀਵਨ 'ਚ ਮਨਫੀ ਕੀਤਾ ਜਾਵੇ ਤਾਂ ਬਾਕੀ ਖੁਸ਼ੀ ਬਚ ਜਾਂਦੀ ਹੈ। ਖੁਸ਼ੀ ਦਾ ਅਹਿਸਾਸ ਮਨੁੱਖ ਨੂੰ ਸ਼ਾਂਤੀ ਦਿੰਦਾ ਹੈ। ਜਿਸ ਸਵਰਗ ਦੀ ਭਾਲ ਮਨੁੱਖ ਮਰਨ ਤੋਂ ਬਾਅਦ ਕਰਦਾ ਹੈ, ਇਹ ਖੁਸ਼ੀ ਹੀ ਹੈ ਜੋ ਮਨੁੱਖ ਨੂੰ ਇਸੇ ਜੀਵਨ ਵਿਚ ਬਿਨਾਂ ਸਵਰਗ ਸੁਧਾਰੇ ਸਵਰਗ ਦਾ ਵਾਸ ਕਰਾਉਂਦੀ ਹੈ। ਸਵਾਲ ਹੈ ਕੀ ਜਾਤਪਾਤ ਤੇ ਛੂਆਛਾਤ ਮਨੁੱਖ ਨੂੰ ਦੁੱਖ ਨਹੀਂ ਦਿੰਦੇ? ਕੀ ਇਸ ਦੁੱਖ ਨੂੰ ਮਨੁੱਖੀ ਜੀਵਨ 'ਚ ਮਨਫੀ ਕਰਨ ਦੀ ਲੋੜ ਨਹੀਂ? ਕੀ ਜਾਤਪਾਤ ਦਾ ਸੰਪੂਰਨ ਨਾਸ਼ ਕਰਕੇ ਦੁੱਖਾਂ ਦਾ ਖਾਤਮਾ ਨਹੀਂ ਕਰਨਾ ਚਾਹੀਦਾ? ਜੇਕਰ ਜਾਤਪਾਤ ਅਸਹਿ ਦੁੱਖ ਦਿੰਦੀ ਹੈ ਤਾਂ ਇਸ ਦਾ ਨਾਸ਼ ਕਰਨ ਲਈ ਦੇਰੀ ਕਿਸ ਕਾਰਨ ਕੀਤੀ ਜਾ ਰਹੀ ਹੈ?

ਸੰਸਾਰ ਪ੍ਰਸਿੱਧ ਮਨੋਵਿਗਿਆਨੀ ਮਹਾਨ ਯੁੱਗ ਪੁਰਸ਼ ਡਾ. ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਜਾਤਪਾਤ ਤੇ ਛੂਆਛਾਤ ਦੀ ਪੀੜਾ ਨੂੰ ਆਪਣੇ ਪਿੰਡੇ ਤੇ ਹੰਢਾਇਆ। ਉਨ੍ਹਾਂ ਜਾਤਪਾਤ ਨੂੰ ਕੋਹੜ ਦੀ ਬਿਮਾਰੀ ਕਿਹਾ। ਉਨ੍ਹਾਂ ਨੇ ਦੇਖਿਆ ਕਿ ਇਸ ਬਿਮਾਰੀ ਤੋਂ ਭਾਰਤ ਦਾ ਪੂਰਾ ਸਮਾਜ ਪੀੜਤ ਹੈ। ਉਹ ਚੁੱਪ ਨਹੀਂ ਬੈਠੇ। ਉਨ੍ਹਾਂ ਨੇ ਉੱਚ ਕੋਟੀ ਦੀ ਵਿੱਦਿਆ ਹਾਸਲ ਕੀਤੀ ਤੇ ਡਾਕਟਰ ਦੀ ਉਪਾਧੀ ਪ੍ਰਾਪਤ ਕੀਤੀ। ਉਨ੍ਹਾਂ ਨੇ ਜਾਤਪਾਤ ਦੀ ਹਿਸ ਬਿਮਾਰੀ ਦਾ ਇਲਾਜ ਇਕ ਨਿਪੁੰਨ ਡਾਕਟਰ ਵਜੋਂ ਕੀਤਾ। ਉਹ ਇਸ ਬਿਮਾਰੀ ਦੀ ਦਵਾਈ ਨੂੰ ਤਿਆਰ ਕਰਨ ਦੇ ਨੁਸਖੇ ਅਤੇ ਵਰਤਣ ਦੀ ਵਿਧੀ ਲਿਖਤ ਕਿਤਾਬ ਦੇ ਰੂਪ ਵਿਚ ਆਉਣ ਵਾਲੀ ਭਵਿੱਖ ਦੇ ਸਮਾਜਿਕ ਮਨੋਵਿਗਿਆਨੀਆਂ ਵਾਸਤੇ ਵਡਮੁੱਲੇ ਖਜ਼ਾਨੇ ਦੇ ਰੂਪ ਵਿਚ ਛੱਡ ਗਏ। ਜਾਤਪਾਤ ਤੇ ਛੂਤਛਾਤ ਦੇ ਕੋਹੜ ਦੀ ਇਸ ਬਿਮਾਰੀ ਦਾ ਇਲਾਜ ਕਰਨ ਲਈ ਡਾ. ਅੰਬੇਡਕਰ ਵੱਲੋਂ ਭੇਟ ਕੀਤੀ ਕਿਤਾਬ ਦਾ ਨਾਮ ਹੈ, "ਜਾਤਪਾਤ ਦਾ ਬੀਜਨਾਸ਼"। ਡਾ. ਅੰਬੇਡਕਰ ਵੱਲੋਂ ਦਿੱਤਾ ਭਾਰਤ ਦੇ ਲੋਕਾਂ ਨੂੰ ਇਹ ਉਹ ਤੋਹਫਾ ਹੈ, ਜਿਸ ਰਾਹੀਂ ਜਾਤਪਾਤ ਦੀ ਬਿਮਾਰੀ ਨੂੰ ਜੜ੍ਹੋਂ ਖਤਮ ਕੀਤਾ ਜਾ ਸਕਦਾ ਹੈ। ਕੀ ਭਾਰਤ ਦੇ ਲੋਕਾਂ ਨੂੰ ਆਪਣੀ ਇਸ ਸਮਾਜਿਕ ਪੀੜਾ ਤੇ ਅਸਹਿ ਦੁੱਖ ਨੂੰ ਦੂਰ ਕਰਨ ਵਾਸਤੇ ਇਕੱਠੇ ਮਿਲ ਕੇ ਕੰਮ ਕਰਨ ਲਈ ਅੱਗੇ ਨਹੀਂ ਆਉਣਾ ਚਾਹੀਦਾ? ਜੇਕਰ ਹਾਂ ਤਾਂ ਫਿਰ ਦੇਰੀ ਕਿਉਂ? ਆਓ ਸਮਾਜਿਕ ਪਰਿਵਰਤਨ ਦੀ ਇਸ ਲਹਿਰ ਵਿਚ ਕੁੱਦ ਕੇ ਆਪਣੇ ਦੁੱਖਾਂ ਦਾ ਨਾਸ਼ ਕਰੀਏ।

ਭਾਰਤ ਦੇਸ਼ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਕੌਣ ਨਹੀਂ ਜਾਣਦਾ। ਉਹ ਵੀ ਜਾਤਪਾਤ ਦੇ ਰੋਗ ਤੋਂ ਅਛੂਤੇ ਨਹੀਂ ਸਨ। ਉਨ੍ਹਾਂ ਨੂੰ ਵੀ ਜਾਤਪਾਤ ਦੇ ਰੋਗ ਤੋਂ ਪੀੜਤ ਹੋਣ ਦਾ ਗਿਆਨ ਹੋ ਗਿਆ ਸੀ। ਉਨ੍ਹਾਂ ਬਹੁਤ ਜਲਦੀ ਇਹ ਭਾਂਪ ਲਿਆ ਕਿ ਇਕੱਲਾ ਮੈਂ ਹੀ ਹਿਸ ਰੋਗ ਤੋਂ ਪੀੜਤ ਨਹੀਂ, ਪੂਰਾ ਭਾਰਤ ਇਸ ਰੋਗ ਦਾ ਸ਼ਿਕਾਰ ਹੈ। ਉਹ ਬਹੁਤ ਹੀ ਬੁਲੰਦ ਹੌਸਲੇ ਵਾਲੇ ਇਨਸਾਨ ਸਨ।

ਸੰਸਾਰ ਵਿਚ ਕੁਝ ਲੋਕ ਅਜਿਹੇ ਹੁੰਦੇ ਹਨ ਜੋ ਆਪਣੇ ਦੁੱਖ ਦੀ ਪੀੜਾ ਤੋਂ ਅੱਗੇ ਨਹੀਂ ਸੋਚਦੇ। ਉਨ੍ਹਾਂ ਨੂੰ ਦੂਸਰੇ ਲੋਕਾਂ ਦੀ ਪੀੜਾ ਦਿਖਾਈ ਨਹੀਂ ਦਿੰਦੀ। ਕੁਝ ਲੋਕ ਦੂਜੇ ਨੂੰ ਦੁੱਖ ਦੇ ਕੇ ਮਜ਼ਾ ਲੈਂਦੇ ਹਨ। ਇਨ੍ਹਾਂ ਇਨਸਾਨਾਂ ਦੀ ਸੰਵੇਦਨਸ਼ੀਲਤਾ ਮਰ ਚੁੱਕੀ ਹੁੰਦੀ ਹੈ। ਦੂਜੇ ਲਫਜ਼ਾਂ ਵਿਚ ਇਨ੍ਹਾਂ ਨੂੰ ਇਨਸਾਨ ਨਹੀਂ ਹੈਵਾਨ ਕਿਹਾ ਜਾਂਦਾ ਹੈ। ਸੰਵੇਦਨਸ਼ੀਲਤਾ ਦੇ ਨਾ ਹੋਣ ਨੂੰ ਇਨਸਾਨੀਅਤ ਦਾ ਮਰ ਜਾਣਾ ਵੀ ਕਹਿੰਦੇ ਹਨ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਭਾਰਤ ਦੀ ਸਮਾਜਿਕ ਕ੍ਰਾਂਤੀ ਦੇ ਉਚ ਕੋਟੀ ਦੇ ਮਨੋਵਿਗਿਆਨਕ ਨੇਤਾ ਸਨ। ਉਹ ਬਹੁਤ ਹੀ ਸੰਵੇਦਨਸ਼ੀਲ ਇਨਸਾਨ ਸਨ। ਕਹਾਵਤ ਹੈ, "ਜਿੱਕੇ ਚਾਹ (ਚਾਹਤ) ਉਥੇ ਰਾਹ", ਇਹ ਕਹਾਵਤ ਸਾਹਿਬ ਕਾਂਸ਼ੀ ਰਾਮ ਜੀ ਨੇ ਸਹੀ ਸਾਬਤ ਕਰ ਦਿਖਾਈ। ਉਨ੍ਹਾਂ ਦੇ ਮਨ ਵਿਚ ਸਮਾਜਿਕ ਤਬਦੀਲੀ ਦੀ ਚਾਹਤ ਸੀ। ਉਨ੍ਹਾਂ ਦੀ ਇਸ ਚਾਹਤ ਨੂੰ ਉਸ ਵੇਲੇ ਹੋਰ ਬਲ ਮਿਲਿਆ, ਜਦੋਂ ਉਨ੍ਹਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਸਮਾਜਿਕ ਮਨੋਵਿਗਿਆਨ ਦੀ ਕਿਤਾਬ, "ਜਾਤਪਾਤ ਦਾ ਬੀਜਨਾਸ਼" ਨੂੰ ਪੜ੍ਹਿਆ। ਇਸ ਕਿਤਾਬ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ ਤੇ ਉਨ੍ਹਾਂ ਦੀ ਸੰਵੇਦਨਸ਼ੀਲਤਾ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਉਨ੍ਹਾਂ ਦੇ ਅੰਦਰ ਇਕ ਨਵੀਂ ਰੌਸ਼ਨੀ ਦਾ ਆਗਾਜ਼ ਹੋਇਆ।

ਇਸ ਕਿਤਾਬ ਦੇ ਪੜ੍ਹਨ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਜਾਤਪਾਤ ਦੇ ਕੋਹੜ ਨੂੰ ਸਮਾਜ ਵਿਚੋਂ ਖਤਮ ਕਰਨ ਦਾ ਤਹੱਈਆ ਕੀਤਾ। ਉਨ੍ਹਾਂ ਵੱਲੋਂ ਕੀਤੇ ਸਮਾਜਿਕ ਕ੍ਰਾਂਤੀ ਦੇ ਕਾਰਜ ਨਾਲ ਜਾਤਪਾਤ ਦੇ ਇਸ ਰੋਗ ਤੋਂ ਸਮਾਜ ਨੂੰ ਬਹੁਤ ਰਾਹਤ ਮਿਲੀ ਅਤੇ ਸਮਾਜ ਆਪਣੇ ਪੈਰਾਂ ਤੇ ਖਲੋਣ ਜੋਗਾ ਹੋਇਆ। ਉਨ੍ਹਾਂ ਦੇ ਸੰਘਰਸ਼ ਨਾਲ ਜਦੋਂ ਸਮਾਜ ਵਿਚ ਦੁੱਖ ਦਾ ਖਾਤਮਾ ਸ਼ੁਰੂ ਹੋਇਆ ਤਾਂ ਸਮਾਜ ਨੇ ਖੁਸ਼ੀ ਦਾ ਅਹਿਸਾਸ ਕੀਤਾ। ਜੀਵਨ ਭਰ "ਜਾਤ ਤੋੜੋ, ਸਮਾਜ ਜੋੜੋ" ਦੇ ਸੰਘਰਸ਼ ਨੂੰ ਗਤੀ ਦੇ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਇਸ ਕਾਰਜ ਨੂੰ ਸਮਾਜ ਦੇ ਹਵਾਲੇ ਕਰ ਗਏ। ਉਨ੍ਹਾਂ ਨੇ ਜਾਤਪਾਤ ਤੇ ਛੂਤਛਾਤ ਦੀ ਇਸ ਬਿਮਾਰੀ ਦਾ ਖਾਤਮਾ ਕਰਨ ਲਈ ਲੋਕਾਂ ਦੇ ਇਰਾਦੇ ਨੂੰ ਸਿਖਰਾਂ ਦੀ ਮਜ਼ਬੂਤੀ ਦਿੱਤੀ।

ਜਾਤਪਾਤ ਦੇ ਛੂਆਛਾਤ ਸਾਨੂੰ ਸਭ ਨੂੰ ਦੁੱਖ ਤੇ ਪੀੜਾ ਦੇ ਰਹੀ ਹੈ। ਇਸ ਦੀ ਸ਼ੁਰੂਆਤ ਇਨਸਾਨ ਦੇ ਸ਼ੈਤਾਨੀ ਦਿਮਾਗ ਦੀ ਕਾਢ ਹੈ। ਜਿਸ ਨਾਲ ਕੁਝ ਲੋਕਾਂ ਨੂੰ ਬੇਸ਼ੱਕ ਜੀਣ ਦੇ ਵਧੀਆ ਮੌਕੇ ਮਿਲਦੇ ਹੋਣਗੇ ਪਰ ਸਮਾਜ ਦਾ ਜ਼ਿਆਦਾਤਰ ਹਿੱਸਾ ਦੁੱਖਾਂ ਵਿਚ ਡੁੱਬਿਆ ਰਹਿ ਕੇ ਨਰਕ ਭਰੀ ਜ਼ਿੰਦਗੀ ਬਤੀਤ ਕਰਦਾ ਹੈ ਅਤੇ ਇਨਸਾਨ ਹੋਣ ਦੇ ਅਹਿਸਾਸ ਤੋਂ ਵਾਂਝਿਆਂ ਹੀ ਮਰ ਜਾਂਦਾ ਹੈ। ਇਹ ਉਹ ਰੋਗ ਹੈ ਜੋ ਆਦਮੀ ਦੇ ਦਮ ਲੈਣ ਤੋਂ ਸ਼ੁਰੂ ਹੋ ਜਾਂਦਾ ਹੈ ਤੇ ਦਮ ਦੇ ਖਤਮ ਹੋਣ ਤੱਕ ਚੰਬੜਿਆ ਰਹਿੰਦਾ ਹੈ।

ਭਾਰਤ ਦੇ ਸਮਾਜ ਨੂੰ ਸ਼ੈਤਾਨ ਲੋਕਾਂ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਅਧੀਨ ਪਹਿਲਾਂ ਚਾਰ ਵਰਗਾਂ 'ਚ ਵੰਡਿਆ। ਇਹ ਚਾਰ ਵਰਗ ਹਨ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ। ਬੇਸ਼ੱਕ ਭਾਰਤ ਦਾ ਮਨੁੱਖ ਸੰਸਾਰ ਦੇ ਦੂਜੇ ਮਨੁੱਖਾਂ ਵਾਂਗ ਇਨਸਾਨੀ ਜਾਮੇ ਵਿਚ ਆਇਆ ਪਰ ਸ਼ੈਤਾਨ ਮਨੁੱਖ ਨੇ ਇਨ੍ਹਾਂ ਇਨਸਾਨਾਂ ਨੂੰ ਚਾਰ ਵਰਗਾਂ 'ਚ ਵੰਡ ਕੇ ਇਨ੍ਹਾਂ ਉਤੇ ਜਾਨਵਰਾਂ ਦੀਆਂ ਖੱਲਾਂ ਪਾ ਦਿੱਤੀਆਂ। ਪਹਿਲੇ ਤਿੰਨ ਵਰਗ (ਬ੍ਰਾਹਮਣ, ਕਸ਼ੱਤਰੀ ਤੇ ਵੈਸ਼) ਨੂੰ ਮਾਨਵੀ ਅਧਿਕਾਰ ਦਿੱਤੇ ਤੇ ਚੌਥੇ ਵਰਗ (ਸ਼ੂਦਰ) ਨੂੰ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ। ਪਹਿਲੇ ਤਿੰਨਾਂ ਵਰਗਾਂ ਤੇ ਖਤਰਨਾਕ ਸ਼ੇਰ, ਚੀਤੇ, ਭਾਲੂ, ਜੰਗਲੀ ਕੁੱਤੇ, ਅਜਗਰ, ਸੱਪਾਂ, ਖੜੱਪੇ ਸੱਪਾਂ ਤੇ ਮਾਸ ਖਾਣੀਆਂ ਗਿਰਝਾਂ ਦੀ ਖੱਲ ਪਾ ਦਿੱਤੀ ਗਈ ਅਤੇ ਚੌਥੇ ਵਰਗ ਸ਼ੂਦਰ ਉਪਰ ਘਾਹ ਖਾਣੇ ਜਾਨਵਰਾਂ ਦੀ ਖੱਲ ਪਾ ਦਿੱਤੀ। ਜਿਵੇਂ ਹਾਥੀ, ਮੱਝ, ਗਾਂ, ਬੱਕਰੀ, ਭੇਡ ਤੇ ਹਿਰਨ ਆਦਿ। ਇਹ ਉਪਰਲੇ ਤਿੰਨ ਵਰਗ ਮਾਸ ਖਾਣੇ ਜਾਨਵਰਾਂ ਵਾਂਗ ਜਦੋਂ ਜੀਅ ਕਰਦਾ ਹੇਠਲੇ ਵਰਗ ਸ਼ੂਦਰ ਤੇ ਝਪਟ ਪੈਂਦੇ ਹਨ। ਹਮੇਸ਼ਾ ਹੇਠਲੇ ਵਰਗ ਦੀ ਮਾਰ ਕੁਟਾਈ, ਖੂਨ ਖਰਾਬਾ ਤੇ ਜਾਨ ਲੈ ਲਈ ਜਾਂਦੀ ਹੈ।

ਇੱਥੇ ਹੀ ਬੱਸ ਨਹੀਂ ਮਨੂੰ ਸਿਮਰਤੀ ਰਾਹੀਂ ਇਨ੍ਹਾਂ ਚਾਰ ਵਰਗਾਂ ਦੀ ਅੱਗੇ ਹੋਰ ਵੰਡ ਕਰ ਦਿੱਤੀ ਗਈ। ਮਨੂੰ ਨੇ ਇਕੱਲੇ ਸ਼ੂਦਰ ਵਰਗ ਨੂੰ ਅੱਗੇ 6 ਹਜ਼ਾਰ ਜਾਤਾਂ 'ਚ ਵੰਡ ਦਿੱਤਾ। ਇਸ ਤਰ੍ਹਾਂ ਮਨੂੰ ਨੇ ਸਮਾਜ ਨੂੰ ਐਨੀ ਬਰੀਕੀ ਵਿਚ ਪਾੜ ਦਿੱਤਾ ਜਿਸ ਨਾਲ ਇਹ ਜਾਤਪਾਤ ਦਾ ਕੋਹੜਾ ਆਪਣਾ ਹੋਰ ਭਿਆਨਕ ਰੂਪ ਅਖਤਿਆਰ ਕਰ ਗਿਆ। ਭਾਰਤ ਦੇ ਪੰਜਾਬ ਸੂਬੇ ਵਿਚ ਚੌਥੇ ਦਰਜੇ ਦੇ ਅਧਿਕਾਰਹੀਣ ਸ਼ੂਦਰਾਂ ਦੀਆਂ ਜਾਤਾਂ ਵਿਚੋਂ ਮੁੱਖ ਤੌਰ ਤੇ ਜੱਟ, ਚਮਾਰ, ਚੂਹੜੇ, ਤਰਖਾਣ, ਲੁਹਾਰ, ਨਾਈ, ਛੀਂਬੇ, ਝਿਊਰ, ਸੁਨਿਆਰ, ਘਮਿਆਰ, ਸੈਣੀ, ਲੁਬਾਣੇ, ਸੈਂਸੀ, ਬਾਜੀਗਰ, ਕੰਬੋਅ, ਜੁਲਾਹੇ ਆਦਿ ਹਨ। ਜਿੱਥੇ ਚੌਥੇ ਦਰਜੇ ਦੇ ਸ਼ੂਦਰਾਂ ਦਾ ਖੂਨ ਪਹਿਲਾਂ ਹੀ ਉਪਰਲੀਆਂ ਤਿੰਨ ਜਾਤਾਂ (ਬ੍ਰਾਹਮਣ, ਕਸ਼ੱਤਰੀ, ਵੈਸ਼) ਦਾ ਦੈਂਤ ਪੀ ਰਿਹਾ ਹੈ, ਉਥੇ ਇਹ ਸ਼ੂਦਰਾਂ ਦੀਆਂ 6 ਹਜ਼ਾਰ ਜਾਤਾਂ ਆਪਸ ਵਿਚ ਦਾਨਵ ਬਣ ਕੇ ਇਕ-ਦੂਜੇ ਨੂੰ ਵੱਢ ਟੁੱਕ ਕੇ ਚੱਬ ਰਹੀਆਂ ਹਨ। ਇਸ ਤਰ੍ਹਾਂ ਭਾਰਤ ਅੰਦਰ ਜਾਤਪਾਤ ਦੇ ਦੈਂਤ ਨੇ ਭਾਰਤੀ ਸਮਾਜ ਨੂੰ ਇਕ ਵਹਿਸ਼ੀ ਬਿਰਤੀ ਵਾਲਾ ਦਰਿੰਦਾ ਬਣਾ ਦਿੱਤਾ ਹੈ। ਭਾਰਤ ਅੰਦਰ ਵੱਸਦੇ ਇਨਸਾਨਾਂ ਦੀ ਸੰਵੇਦਨਸ਼ੀਲਤਾ ਇਸ ਜਾਤਪਾਤ ਤੇ ਛੂਤਛਾਤ ਵਾਲੇ ਸਿਸਟਮ ਨੇ ਖਤਮ ਕਰ ਦਿੱਤੀ ਹੈ।

ਭਾਰਤ ਅੰਦਰ ਜਾਤਪਾਤ ਦੇ ਇਸ ਵਹਿਸ਼ੀ ਸਿਸਟਮ ਤੋਂ ਇਨਸਾਨ ਨੂੰ ਆਜ਼ਾਦ ਕਰਾਉਣ ਲਈ ਸਮੇਂ-ਸਮੇਂ ਤੇ ਵੱਖ-ਵੱਖ ਜਾਤਾਂ ਵਿਚੋਂ ਰਹਿਬਰ ਪੈਦਾ ਹੋਏ। ਜਿਹਨਾਂ ਨੇ ਆਪਣੀ ਦੂਰ ਅੰਦੇਸ਼ੀ ਨਾਲ ਜਾਤਪਾਤ ਦੇ ਕੋਹੜ ਨੂੰ ਦੂਰ ਕਰਨ ਲਈ ਅਣਥੱਕ ਸੰਘਰਸ਼ ਕੀਤਾ। ਜਿੱਥੇ ਗੁਰੂ ਨਾਨਕ ਪਾਤਸ਼ਾਹ ਨੇ ਆਪਸੀ ਭਾਈਚਾਰਾ ਕਾਇਮ ਕਰਨ ਦੀ ਗੱਲ ਕੀਤੀ, ਉਥੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਅੰਤਰਜਾਤੀ ਵਿਆਹ ਕਰਕੇ ਇਸ ਜਾਤਪਾਤ ਨੂੰ ਖਤਮ ਕਰਨ ਦਾ ਵਿਚਾਰ ਦਿੱਤਾ। ਇਸੇ ਤਰ੍ਹਾਂ ਸਾਹਿਬ ਕਾਂਸ਼ੀ ਰਾਮ ਜੀ ਨੇ ਸੰਵੇਦਨਸ਼ੀਲ ਲੋਕਾਂ ਨੂੰ ਨਿਡਰ ਬਣਾ ਕੇ ਇਸ ਜਾਤਪਾਤ ਦੇ ਵਿਰੁੱਧ ਖੜ੍ਹਾ ਹੋਣ ਦਾ ਜਜ਼ਬਾ ਪੈਦਾ ਕੀਤਾ।

ਜੇਕਰ ਡੂੰਘੀ ਘੋਖ ਪੜਤਾਲ ਕਰੀਏ ਤਾਂ ਨਤੀਜਾ ਨਿਕਲਦਾ ਹੈ ਕਿ ਚਾਰ ਵਰਗ ਅਤੇ ਅੱਗੇ ਹਜ਼ਾਰਾਂ ਜਾਤਾਂ ਵਿਚ ਵੰਡੇ ਲੋਕਾਂ ਨੂੰ ਸਹੀ ਅਰਥਾਂ ਵਿਚ ਇਹ ਜਾਤਪਾਤ ਦਾ ਸਿਸਟਮ ਸ਼ਾਂਤੀ ਨਾਲ ਜਿਊਣ ਨਹੀਂ ਦੇ ਰਿਹਾ। ਆਜ਼ਾਦੀ, ਬਰਾਬਰਤਾ ਤੇ ਭਾਈਚਾਰੇ ਤੋਂ ਬਿਨਾਂ ਇਨਸਾਨ ਖੁਸ਼ਹਾਲ ਜੀਵਨ ਨਹੀਂ ਜੀਅ ਸਕਦਾ।

ਸਮਾਜ ਦੀ ਪਾਟੋਧਾੜ ਉਚੀਆਂ ਅਤੇ ਨੀਵੀਆਂ ਜਾਤਾਂ ਦੇ ਹਰ ਇਨਸਾਨ ਲਈ ਦੁਖਦਾਈ ਹੈ। ਇਸ ਦੁੱਖ ਦੇ ਖਾਤਮੇ ਲਈ ਸਾਨੂੰ ਮਜਬੂਤ ਭਾਈਚਾਰਾ ਬਣਾਉਣ ਦੀ ਲੋੜ ਹੈ। ਜਾਤਪਾਤ ਦੇ ਖਾਤਮੇ ਲਈ ਪਿੰਡ ਪੱਧਰ ਤੇ ਹਰੇਕ ਜਾਤ (ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ) ਵਿਚੋਂ ਸੰਵੇਦਨਸ਼ੀਲ ਬਿਰਤੀ ਵਾਲਾ ਇਕ ਇਕ ਨੁਮਾਇੰਦਾ ਲੈ ਕੇ ਜਥੇਬੰਦੀ ਤਿਆਰ ਕਰਨੀ ਚਾਹੀਦੀ ਹੈ।

ਇਹ ਜਥੇਬੰਦੀ ਪਿੰਡ ਪੱਧਰ ਤੇ ਸਰਬ-ਸਾਝੀ ਲੰਗਰ ਦੀ ਪ੍ਰਥਾ ਸ਼ੁਰੂ ਕਰੇ। ਇਹ ਲੰਗਰ ਸਭ ਜਾਤਾਂ ਦੇ ਸਹਿਯੋਗ ਨਾਲ ਪਿੰਡ ਦੇ ਵੱਖ-ਵੱਖ ਹਿੱਸਿਆਂ ਵਿਚ ਮਹੀਨੇ 'ਚ ਇਕ ਜਾਂ ਦੋ ਵਾਰ ਲਗਾਉਣ ਦੀ ਰੀਤ ਚਲਾਉਣੀ ਚਾਹੀਦੀ ਹੈ। ਇਸ ਦੌਰਾਨ ਹਰ ਇਕ ਜਾਤੀ ਦੇ ਨੁਮਾਇੰਦੇ ਨੂੰ ਆਪਸ ਵਿਚ ਨੇੜਤਾ ਪੈਦਾ ਕਰਨ ਤੇ ਜਾਤਪਾਤ ਤੋੜਨ ਦੀ ਸੋਚ ਨੂੰ ਅੱਗੇ ਰੱਖ ਕੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਇਸ ਲਹਿਰ ਨੂੰ ਲਗਾਤਾਰਤਾ ਨਾਲ ਚਲਦੇ ਰੱਖਣ ਦਾ ਪ੍ਰਣ ਪਿੰਡ ਦੇ ਹਰੇਕ ਪ੍ਰਾਣੀ ਨੂੰ ਲੈਣਾ ਚਾਹੀਦਾ ਹੈ। ਇਹ ਲਹਿਰ ਕਾਫੀ ਲੰਮਾ ਸਮਾਂ ਚਲਾਉਣ ਦੀ ਲੋੜ ਹੈ ਕਿਉਂਕਿ ਜਾਤਪਾਤ ਦਾ ਰੋਗ ਬਹੁਤ ਗੰਭੀਰ ਹੈ, ਇਸ ਲਈ ਇਸ ਰੋਗ ਨੂੰ ਉਨੀ ਗੰਭੀਰਤਾ ਅਤੇ ਠਰੰਮੇ ਨਾਲ ਕੰਮ ਕਰਕੇ ਹੀ ਖਤਮ ਕੀਤਾ ਜਾ ਸਕਦਾ ਹੈ।

ਆਓ ਆਪਾਂ ਸੰਸਾਰ ਅੰਦਰ ਆਏ ਰਹਿਬਰਾਂ ਅਤੇ ਮਹਾਂਪੁਰਸ਼ਾਂ ਵੱਲੋਂ ਜਾਤਪਾਤ ਖਿਲਾਫ ਸਮਾਜਿਕ ਕ੍ਰਾਂਤੀ ਦੇ ਵਿੱਢੇ ਸੰਘਰਸ਼ ਵਿਚ ਸ਼ਾਮਲ ਹੋਈਏ। ਸਮਾਜਿਕ ਪਰਿਵਰਤਨ ਦੀ ਇਕ ਲਹਿਰ ਬਣਾਈਏ। ਤਦ ਹੀ ਆਪਾਂ ਜਾਤਪਾਤ ਦੇ ਇਸ ਕੋਹੜ ਨੂੰ ਜੜ੍ਹੋਂ ਪੁੱਟਣ ਵਿਚ ਕਾਮਯਬ ਹੋ ਸਕਦੇ ਹਾਂ।



ਅਰੁਨ ਕੁਮਾਰ, ਬੈਡਫੋਰਡ, ਯੂ ਕੇ 44-7909-828750

# ਨੋਟ ਬੰਦੀ ਦਾ ਅਸਲੀ ਕਾਰਣ

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 8 ਨਵੰਬਰ 2015 ਨੂੰ 500 ਅਤੇ 1000 ਰੁਪਏ ਦੀ ਨੋਟਬੰਦੀ ਦਾ ਐਲਾਨ ਕਰਕੇ ਸਾਰੇ ਭਾਰਤ ਵਿਚ ਹਫੜਾ ਦਫੜੀ ਮਚਾ ਦਿੱਤੀ। ਉਸ ਨੇ ਟੈਲੀਵੀਯਨ ਉਪਰ ਲੋਕਾਂ ਦੇ ਨਾਂ ਆਪਣੇ ਭਾਸ਼ਨ ਵਿਚ ਕਿਹਾ ਕਿ ਭਾਰਤ ਵਿਚ ਕਾਲੇ ਧੰਨ, ਨਕਲੀ ਨੋਟ ਅਤੇ ਅਤੰਕਵਾਦੀ ਸੰਗਠਨਾਂ ਦੀ ਫਡਿੰਗ ਨੂੰ ਰੋਕਣ ਵਾਸਤੇ ਇਹ ਕਦਮ ਚੁਕਿਆ ਗਿਆ ਹੈ।ਇਸ ਨਾਲ ਜੋ ਜਾਹਲੀ ਨੋਟ, ਗਲਤ ਤਰੀਕੇ ਨਾਲ ਕਮਾਇਆ ਹੋਇਆ ਧਨ ਜੋ ਪੂੰਜੀਪਤੀਆਂ ਨੇ ਆਪਣੇ ਘਰਾਂ ਵਿਚ ਦਬਾ ਕੇ ਰਖਿਆ ਹੋਇਆ ਹੈ ਉਨ੍ਹਾਂ ਦੀ ਰੱਦੀ ਦੇ ਟੁਕੜਿਆਂ ਵਾਂਗ ਕੋਈ ਮੁਲ ਨਹੀਂ। ਨੋਟ ਬੰਦੀ ਨਾਲ ਅਤੰਕਵਾਦ ਉਪਰ ਕਾਬੂ ਪਾਇਆ ਜਾ ਸਕੇਗਾ। ਸਰਕਾਰ ਦੀ ਨੋਟਬੰਦੀ ਦੀ ਮੁਹਿੰਮ ਨਗਦੀ ਮੁਦਰਾ ਦੇ ਲੈਣ ਦੇਣ ਨੂੰ ਘਟਾ ਕੇ ਬਗੈਰ ਮੁਦਰਾ ਦੇ ਲੈਣ ਦੇਣ ਨੂੰ ਉਤਸਾਹ ਕਰਨ ਦੀ ਮੁਦਰਾ ਨੀਤੀ ਦੇ ਅਧਾਰਤ ਸੀ। ਕਿਉਂਕਿ ਇਸ ਨਾਲ ਪੈਸੇ ਦੀ ਲੈਣ ਦੇਣ ਉਪਰ ਨਜ਼ਰ ਰੱਖੀ ਜਾ ਸਕਦੀ ਹੈ। ਪ੍ਰਧਾਨ ਮੰਤਰੀ ਦੇ ਇਸ ਐਲਾਨ ਨਾਲ ਭਾਰਤ ਦੀ 86 ਫੀਸਦੀ ਧਨ ਰਾਸ਼ੀ ਨੂੰ ਬੇਕਨੂੰਨੀ ਕਰਾਰ ਦੇ ਦਿੱਤਾ ਗਿਆ।ਜਿਸ ਨਾਲ ਭਾਰਤ ਵਿਚ ਪੁਰਾਣੇ ਨੋਟ ਬਦਲਣ ਵਾਸਤੇ ਹਫੜਾ ਦਫੜੀ ਮਚ ਗਈ। ਸ਼ਾਇਦ ਸਰਕਾਰ ਨੂੰ ਇਸ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਨੋਟਬੰਦੀ ਦਾ ਆਮ ਲੋਕਾਂ ਦੇ ਘਰੇਲੂ ਜੀਵਨ ਉਪਰ ਕੀ ਪ੍ਰਭਾਵ ਪਵੇਗਾ।

ਘਰੇਲੂ ਖਰਚ ਚਲਾਉਣ ਵਾਸਤੇ ਨੌਕਰੀ ਪੇਸ਼ੇ ਵਾਲੇ ਲੋਕ, ਦਿਹਾੜੀਦਾਰ, ਕਿਸਾਨ, ਛੋਟੇ ਵਪਾਰੀ, ਦੁਕਾਨਦਾਰ, ਰੇੜੀ ਵਾਲੇ ਸਭ ਆਮ ਲੋਕ, ਡਾਕਟਰ, ਵਕੀਲ, ਪਤਰਕਾਰ ਵਗੈਰਾ 2 ਸਭ ਲੈਣ ਦੇਣ 500 ਅਤੇ 1000 ਰੁਪਏ ਦੇ ਨੋਟਾਂ ਰਾਹੀਂ ਹੀ ਕਰਦੇ ਸਨ। ਜੇ ਕਰ 500 ਰੁਪਏ ਦਾ ਨੋਟ ਬੰਦ ਨਾ ਕੀਤਾ ਜਾਂਦਾ ਜਾਂ ਫਿਰ ਇਸ ਦੀ ਜਗ੍ਹਾ 500 ਰੁਪਏ ਦਾ ਹੋਰ ਨੋਟ ਜਾਰੀ ਕਰ ਦਿੱਤਾ ਜਾਂਦਾ ਤਾਂ ਸ਼ਾਇਦ ਲੋਕਾਂ ਨੂੰ ਪੈਸੇ ਦੀ ਕਿਲੱਤ ਕਰਕੇ ਏਨੀ ਪ੍ਰੇਸ਼ਾਨੀ ਨਾ ਹੁੰਦੀ। ਪ੍ਰਧਾਨ ਮੰਤਰੀ ਦੇ ਕਥਨ ਮੁਤਾਬਕ ਧਨਾਢ ਲੋਕਾਂ ਜਿਨ੍ਹਾਂ ਨੇ ਕਾਲਾ ਧਨ 1000 ਹਜ਼ਾਰ ਅਤੇ 500 ਰੁਪਏ ਦੇ ਨੋਟਾਂ ਵਿਚ ਆਪਣੇ ਘਰਾਂ ਵਿਚ ਰਖਿਆ ਹੋਇਆ ਹੈ ਉਨ੍ਹਾਂ ਦੀ ਨੀਂਦ ਹਰਾਮ ਹੋ ਗਈ ਹੈ। ਉਸ ਦੇ ਇਸ ਕਥਨ ਵਿਚ ਕਿੰਨਾ ਸਚ ਹੈ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਪਰ ਇਹ ਅੱਟਲ ਸਚਾਈ ਹੈ ਕਿ ਨੋਟਬੰਦੀ ਨੇ ਆਮ ਲੋਕਾਂ ਨੂੰ ਕਤਾਰਾਂ ਵਿਚ ਖੜੇ ਕਰ ਕੇ ਉਨ੍ਹਾਂ ਦੀ ਨੀਂਦ ਹਰਾਮ ਜ਼ਰੂਰ ਕਰ ਦਿੱਤੀ।ਬੈਂਕਾਂ ਅਗੇ ਵਡੀਆਂ 2 ਕਤਾਰਾਂ ਕਾਰਣ ਲੋਕ ਨਾ ਤਾਂ ਪੈਸਾ ਕਢਵਾ ਸਕਦੇ ਸੀ ਅਤੇ ਨਾ ਹੀ ਪੁਰਾਣੇ ਨੋਟ ਜਮ੍ਹਾਂ ਕਰਵਾ ਸਕਦੇ ਸੀ। ਕਿਉਂਕਿ ਸਰਕਾਰ ਨੇ ਪੈਸਾ ਮਿਥੀ ਹਦ ਤੋਂ ਉਪਰ ਕਢਵਾਉਣ ਉਪਰ ਪਬੰਦੀ ਲਗਾ ਦਿੱਤੀ ਜਿਸ ਨਾਲ ਲੋਕਾਂ ਪਾਸ ਘਰ ਦੇ ਗੁਜ਼ਾਰੇ ਵਾਸਤੇ ਆਮ ਖਾਣ ਪੀਣ ਦੀਆਂ ਵਸਤਾਂ ਖਰੀਦਣ ਲਈ ਔਕੜਾਂ ਪੇਸ਼ ਆਉਂਣ ਲਗੀਆਂ। ਪੁਰਾਣੇ ਨੋਟਾਂ ਨੂੰ ਨਵੇਂ ਨੋਟਾਂ ਵਿਚ ਬਦਲਣ ਦੀ ਪ੍ਰੇਸ਼ਾਨੀ ਅਤੇ ਬੈਂਕਾਂ ਅਗੇ ਪੇਸਾ ਕਢਵਾਉਂਣ ਲਈ ਲੰਬੀਆਂ 2 ਕਤਾਰਾਂ ਨੇ ਤਕਰੀਬਨ 125 ਤੋਂ ਵਧ ਲੋਕਾਂ ਦੀ ਜਾਨ ਲੈ ਲਈ ਹੈ।

ਸ਼ਰਕਾਰ ਨੇ ਇਕ ਹੋਰ ਐਲਾਨ ਕੀਤਾ ਕਿ ਲੋਕ ਵਲੋਂ ਪ੍ਰਧਾਨ ਮੌਤਰੀ ਜਨ ਧਨ ਯੋਜਨਾ ਅਧੀਨ ਬਣਾਈਆਂ ਬੈਂਕ ਪਾਸ ਬੁਕਾਂ, ਬੈਂਕ ਅਤੇ ਡਾਕ ਖਾਨਿਆਂ ਵਿਚ ਪੁਰਾਣੇ ਨੋਟ ਜਮ੍ਹਾਂ ਕਰਵਾਏ ਜਾ ਸਕਦੇ ਹਨ ਅਤੇ ਉਥੋਂ ਹੀ ਪੈਸੇ ਕਢਵਾਏ ਜਾ ਸਕਦੇ ਹਨ।ਇਸ ਬਾਰੇ ਕਈ ਸਕੀਮਾਂ ਦਾ ਐਲਾਨ ਕੀਤਾ ਗਿਆ।ਪਰ ਬੈਂਕਾਂ ਅਤੇ ਏ ਟੀ ਐਮਾਂ ਵਿਚ ਪੈਸਾ ਖਤਮ ਹੋਣ ਕਾਰਣ ਲੋਕਾਂ ਦੀਆਂ ਤਕਲੀਫਾਂ ਹੋਰ ਵਧ ਗਈਆਂ।ਛੋਟੇ ਵਪਾਰ, ਸਬਜ਼ੀ ਦੀਆਂ ਮੰਡੀਆਂ ਅਤੇ ਕਰਿਆਨੇ ਦੀਆਂ ਦੁਕਾਨਾਂ ਬੰਦ ਹੋ ਗਈਆਂ।ਹਸਪਤਾਲਾਂ ਨੇ ਮਰੀਜ਼ਾਂ ਨੂੰ ਦਾਖਲ ਕਰਨ ਤੋਂ ਨਾਂਹ ਕਰ ਦਿੱਤੀ।ਕਈਆਂ ਦੀਆਂ ਵਿਆਹ ਸ਼ਾਦੀਆਂ ਰੁਕ ਗਏ। ਕਾਲੇ ਧਨ ਉਪਰ ਕਾਬੂ ਪਾਉਣ ਲਈ ਪ੍ਰਧਾਨ ਮੰਤਰੀ ਦੀ ਦਲੀਲ ਤਾਂ ਕੁਝ ਹਦ ਤਕ ਠੀਕ ਪ੍ਰਤੀਤ ਹੁੰਦੀ ਜਾਪਦੀ ਸੀ ਪਰ ਇਸ ਨੂੰ ਲਾਗੂ ਕਰਨ ਵਿਚ ਸਰਕਾਰ ਬਿਲਕੁਲ ਅਸਫਲ ਰਹੀ। ਸਰਕਾਰ ਦੀ ਨੀਤੀ ਨਾ ਤਾਂ ਕਾਲਾ ਧਨ ਰੋਕਣ ਵਿਚ ਸਫਲ ਹੋਈ ਅਤੇ ਨਾ ਹੀ ਰਿਸ਼ਵਤ ਖੋਰੀ। ਜਿਨ੍ਹਾਂ ਲੋਕਾਂ ਉਪਰ ਹੁਣ ਛਾਪੇ ਮਾਰੇ ਜਾ ਰਹੇ ਹਨ ਉਹ ਪਹਿਲਾਂ ਵੀ ਏਥੇ ਹੀ ਸਨ ਅਤੇ ਇਹੋ ਕਾਲਾ ਬਜ਼ਾਰੀ ਦਾ ਕਾਰੋਬਾਰ ਕਰਦੇ ਸਨ। ਨੋਟਬੰਦੀ ਕਾਰਣ ਨਵੇਂ ਦਲਾਲ ਪੈਦਾ ਹੋ ਗਏ ਜੋ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਨਾਲ ਜਮ੍ਹਾਂ ਕੀਤੇ 500 ਅਤੇ 1000 ਰੁਪਏ ਦੇ ਨੋਟਾਂ ਨੂੰ 300 ਜਾਂ 800 ਰੁਪਏ ਵਿਚ ਬਦਲਦੇ ਸਨ।ਪੁਰਾਣੇ ਨੋਟਾਂ ਨੂੰ ਨਵਿਆਂ ਵਿਚ ਤਬਦੀਲ ਕਰਨ ਵਾਸਤੇ ਇਕ ਨਵੀਂ ਚੋਰ ਬਜ਼ਾਰੀ ਸ਼ੁਰੂ ਹੋ ਗਈ। ਆਮ ਲੋਕਾਂ ਨੂੰ ਬੈਂਕਾਂ ਵਿਚੋਂ 2-4 ਹਜ਼ਾਰ ਰੁਪਏ ਕਢਵਾਉਣ ਦੇ ਲਾਲੇ ਪੈ ਗਏ ਪਰ ਕਾਲੇ ਬਜ਼ਾਰ ਵਿਚ ਕਰੋੜਾਂ ਰੁਪਏ ਦੇ ਨਵੇਂ ਨੋਟ ਫੜੇ ਜਾ ਰਹੇ ਹਨ। ਇਨ੍ਹਾਂ ਕੋਲ ਪੈਸਾ ਕਿਥੋਂ ਆ ਗਿਆ।ਕਾਲੇ ਬਜ਼ਾਰ ਵਿਚ ਕਾਲੇ ਧਨ ਦੀ ਲੁਟ ਮਚੀ ਹੋਈ ਹੈ। ਛਾਪੇ ਮਾਰ ਕੇ ਲੋਕਾ ਦੇ ਅੱਖੀਂ ਘਟਾ ਪਾ ਕੇ ਇਹ ਦਰਸਾਇਆ ਜਾ ਸਕੇ ਕਿ ਸਰਕਾਰ ਦੀ ਕਾਲੇ ਧਨ ਬਾਰੇ ਨੀਤੀ ਕੰਮ ਕਰ ਰਹੀ ਹੈ। ਸਚਾਈ ਤਾਂ ਇਹ ਹੈ ਕਿ ਨੋਟਬੰਦੀ ਨਾਲ ਨਾ ਤਾਂ ਅਤੰਕਵਾਦ ਉਪਰ ਕਾਬੂ ਪਾਇਆ ਜਾ ਸਕਿਆ ਹੈ ਅਤੇ ਨਾ ਹੀ ਕਾਲਾ ਬਜ਼ਾਰੀ ਖਤਮ ਹੋਈ ਹੈ।

ਦੇਖਣ ਵਾਲੀ ਗਲ ਇਹ ਹੈ ਕਿ ਕੀ ਸਰਕਾਰ ਦੀ ਨੋਟਬੰਦੀ ਦੀ ਨੀਤੀ ਕਾਲੇ ਧਨ ਨੂੰ ਰੋਕਣਾ ਸੀ ਜਾਂ ਉਹ ਕਾਲੇ ਧਨ ਦਾ ਮਖੋਟਾ ਪਹਿਨ ਕੇ ਕੋਈ ਹੋਰ ਮਸਲੇ ਦਾ ਹਲ ਕਰਨਾ ਚਾਹੁੰਦੀ ਸੀ ਜਾਂ ਫਿਰ ਨੋਟਬੰਦੀ ਪਿਛੇ ਕੋਈ ਹੋਰ ਤਾਕਤਾਂ ਕੰਮ ਕਰ ਰਹੀਆਂ ਹਨ ਜਿਨ੍ਹਾਂ ਦੇ ਇਸ਼ਾਰੇ ਉਪਰ ਨੋਟਬੰਦੀ ਬਾਰੇ ਫੈਸਲਾ ਲਿਆ ਗਿਆ। ਜੇ ਕਰ ਫਾਈਨੈਸ਼ੀਅਲ ਟਾਈਮਜ਼ ਵਿਚ 11ਜੂਨ 2016 ਦੀ ਖਬਰ ਵਲ ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਰਿਜ਼ਰਵ ਬੈਕ ਆਫ ਇੰਡੀਆ ਨੇ ਇਹ ਚਿਤਾਵਨੀ ਦਿੱਤੀ ਸੀ ਕਿ ਸਰਕਾਰੀ ਬੈਂਕਾਂ ਜੋ ਕੁਲ ਬੈਂਕਾ ਦਾ ਤਿੰਨ ਚੋਥਾਈ ਹਿਸਾ ਹਨ, ਨੇ 8 ਲੱਖ ਕਰੋੜ ਰੁਪਇਆ ਕਰਜ਼ਾ ਦਿੱਤਾ ਹੋਇਆ ਹੈ ਜਿਸ ਦੀ ਵਸੂਲੀ ਨਹੀਂ ਹੋ ਰਹੀ। ਇਕੱਲੀ ਸਟੇਟ ਬੈਂਕ ਆਫ ਇੰਡੀਆ ਨੇ 100 ਅਜੇਹੀਆਂ ਕੰਪਣੀਆਂ ਜੋ ਕਰਜ਼ਾ ਵਾਪਿਸ ਕਰਨ ਤੋਂ ਅਸਮਰਥ ਹਨ, ਵਿਚੋਂ 63 ਦਾ ਕਰਜ਼ਾ ਮਾਫ ਕਰ ਦਿੱਤਾ ਹੈ, 31 ਦਾ ਕੁਝ ਕਰਜ਼ਾ ਮਾਫ ਕੀਤਾ ਹੈ ਅਤੇ 6 ਕੰਪਨੀਆਂ ਅਜੇਹੀਆਂ ਜਨ ਜੋ ਘਾਟੇ ਵਿਚ ਜਾ ਰਹੀਆਂ ਹਨ ਅਤੇ ਕਰਜ਼ਾ ਵਾਪਸ ਕਰਨ ਦੇ ਯੋਗ ਨਹੀਂ ਹਨ। ਕਿੰਗ ਫਿਸ਼ਰ ਏਅਰਲਾਈਨਜ਼ ਦੇ ਮਾਲਕ ਵਿਜੈ ਮਾਲੀਆ ਦਾ ਤਕਰੀਬਨ 500 ਹਜ਼ਾਰ ਕਰੋੜ ਕਰਜ਼ਾ ਮਾਫ ਕੀਤਾ ਜਾ ਚੁਕਾ ਹੈ। ਫਾਨੈਸ਼ੀਅ.ਲ ਗਰੁਪ ਆਈ ਆਈ ਐਫ ਐਲ ਹੋਲਡਿੰਗ ਦੇ ਪ੍ਰਧਾਨ ਪ੍ਰਬੋਧ ਅਗਰਵਾਲ ਅਨੁਸਾਰ 70% ਬੈਂਕਾਂ ਦੀ ਹਾਲਤ ਖਸਤਾ ਹੈ। ਸਪਸ਼ਟ ਹੈ ਕਿ ਜੇ ਕਰ ਬੈਂਕਾਂ ਵਿਚ ਹੋਰ ਪੈਸਾ ਨਹੀਂ ਆਉਂਦਾ ਤਾਂ ਬੈਂਕਾਂ ਕਰਜ਼ਾ ਦੇਣ ਤੋਂ ਅਸਮਰਥ ਹੋ ਜਾਂਦੀਆਂ ਅਤੇ ਭਾਰਤ ਦਾ ਸਾਰਾ ਬੈਕਿਗ ਢਾਂਚਾ ਫੇਲ ਹੋ ਜਾਂਦਾ। ਇਸ ਸਥਿਤੀ ਉਪਰ ਕਾਬੂ ਪਾਉਣ ਵਾਸਤੇ ਨੋਟਬੰਦੀ ਦਾ ਸਹਾਰਾ ਲਿਆ ਗਿਆ ਤਾਂ ਕਿ ਲੋਕ ਆਪਣਾ ਸਾਰਾ ਪੈਸਾ ਬੈਂਕਾਂ ਵਿਚ ਜਮ੍ਹਾਂ ਕਰਵਾ ਦੇਣ। ਇਹੀ ਕਾਰਣ ਸੀ ਕਿ ਪੈਸਾ ਕਢਵਾਉਂਣ ਵਾਸਤੇ ਕੇਵਲ 2-4 ਹਜ਼ਾਰ ਰੁਪਏ ਦੀ ਸੀਮਾ ਨਿਯਤ ਕਰ ਦਿੱਤੀ ਗਈ ਗਈ।

ਨੋਟਬੰਦੀ ਦੇ ਨਾਲ 2 ਸਰਕਾਰ ਨਗਦੀ ਲੈਣ ਦੇਣ ਨੂੰ ਬੰਦ ਕਰ ਕੇ ਪੈਸੇ ਦਾ ਲੈਣ ਦੇਣ ਕਾਰਡ ਜਾਂ ਫਿਰ ਮੋਬਾਈਲ ਫੋਨ ਤੇ ਸਿੱਧਾ ਓਨਲਾਈਨ ਕਰਨ ਉਪਰ ਜ਼ੋਰ ਦੇ ਰਹੀ ਹੈ।ਹਾਲਾਂਕਿ ਇਹ ਸਬ ਭਲੀ ਭਾਂਤ ਜਾਣਦੇ ਹਨ ਕਿ ਕਿ ਲਗਭਗ ਅੱਧੇ ਭਾਰਤੀਆ ਪਾਸ ਕੋਈ ਬੈਂਕ ਖਾਤਾ ਹੀ ਨਹੀਂ ਹੈ। ਬਹੁਤੀ ਜਗ੍ਹਾ ਪੇਂਡੂ ਇਲਾਕਿਆਂ ਵਿਚ ਲਾਗੇ ਛਾਗੇ ਕਿਸੇ ਬੈਂਕ ਜਾਂ ਡਾਕ ਖਾਨੇ ਦਾ ਨਾਂ ਨਿਸ਼ਾਨ ਹੀ ਨਹੀਂ ਹੈ।ਭਾਰਤ ਦੀ ਅਰਥ ਵਿਵਸਥਾ ਨਗਦੀ ਲੈਣ ਦੇਣ ਉਪਰ ਨਿਰਭਰ ਹੈ। ਰੋਜ਼ਾਨਾ ਖਾਣ ਪੀਣ ਦਾ ਖਰਚਾ, ਡਾਕਟਰ ਅਤੇ ਦਵਾਈਆਂ,ਦਿਹਾੜੀਦਾਰਾਂ ਦੀ ਰੋਜ਼ਾਨਾ ਮਜ਼ਦੂਰੀ ਆਦਿ ਸਭ ਨਗਦੀ ਲੈਣ ਦੇਣ ਉਪਰ ਨਿਰਭਰ ਹੈ। ਫਿਰ ਵੀ ਸਰਕਾਰ ਕਾਰਡ ਰਾਹੀਂ ਬਗੈਰ ਨਗਦੀ ਲੈਣ ਦੇਣ ਉਪਰ ਕਿਉਂ ਜ਼ੋਰ ਦੇ ਰਹੀ ਹੈ? ਇਸ ਦਾ ਲਾਭ ਕਿਸ ਨੂੰ ਹੋਣ ਵਾਲਾ ਹੈ? ਨੌਰਬਰਟ ਹੈਰਿੰਗ ਨੇ ਆਪਣੇ ਵੈਬ ਬਲੋਗ ਵਿਚ ਜਰਮਨ ਭਾਸ਼ਾ ਵਿਚ ਛਪੇ ਲੇਖ ਦਾ ਅੰਗਰੇਜ਼ੀ ਵਿਚ ਤਰਜਮਾ ਕਰਕੇ ਉਛਪਾ ਕੇ ਰੱਖਿਆ ਇਕ ਖੁੱਲਾ ਭੇਦ- ਨਗਦੀ ਲੈਣ ਦੇਣ ਨੂੰ ਖਤਮ ਕਰਨ ਦੇ ਭਾਰਤੀ ਤਜਰਬੇ ਪਿਛੇ ਵਾਸ਼ਿੰਗਟਨ ਦਾ ਹੱਥ" (A well-kept open secret: Washington is behind India's brutal experiment of abolishing most cash) ਸਿਰਲੇਖ ਹੇਠ ਲਿਖੇ ਆਪਣੇ ਲੇਖ ਵਿਚ ਇਹ ਖੁਲਾਸਾ ਕੀਤਾ ਹੈ ਕਿ ਇਸ ਨੋਟ ਬੰਦੀ ਪਿਛੇ ਅਮਰੀਕਾ ਦਾ ਹੱਥ ਹੈ। ਉਸ ਦਾ ਕਹਿਣਾ ਹੈ ਕਿ ਅਮਰੀਕਾ ਦੀਆਂ ਆਈ ਟੀ ਕੰਪਣੀਆਂ ਦੀ ਦੁਨੀਆਂ ਦੇ ਤਕਰੀਬਨ ਸਾਰੇ ਦੇਸ਼ਾਂ ਵਿਚ ਧਾਂਕ ਹੈ।

ਇਹ ਅਮਰੀਕਾ ਦੇ ਹਿਤ ਵਿਚ ਹੈ ਕਿ ਨਗਦੀ ਲੈਣ ਦੇਣ ਨੂੰ ਘਟਾ ਕੇ ਡਿਜਿਟਲ ਲੈਣ ਦੇਣ ਕੀਤਾ ਜਾਵੇ ਤਾਂ ਕਿ ਅਜੇਹੀਆਂ ਕੰਪਨੀਆਂ ਜੋ ਵੀਜ਼ਾ, ਮਾਸਟਰ ਕਾਰਡ ਵਗੈਰਾ ਚਲਾ ਰਹੀਆਂ ਹਨ, ਨੂੰ ਫਾਇਦਾ ਹੋ ਸਕੇ। ਇਸ ਦਾ ਇਹ ਵੀ ਮੰਤਵ ਹੈ ਕਿ ਜਿੰਨਾ ਜ਼ਿਆਦਾ ਡਿਜਿਟਲ ਲੈਣ ਦੇਣ ਹੋਵੇਗਾ ਓਨਾ ਹੀ ਅਮਰੀਕਾ ਦਾ ਖੁਫੀਆ ਵਿਭਾਗ ਅਤੇ ਆਈ ਟੀ ਕੰਪਨੀਆਂ ਬੈਂਕਾਂ ਰਾਹੀ ਅੰਤਰ ਰਾਸ਼ਟਰੀ ਲੈਣ ਦੇਣ ਉਪਰ ਨਿਗ੍ਹਾ ਰੱਖ ਸਕਣਗੀਆਂ ਅਤੇ ਅੰਤਰ ਰਾਸ਼ਟਰੀ ਪਧਰ ਤੇ ਵਪਾਰ ਕਰ ਰਹੀਆਂ ਕੰਪਣੀਆਂ ਉਪਰ ਕਾਬੂ ਰੱਖਿਆ ਜਾ ਸਕੇਗਾ। ਹੈਰਿੰਗ ਨੇ ਇਕ ਜਰਮਨ ਅਖਬਾਰ ਦੇ ਹਵਾਲੇ ਨਾਲ ਲਿਖਿਆ ਹੈ ਕਿ ਜਰਮਨੀ ਦੀ ਗੈਰਾਨ ਫੈਕਟਰ ਕੰਪਣੀ ਜੋ ਕਿ ਇਰਾਨ ਨਾਲ ਕਨੂੰਨੀ ਦਾਇਰੇ ਵਿਚ ਵਪਾਰ ਕਰ ਰਹੀ ਸੀ ਪਰ ਅਮਰੀਕਾ ਨੇ ਉਸ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਅੰਤਕਵਾਦੀ ਸੂਚੀ ਵਿਚ ਪਾ ਦਿੱਤਾ ਜਿਸ ਨਾਲ ਉਸ ਕੰਪਨੀ ਦੇ ਵਿਤੀ ਲੈਣ ਦੇਣ ਦੇ ਢਾਂਚੇ ਨੂੰ ਬੰਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਕੁਝ ਅਜੇਹੀਆਂ ਕੰਪਣੀਆਂ ਜੋ ਇਰਾਨ ਨੂੰ ਫਰਨੀਚਰ ਦੀ ਢੋ ਢੁਆਈ ਦਾ ਕੰਮ ਕਰਦੀਆਂ ਸਨ ਉਨ੍ਹਾਂ ਉਪਰ ਵੀ ਪਬੰਦੀ ਲਗਵਾ ਦਿੱਤੀ। ਅਮਰੀਕਾ ਦੇ ਕਹਿਣ ਤੇ ਜਰਮਨ ਦੀ ਇਕ ਮੁਖ ਬੈਂਕ ਨੇ ਆਪਣੇ ਅਮਲੇ ਦੇ ਕਈ ਮੈਂਬਰਾਂ ਨੂੰ ਨੌਕਰੀ ਤੋਂ ਕਢ ਦਿੱਤਾ। ਕਿਉਂਕਿ ਅੰਤਰ ਰਾਸ਼ਟਰੀ ਵਪਾਰ ਅਮਰੀਕਾ ਦੀ ਮੁਦਰਾ ਡਾਲਰ ਵਿਚ ਹੁੰਦਾ ਹੈ, ਅਮਰੀਕਾ ਬੈਂਕਾਂ ਨੂੰ ਡਾਲਰ ਵਿਚ ਵਪਾਰ ਦਾ ਲਾਇਸੈਂਸ ਰਦ ਕਰਨ ਦੀ ਧਮਕੀ ਦੇ ਕੇ ਬਲੈਕਮੇਲ ਕਰ ਸਕਦਾ ਹੈ ਅਤੇ ਆਪਣੀਆਂ ਸ਼ਰਤਾਂ ਨਾਲ ਵਪਾਰ ਦੇ ਨਿਯਮ ਬਣਾ ਸਕਦਾ ਹੈ।ਜੇ ਕਰ ਕਿਸੇ ਦੇਸ਼ ਦੀ ਵਡੀ ਤੋਂ ਵਡੀ ਬੈਂਕ ਦਾ ਦੁਵਾਲਾ ਕਢਣ ਵਿਚ ਅਮਰੀਕਾ ਕੋਲ ਅਥਾਹ ਸ਼ਕਤੀ ਹੈ ਤਾਂ ਉਥੋਂ ਦੀਆਂ ਸਰਕਾਰਾਂ ਉਪਰ ਅਮਰੀਕਾ ਦਾ ਦਬ ਦਬਾ ਹੋਣਾ ਸੁਭਾਵਕ ਹੈ।

ਪ੍ਰੈਸੀਡੈਂਟ ਬਾਰਾਕ ਓਬਾਮਾ ਨੇ ਚੀਨ ਦੇ ਮੁਕਾਬਲੇ ਭਾਰਤ ਨੂੰ ਵਿਦੇਸ਼ ਨੀਤੀ ਤਹਿਤ ਇਕ ਵਿਸ਼ੇਸ਼ ਭਾਈਵਾਲ ਬਣਾਇਆ। ਅਮਰੀਕਾ ਸਰਕਾਰ ਦੇ ਵਿਕਾਸ ਸੰਬਧੀ ਅਦਾਰੇ ਯੂ ਐਸ ਏਡ ਨੇ ਭਾਰਤ ਦੇ ਵਿਤ ਮੰਤਰਾਲਿਯ ਨਾਲ ਕਈ ਸੰਧੀਆਂ ਕੀਤੀਆਂ ਜਿਨ੍ਹਾਂ ਵਿਚੋਂ ਇਕ ਨਗਦੀ ਦੀ ਜਗ੍ਹਾ ਡਿਜਿਟਲ ਲੈਣ ਦੇਣ ਨੂੰ ਭਾਰਤ ਅਤੇ ਦੁਨੀਆਂ ਵਿਚ ਉਤਸਾਹਿਤ ਕਰਨਾ ਸੀ।ਅਮਰੀਕਾ ਵਿਚ ਅਜੇਹੀ ਹੀ ਇਕ ਹੋਰ 'ਨਗਦੀ ਤੋਂ ਵਧੀਆ ਗਠਜੋੜ' (ਬੈਟਰ ਦੈਨ ਕੈਸ ਅਲਾਇੰਸ) ਸੰਸਥਾਂ ਹੈ ਜਿਸ ਦੀ ਯੂ ਐਸ ਏਡ ਮੈਂਬਰ ਹੈ। ਇਹ ਸੰਸਥਾ ਦੁਨੀਆਂ ਵਿਚ ਨਗਦੀ ਲੈਣ ਦੇਣ ਨੂੰ ਬੰਦ ਕਰਨ ਵਾਸਤੇ 2012 ਵਿਚ ਸਥਾਪਤ ਕੀਤੀ ਗਈ ਸੀ।ਇਸ ਦੇ ਹੋਰ ਮੈਂਬਰਾਂ ਵਿਚ ਅਮਰੀਕਾ ਦੇ ਮਾਸਟਰ ਕਾਰਡ, ਵੀਜ਼ਾ ਕਾਰਡ, ਫੋਰਡ ਫਾਉਂਡੇਸ਼ਨ, ਗੇਟਸ ਫਾਉਂਡੇਸ਼ਨ, ਅਮਰੀਕਾ ਦੀਆਂ ਖੁਫੀਆ ਏਜੰਸੀਆਂ ਆਦਿ ਸ਼ਾਮਲ ਹਨ।ਯੂ ਐਸ ਏਡ ਅਤੇ ਭਾਰਤੀ ਵਿਤ ਵਿਭਾਗ ਦੀ ਆਪਸੀ ਭਾਈਵਾਲੀ ਵਿਚੋਂ ਹੋਰ ਸੰਸਥਾ 'ਕੈਟੇਲਿਸਟ' ਦੀ ਉਪਜ ਹੋਈ।ਜਿਸ ਦਾ ਮੁੱਖ ਮੰਤਵ ਭਾਰਤ ਵਿਚ ਬਗੈਰ ਨਗਦੀ (Cashless Payment) ਵਲ ਕਦਮ ਪੁਟਣਾ ਸੀ। ਕੈਟੇਲਿਸਟ ਦਾ ਡਾਇਰੈਕਟਰ ਅਲੋਕ ਸ਼ਰਮਾ ਪਹਿਲਾਂ ਵਸ਼ਿੰਗਟਨ ਵਿਚ ਸਥਿਤ ਸੰਸਥਾ ਵਰਲਡ ਰੀਸੋਰਸ ਇੰਨਸਟੀਚੀਉਟ (World Resource Institute) ਦਾ ਚੀਫ ਓਪਰੇਟਿੰਗ ਅਫਸਰ ਸੀ ਜਿਸ ਦੀ ਮੁੱਖ ਤੌਰ ਤੇ ਯੂ ਐਸ ਏਡ ਵਿਤੀ ਸਹਾਇਤਾ ਕਰਦੀ ਸੀ। ਭਾਰਤ ਵਿਚ ਅਧਾਰ ਕਾਰਡ ਬਣਾਉਣ ਵਾਲਿਆਂ ਦੀ ਟੀਮ ਦਾ ਇਹ ਮੁਢਲਾ ਮੈਂਬਰ ਸੀ।ਕੈਟੇਲਿਸਟ ਦਾ ਸੀ ਈ ਓ, ਬਾਦਲ ਮਲਿਕ ਭਾਰਤ ਦੀ ਓਨ ਲਾਈਨ ਕੰਪਣੀ ਸਨੈਪਡੀਲ ਦਾ ਪਹਿਲਾਂ ਵਾਇਸ ਪ੍ਰਧਾਨ ਸੀ।

ਮਲਿਕ ਨੇ ਦਸਿਆ ਵਪਾਰੀਆਂ ਅਤੇ ਉਪਭੋਗਤਾਵਾਂ ਵਿਚਕਾਰ ਡਿਜਿਟਲ ਪੇਮੇਂਟ ਨੂੰ ਸ਼ੁਰੂ ਕਰਨ ਵਿਚ ਆ ਰਹੀਆਂ ਵੱਖ 2 ਮੁਸ਼ਕਲਾਂ ਨੂੰ ਹਲ ਕਰਨਾ ਕੈਟੇਲਿਸਟ ਦਾ ਮਿਸ਼ਨ ਹੈ।ਜਨਵਰੀ 2016 ਵਿਚ ਯੂ ਐਸ ਏਡ ਨੇ ਆਪਣੀ ਰਿਪੋਰਟ 'ਨਗਦੀ ਤੋਂ ਅੱਗੇ' ਵਿਚ ਇਨ੍ਹਾਂ ਮੁਸ਼ਕਲਾਂ ਦਾ ਜ਼ਿਕਰ ਕੀਤਾ ਸੀ।ਕੈਟੇਲਿਸਟ ਦੇ ਮੁਖੀਆਂ ਨੇ ਬਗੈਰ ਨਗਦੀ ਲੈਣ ਦੇਣ ਦੀ ਯੋਜਨਾ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਪਰ ਸ਼ੈਤਾਨੀ ਨਾਲ ਆਪਣੇ ਆਪ ਨੂੰ ਛੁਪਾ ਕੇ ਅੰਦਰਖਾਤੀ ਇਸ ਦੀ ਤਿਆਰੀ ਕਰਦੇ ਰਹੇ। ਨੋਟਬੰਦੀ ਤੋਂ ਚਾਰ ਹਫਤੇ ਪਹਿਲਾਂ ਬਾਦਲ ਮਲਿਕ ਨੇ ਬਿਨਾਂ ਦੇਸ਼ ਅਤੇ ਇਲਾਕੇ ਦਾ ਨਾਂ ਲਿਆਂ ਇਹ ਬਿਆਨ ਦਿੱਤਾ ਕਿ ਸਾਡਾ ਉਦੇਸ਼ ਇਕ ਸ਼ਹਿਰ ਵਿਚ ਅਗਲੇ 6-12 ਮਹੀਨਿਆਂ ਵਿਚ ਦਸ ਗੁਣਾਂ ਡਿਜਿਟਲ ਪੇਮੇਂਟ ਕਰਨਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਕਿ ਆਈ ਟੀ ਅਮਲੇ ਤੇ ਨਿਰਭਰ ਕਰਦਾ ਹੈ ਅਤੇ ਇਹ ਸੋਚਦਾ ਹੈ ਕਿ ਭਾਰਤ ਦੀਆਂ ਸਾਰੀਆਂ ਸਮਸਿਆਵਾਂ ਦਾ ਹਲ ਇਨਫਰਮੇਸ਼ਨ ਟੈਕਨੌਲਜੀ (ਨਿਡੋਰਮਓਟੋਨਿ ਟਏਚਹ-ਨੋਲੋਗੇ) ਹੀ ਹੈ, ਨੇ 8 ਨਵੰਬਰ ਨੂੰ 500 ਰੁਪਏ ਅਤੇ 1000 ਰੁਪਏ ਦੇ ਨੋਟ ਬੰਦ ਕਰ ਕੇ ਸਾਰੇ ਭਾਰਤਵਾਸੀਆਂ ਦੀ ਦੁਰਦਸ਼ਾ ਕਰ ਦਿੱਤੀ।

ਨੋਟਬੰਦੀ ਪਿਛੇ ਕਿਸ ਦਾ ਹੱਥ ਹੈ, ਇਸ ਬਾਰੇ ਤਾਂ ਕਾਫੀ ਸਪਸ਼ਟ ਹੋ ਚੁਕਿਆ ਹੈ। ਹੋਰ ਸਪਸ਼ਟੀਕਰਨ ਯੂ ਐਸ ਏਡ ਨੇ ਆਪਣੀ ਰਿਪੋਰਟ ਬਿਨ ਨਗਦੀ ਤੋਂ ਅੱਗੇ (Beyond-Cash) ਨੂੰ ਪੇਸ਼ ਕਰਦਿਆਂ ਦੇ ਦਿੱਤਾ। ਉਸ ਅਨੁਸਾਰ 35 ਤੋਂ ਉਪਰ ਭਾਰਤੀ, ਅਮਰੀਕਨ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ ਨੇ ਯੂ ਐਸ ਏਡ ਅਤੇ ਵਿਤ ਵਿਭਾਗ ਨਾਲ ਮਿਲ ਕੇ ਇਹ ਰਿਪੋਰਟ ਤਿਆਰ ਕੀਤੀ ਹੈ।ਜੇ ਕਰ ਕੈਟੇਲਿਸਟ ਦੇ ਮੈਂਬਰਾਂ ਵਲ ਝਾਤ ਮਾਰੀਏ ਤਾਂ ਮੁੱਖ ਤੌਰ ਤੇ ਅਜੇਹੀਆਂ ਆਈ ਟੀ ਕੰਪਣੀਆਂ ਜੋ ਡਿਜਿਟਲ ਲੈਣ ਦੇਣ ਰਾਹੀਂ ਪੈਸਾ ਬਣਾਉਂਦੀਆਂ ਹਨ, ਗੇਟਸ ਫਾਊਂਡੇਸ਼ਨ (ਮਾਈਕਰੋਸੋਫਟ), ਓਮੀਡਿਆਰ (ਈ ਬੇ), ਡੈਲ ਫਾਊਂਡੇਸ਼ਨ, ਮਾਸਟਰ ਕਾਰਡ, ਵੀਜ਼ਾ, ਮੈਟਲਾਈਫ ਫਾਊਂਡੇਸ਼ਨ, ਬੈਟਰ ਦੈਨ ਕੈਸ਼ ਅਲਾਇੰਸ ਵਗੈਰਾ 2 ਮੈਂਬਰ ਹਨ। ਇਹੀ ਗਰੁਪ ਭਾਰਤ ਦੀ ਨੋਟਬੰਦੀ ਪਿਛੇ ਕੰਮ ਕਰ ਰਿਹਾ ਹੈ। ਪ੍ਰਧਾਨ ਮੰਤਰੀ ਦੇ ਦਾਹਵੇ ਕਿ ਨੋਟਬੰਦੀ ਅੰਤਕਵਾਦ, ਕਾਲੇ ਧਨ ਅਤੇ ਜਾਹਲੀ ਨੋਟਾਂ ਨੂੰ ਰੋਕਣ ਵਾਸਤੇ ਕੀਤੇ ਗਏ ਹੈ, ਸਭ ਖੋਖਲੇ ਨਜ਼ਰ ਆ ਰਹੇ ਹਨ।

# ਬੱਚਿਆਂ ਅੰਦਰ ਵਧ ਰਿਹਾ ਨਸ਼ਿਆਂ ਦਾ ਰੁਝਾਣ : ਚਿੰਤਾ ਦਾ ਵਿਸ਼ਾ



ਮੇਜਰ ਸਿੰਘ ਨਾਭਾ
91-94635-53962

ਸਰਕਾਰ ਭਾਵੇਂ ਨਸ਼ਿਆਂ ਦੇ ਫੈਲਾਅ ਬਾਰੇ ਆਪਣੀ ਚਿੰਤਾ ਤਾਂ ਜਾਹਿਰ ਕਰਦੀ ਹੈ ਪਰ ਸਮਾਜ ਅੰਦਰ ਨਸ਼ਿਆਂ ਦਾ ਦਿਨੋ ਦਿਨ ਵਾਧਾ ਹੋ ਰਿਹਾ ਹੈ, ਜੋ ਕਿ ਆਉਣ ਵਾਲੇ ਸਮੇਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸ਼ਰਾਬ, ਅਫੀਮ, ਚਰਸ, ਤੰਬਾਕੂ ਨਸ਼ੀਲੀਆਂ ਦਵਾਈਆਂ ਅਤੇ ਹੋਰ ਬਹੁਤ ਸਾਰੇ ਨਸ਼ੇ ਸਾਡੇ ਸਮਾਜ ਅੰਦਰ ਵਰਤੇ ਜਾ ਰਹੇ ਹਨ, ਜਿਨ੍ਹਾਂ ਵਿਚੋਂ ਕਈਆਂ ਦੇ ਸੇਵਨ ਉਪਰ ਸਰਕਾਰ ਨੇ ਪਾਬੰਦੀ ਲਾਈ ਹੋਈ ਹੈ, ਪਰ ਫੇਰ ਵੀ ਇਨ੍ਹਾਂ ਦੀ ਵਰਤੋਂ ਹੋਈ ਜਾ ਰਹੀ ਹੈ। ਅੱਜ ਅਸੀਂ ਬੱਚਿਆਂ ਅੰਦਰ ਵਧ ਰਹੇ ਨਸ਼ਿਆਂ ਦੇ ਰੁਝਾਣ ਦੀ ਗੱਲ ਕਰਦੇ ਹਾਂ।

ਅਗਰ ਬੱਚੇ ਦੇ ਮਨ ਵਿਚ ਸ਼ੁਰੂ ਤੋਂ ਨਸ਼ਿਆਂ ਪ੍ਰਤੀ ਘ੍ਰਿਣਾ ਨਾ ਪੈਦਾ ਕੀਤੀ ਜਾਵੇ ਤਾਂ ਉਸ ਦਾ ਵੱਡੇ ਹੋਣ ਤੇ ਨਸ਼ਿਆਂ ਵਾਲੇ ਸਮਾਜ ਅੰਦਰ ਪ੍ਰਵੇਸ਼ ਕਰਨਾ ਸੰਭਵ ਹੋ ਜਾਂਦਾ ਹੈ। ਬੱਚਿਆਂ ਦੀ ਸਖਸ਼ੀਅਤ ਉਪਰ ਮਾਪਿਆਂ ਅਤੇ ਅਧਿਆਪਕਾਂ ਦਾ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ। ਅਗਰ ਮਾਂ ਬਾਪ ਅਤੇ ਅਧਿਆਪਕ ਨਸ਼ੇ ਕਰਦੇ ਹੋਣ, ਕੀ ਉਨ੍ਹਾਂ ਦਾ ਪ੍ਰਭਾਵ ਬੱਚਿਆਂ ਉਪਰ ਨਹੀਂ ਪਵੇਗਾ? ਅੱਜ ਕੱਲ੍ਹ ਛੋਟੇ ਤੋਂ ਛੋਟੇ ਪਿੰਡ, ਇਥੋਂ ਤੀਕ ਕਿ ਆਰਜੀ ਝੋਂਪੜੀਆਂ ਦੇ ਨੇੜੇ ਵੀ ਕੋਈ ਨਾ ਕੋਈ ਦੁਕਾਨ ਜਾਂ ਖੋਖਾ ਦੇਖੋਗੇ, ਜਿਸ ਦੇ ਅੰਦਰ ਚਮਕਦੇ ਕਾਗਜ ਦੀ ਪੈਕਿੰਗ ਵਿਚ ਛੋਟੀਆਂ ਛੋਟੀਆਂ ਥੈਲੀਆਂ ਜਰੂਰ ਲਟਕਦੀਆਂ ਹੋਣਗੀਆਂ। ਬੱਚਿਆਂ ਨੂੰ ਨਸ਼ਿਆਂ ਵੱਲ ਪ੍ਰੇਰਿਕ ਕਰਨ ਲਈ ਇਨ੍ਹਾਂ ਦਾ ਵਿਸ਼ੇਸ਼ ਰੋਲ ਹੈ। ਸ਼ੁਰੂ ਵਿਚ ਬੱਚੇ ਚੂਰਨ ਦੇ ਰੂਪ ਵਿਚ ਇਨ੍ਹਾਂ ਥੈਲੀਆਂ ਵਿਚਲਾ ਮਿੱਠਾ ਗੁਟਖਾ ਖਾਣਾ ਸ਼ੁਰੂ ਕਰ ਦਿੰਦੇ ਹਨ। ਹੌਲੀ ਹੌਲੀ ਉਹ ਤੰਬਾਕੂ ਵਾਲਾ ਚੂਰਨ ਖਾਣਾ ਸ਼ੁਰੂ ਕਰ ਦਿੰਦੇ ਹਨ ਜਿਸਦਾ ਮੂੰਹ ਵਿਚ ਪਾਉਣ ਤੋਂ ਬਾਅਦ ਆਮ ਵਿਅਕਤੀ ਨੂੰ ਪਤਾ ਨਹੀਂ ਲਗਦਾ। ਇਹੀ ਕਾਰਨ ਹੈ ਕਿ ਨੌਜਵਾਨ ਪੀੜ੍ਹੀ ਬੀੜੀ, ਸਿਗਰਟ ਘੱਟ ਪਰ 'ਚ ਪਾਉਣ ਵਾਲੇ ਨਸ਼ੇ ਜਿਆਦਾ ਕਰਦੇ ਹਨ। ਛੋਟੇ ਬੱਚੇ ਆਪਣੇ ਤੋਂ ਵੱਡੇ ਬੱਚਿਆਂ ਦੀ ਰੀਸ ਕਰਕੇ ਜਾਂ ਦੋਸਤੀ ਹੋਣ ਕਾਰਨ ਇਹ ਚੂਰਨ ਚੱਖਣਾ ਸ਼ੁਰੂ ਕਰ ਦਿੰਦੇ ਹਨ। ਉਹ ਨਸ਼ਿਆਂ ਨੂੰ ਪਹਿਲਾਂ ਸ਼ੁਗਲ ਦੇ ਤੌਰ 'ਤੇ ਲੈਂਦੇ ਹਨ ਤੇ ਬਾਅਦ ਵਿਚ ਇਨ੍ਹਾਂ ਦੇ ਆਦੀ ਹੋ ਜਾਂਦੇ ਹਨ ਤੇ ਨਵੇਂ ਤੋਂ ਨਵਾਂ ਨਸ਼ਾ ਲੈਣ ਤੋਂ ਵੀ ਨਹੀਂ ਝਿਜਕਦੇ।



ਅਗਰ ਬੱਚਿਆਂ ਅੰਦਰ ਨਸ਼ਿਆਂ ਨੂੰ ਪੁੰਗਰਣ ਤੋਂ ਰੋਕਣਾ ਹੈ ਤਾਂ ਅਧਿਆਪਕ ਇਸ ਸੰਬੰਧੀ ਪ੍ਰਭਾਵਸ਼ਾਲੀ ਰੋਲ ਅਦਾ ਕਰ ਸਕਦਾ ਹੈ। ਬੱਚੇ ਦੀ ਸਖਸ਼ੀਅਤ ਸਕੂਲ ਅੰਦਰ ਨਿਖਰਨੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਅਧਿਆਪਕਾਂ ਅਤੇ ਸਾਥੀ ਵਿਦਿਆਰਥੀਆ ਦਾ ਪ੍ਰਭਾਵ ਹਰੇਕ ਬੱਚੇ ਉਪਰ ਪੈਂਦਾ ਹੈ। ਇਕ ਚੰਗਾ ਅਧਿਆਪਕ ਬੱਚੇ ਦੀਆਂ ਹਰਕਤਾਂ ਅਤੇ ਰੁਚੀਆਂ ਤੋਂ ਭਲੀਭਾਂਤ ਜਾਣੂ ਹੁੰਦਾ ਹੈ। ਉਹ ਬੱਚੇ ਨੂੰ ਗਲਤ ਪਾਸੇ ਜਾਣ ਤੋਂ ਸ਼ੁਰੂ ਵਿਚ ਆਪਣੇ ਚੰਗੇ ਵਿਚਾਰਾਂ ਦੇ ਪ੍ਰਭਾਵ ਨਾਲ ਰੋਕ ਸਕਦਾ ਹੈ। ਪਰ ਅਗਰ ਅਧਿਆਪਕ ਹੀ ਨਸ਼ਾ ਕਰਦਾ ਹੈ ਤਾਂ ਉਹ ਬੱਚੇ ਉਪਰ ਆਪਣਾ ਪ੍ਰਭਾਵ ਕਿਹੋ ਜਿਹਾ ਪਾਵੇਗਾ, ਇਹ ਤੁਸੀਂ ਆਪ ਹੀ ਅੰਦਾਜਾ ਲਾ ਸਕਦੇ ਹੋ। ਮਾਪਿਆਂ ਨੂੰ ਵੀ ਆਪਣੇ ਬੱਚੇ ਨੂੰ ਜੇਬ ਖਰਚ ਦੇਣ ਤੋਂ ਬਾਅਦ ਉਸ ਦੀ ਵਰਤੋਂ ਬਾਰੇ ਪੂਰੀ ਪੂਰੀ ਜਾਂਚ ਕਰ ਲੈਣੀ ਚਾਹੀਦੀ ਹੈ ਕਿ ਬੱਚੇ ਨੇ ਵਾਕਿਆ ਹੀ ਸਹੀ ਚੀਜ ਖਰੀਦੀ ਹੈ। ਇਸੇ ਤਰ੍ਹਾਂ ਅਗਰ ਮਾਪੇ ਨਸ਼ਾ ਕਰਦੇ ਹਨ ਤਾਂ ਉਹ ਵੀ ਅੰਦਰੋਂ ਆਪਣੀ ਕਮਜੋਰੀ ਨੂੰ ਲੁਕਾਉਂਦੇ ਹੋਏ ਬੱਚੇ ਉਪਰ ਵਧੀਆ ਪ੍ਰਭਾਵ ਨਹੀਂ ਪਾ ਸਕਦੇ।

ਅੱਜਕੱਲ੍ਹ ਤੰਬਾਕੂ ਦੀਆਂ ਵਸਤਾਂ ਦੀ ਗੋਲਮੋਲ ਤਰੀਕੇ ਨਾਲ ਇਸ਼ਤਿਹਾਰਬਾਜ਼ੀ ਬਹੁਤ ਹੋ ਰਹੀ ਹੈ ਭਾਵੇਂ ਸਰਕਾਰ ਨੇ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਉਪਰ ਪਾਬੰਦੀ ਲਾ ਕੇ ਇਸ ਦੀ ਵਿਕਰੀ ਨੂੰ ਨਿਰਉਤਸਾਹਿਤ ਕਰਨ ਦਾ ਯਤਨ ਕੀਤਾ ਹੈ। ਸਰਕਾਰ ਨਸ਼ਿਆਂ ਵਿਰੋਧੀ ਸਮੇਂ ਸਮੇਂ ਮੁਹਿੰਮ ਚਲਾਉਂਦੀ ਰਹਿੰਦੀ ਹੈ। ਪਰ ਬੱਚਿਆਂ ਉਪਰ ਪ੍ਰਭਾਵ ਪਾਉਣ ਲਈ ਅਜੇ ਠੋਸ ਉਪਰਾਲੇ ਕਰਨ ਦੀ ਲੋੜ ਹੈ। ਬੱਚਿਆਂ ਅੰਦਰ ਨਸ਼ੇ ਦੀ ਆਦਤ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਹੰਭਲਾ ਮਾਰਨ ਦੀ ਲੋੜ ਹੈ। ਸਰਕਾਰ ਨੂੰ ਇਸ ਸੰਬੰਧੀ 'ਸਿਗਰਟਨੋਸ਼ੀ' 'ਤੇ ਪਾਬੰਦੀ ਲਾਗੂ ਕਰਕੇ ਬੱਚਿਆਂ ਦੇ ਮਨਾਂ 'ਤੇ ਇਸ ਦਾ ਬੁਰਾ ਪ੍ਰਭਾਵ ਪਾਉਣਾ ਚਾਹੀਦਾ ਹੈ। ਸਿੱਖ ਸੰਸਥਾਵਾਂ ਨੂੰ ਵੀ ਨਸ਼ਿਆਂ ਵਿਰੋਧੀ ਮੁਹਿੰਮ ਵਿਚ ਆਪਣਾ ਯੋਗਦਾਨ ਕਾਰਗਰ ਢੰਗ ਨਾਲ ਪਾਉਣਾ ਚਾਹੀਦਾ ਹੈ ਤਾਂ ਕਿ ਜਨਤਕ ਥਾਵਾਂ ਤੇ ਅਜੇ ਵੀ ਤੰਬਾਕੂ ਦਾ ਉਡ ਰਿਹਾ ਧੂੰਆਂ ਸਰਕਾਰ 'ਤੇ ਦਬਾਅ ਪਾ ਕੇ ਬੰਦ ਕਰਵਾਇਆ ਜਾ ਸਕੇ। ਪਰ ਸਰਕਾਰ ਨੂੰ ਪਹਿਲਾਂ ਇਹ ਧੂੰਆਂ ਬੰਦ ਕਰਾਉਣ ਵਾਲੇ ਮਹਿਕਮੇ ਅੰਦਰ ਉਡਦਾ ਧੂੰਆਂ ਜਰੂਰ ਖਤਮ ਕਰਾਉਣਾ ਚਾਹੀਦਾ ਹੈ ਤਾਂ ਹੀ ਇਹ ਪਾਬੰਦੀ ਸਹੀ ਢੰਗ ਨਾਲ ਲਾਗੂ ਹੋ ਸਕੇਗੀ।

ਦੁਕਾਨਦਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਨਸ਼ੇ ਦੀਆਂ ਵਸਤਾਂ ਨਾ ਦੇਣ, ਸਗੋਂ ਇਹ ਦੁਕਾਨ ਦੇ ਬਾਹਰ ਵੀ ਪ੍ਰਦਰਸ਼ਿਤ ਨਹੀਂ ਕਰਨੀਆਂ ਚਾਹੀਦੀਆਂ। ਜੇਕਰ ਨਸ਼ੇ ਦੀਆਂ ਦੁਕਾਨਾਂ ਵੱਖਰੀਆਂ ਹੋਣ ਤੇ ਹਰੇਕ ਦੁਕਾਨਦਾਰ ਨਸ਼ਾ ਨਾ ਰੱਖ ਸਕਦਾ ਹੋਵੇ ਤਾਂ ਨਸ਼ੇ ਦੀਆਂ ਦੁਕਾਨਾਂ ਅੱਗੇ ਖੜ੍ਹਨ ਦਾ ਬੱਚੇ ਹੌਂਸਲਾ ਨਹੀਂ ਕਰਨਗੇ। ਬੱਚਿਆਂ ਉਪਰ ਧਾਰਮਿਕ ਪ੍ਰਭਾਵ ਨਾਲ ਵੀ ਉਨ੍ਹਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਦਿਵਾਇਆ ਜਾ ਸਕਦਾ ਹੈ। ਇਹ ਕੰਮ ਧਾਰਮਿਕ ਸੰਸਥਾਵਾਂ ਨੂੰ ਕਰਨਾ ਚਾਹੀਦਾ ਹੈ। ਅਗਰ ਅਸੀਂ ਸ਼ੁਰੂ ਤੋਂ ਬੱਚਿਆਂ ਅੰਦਰ ਛੋਟੇ ਤੋਂ ਛੋਟੇ ਨਸ਼ੇ ਪ੍ਰਤੀ ਨਫਰਤ ਪੈਦਾ ਕਰ ਦਈਏ ਤਾਂ ਸਾਡੀ ਇਹ ਬਹੁਤ ਵੱਡੀ ਪ੍ਰਾਪਤੀ ਹੋਵੇਗੀ ਜਿਸ ਨਾਲ ਬੱਚਾ ਨਸ਼ਿਆਂ ਤੋਂ ਦੂਰ ਰਹਿ ਸਕੇਗਾ।

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

(17ਵੀ ਕਿਸਤ)

**ਮੁੱਢਲੇ ਪਸ਼ੂ**

ਮੁੱਢਲੇ ਪੰਛੀਆਂ ਦੀ ਤਰਖ਼ਾਂ ਹੀ ਮੁੱਢਲੇ ਪਸ਼ੂਆਂ ਨੂੰ ਆਪਣੇ ਦੁਸ਼ਮਣਾਂ ਤੋਂ ਬਚਣ ਲਈ ਠੰਡੇ ਅਸਥਾਨਾਂ ਦਾ ਸਹਾਰਾ ਲੈਣਾ ਪਿਆ। ਨਵੀਆਂ ਹਾਲਤਾਂ ਅਨੁਸਾਰ ਨਵੇਂ ਸੁਭਾਅ ਨੇ ਉਹਨਾਂ ਦੇ ਅੰਗਾਂ ਪੈਰਾਂ ਦੀ ਬਣਤਰ ਵਿੱਚ ਤਬਦੀਲੀਆਂ ਲਿਆ ਦਿੱਤੀਆਂ। ਇਹ ਠੰਡੇ ਖ਼ੂਨ ਦੀ ਥਾਂ ਗਰਮ ਖ਼ੂਨ ਦੇ ਮਾਲਕ ਬਣ ਗਏ। ਪਰਾਂ ਦੀ ਥਾਂ ਤੇ ਜੱਤ ਆ ਗਈ। ਆਂਡਿਆਂ ਨੂੰ ਬਾਹਰ ਕੱਢ ਕੇ ਨਿੱਘ ਦੇਣ ਦੀ ਬਜਾਏ ਇਨਖ਼ਾਂ ਨੇ ਆਪਣੇ ਢਿੱਡਾਂ ਵਿੱਚ ਹੀ ਰੱਖਣਾ ਸ਼ੁਰੂ ਕਰ ਦਿੱਤਾ। ਇਸ ਤਰਖ਼ਾਂ ਉਨਖ਼ਾਂ ਨੇ ਆਂਡੇ ਦੇਣ ਦੀ ਬਜਾਏ ਸੰਤਾਨ ਨੂੰ ਜਨਮ ਦੇਣਾ ਤੇ ਭੋਜਨ ਮੂੰਹਾਂ ਰਾਹੀਂ ਖੁਵਾਉਣ ਦੀ ਬਜਾਏ ਦੁੱਧ ਚੁੰਘਾਉਣਾ ਸ਼ੁਰੂ ਕਰ ਦਿੱਤਾ। ਇਸ ਤੱਥ ਦਾ ਸਬੂਤ ਅੱਜ ਵੀ ਧਰਤੀ 'ਤੇ ਮਿਲਣ ਵਾਲੇ ਅਜਿਹੇ ਜੀਵ ਹਨ ਜਿਹੜੇ ਦਿੰਦੇ ਤਾਂ ਆਂਡੇ ਹਨ ਪਰ ਆਪਣੇ ਜੀਵਾਂ ਨੂੰ ਦੁੱਧ ਵੀ ਚੁੰਘਾਉਦੇ ਹਨ।

ਇਸ ਤੋਂ ਬਾਅਦ ਪ੍ਰਿਥਵੀ ਤੇ ਅਜਿਹਾ ਯੁੱਗ ਆਇਆ ਜਿਸ ਵਿੱਚ ਧਰਤੀ ਉੱਤੇ ਵੱਡੀਆਂ-ਵੱਡੀਆਂ ਉੱਥਲਾਂ ਪੁੱਥਲਾਂ ਹੋਈਆਂ। ਜਵਾਲਾਮੁਖੀਆਂ ਨੇ ਅੱਗ ਵਰਖ਼ਾਉਣ ਦਾ ਕੰਮ ਤੇਜ ਕਰ ਦਿੱਤਾ ਅਤੇ ਦੁਨੀਆਂ ਦੇ ਖਿੱਤੇ ਵਿੱਚ ਵਿਖਾਈ ਦੇਣ ਵਾਲੇ ਵੱਡੇ ਵੱਡੇ ਪਹਾੜਾਂ ਦੀਆਂ ਲੜੀਆਂ ਨੇ ਹੋਂਦ ਵਿੱਚ ਆਉਣਾ ਸ਼ੁਰੂ ਕਰ ਦਿੱਤਾ ਸੀ। ਵਰਤਮਾਨ ਮਹਾਂਦੀਪਾਂ ਵਿਚ ਵਿੱਥ ਵਧ ਹੋਣ ਲੱਗ ਪਈ ਤੇ ਇਹ 15 ਸੈਂਟੀਮੀਟਰ ਪ੍ਰਤੀ ਸਾਲ ਇੱਕ ਦੂਜੇ ਤੋਂ ਦੂਰ ਹੋਣ ਲੱਗ ਪਏ। ਮਹਾਂਦੀਪਾਂ ਵਿੱਚ ਵਧ ਰਹੀ ਇਸ ਵਿੱਥ ਨੇ ਅੱਜ ਦੇ ਪ੍ਰਸ਼ਾਂਤ ਮਹਾਂਸਾਗਰ ਤੇ ਅੰਧਮਹਾਸਾਗਰ ਦੇ ਆਧੁਨਿਕ ਸਮੁੰਦਰੀ ਰੂਪ ਨੂੰ ਜਨਮ ਦੇਣਾ ਸ਼ੁਰੂ ਕਰ ਦਿੱਤਾ।

**ਜੰਗਲੀ ਜਾਨਵਰ**

ਪ੍ਰਿਥਵੀ ਤੇ ਘਾਹ ਪੈਦਾ ਹੋਣ ਕਾਰਨ ਬੇਸ਼ੁਮਾਰ ਚਾਰਗਾਹਾਂ ਪੈਦਾ ਹੋ ਗਈਆਂ ਸਨ। ਜਿਹੜੇ ਥਣਧਾਰੀ ਅਲੋਪ ਹੋ ਗਏ ਸਨ ਉਹਨਾਂ ਤੋਂ ਵੀ ਚਮਤਕਾਰੀ ਘਾਸਾਹਾਰੀ ਪਸ਼ੂ ਤੇ ਇਹਨਾਂ ਨੂੰ ਮਾਰ ਮੁਕਾਉਣ ਵਾਲੇ ਜੰਗਲੀ ਜਾਨਵਰ ਹੋਂਦ ਵਿੱਚ ਆ ਗਏ। ਇਹਨਾਂ ਨਵੇਂ ਥਣਧਾਰੀ ਪਸ਼ੂਆਂ ਵਿੱਚ ਇਕ ਖਾਸ ਕਿਸਮ ਦਾ ਗੁਣ ਸੀ ਕਿ ਇਹ ਆਪਣੀ ਨਵੀਂ ਜਨਮੀਂ ਸੰਤਾਨ ਨੂੰ ਦੁੱਧ ਚੁੰਘਾਉਦੇ ਹਨ ਅਤੇ ਉਹਨਾਂ ਨੂੰ ਆਪਣੇ ਨਾਲ ਹੀ ਰੱਖ ਕੇ ਪਾਲਦੇ ਪੋਸਦੇ ਸਨ। ਇਸ ਤਰਖ਼ਾਂ ਇਹਨਾਂ ਥਣਧਾਰੀ ਪਸ਼ੂਆਂ ਨੇ ਝੁੰਡਾਂ ਵਿੱਚ ਇਕੱਠੇ ਰਹਿਣਾ ਸਿਖ ਲਿਆ। ਹੌਲੀ ਹੌਲੀ ਇਸ ਢੰਗ ਨਾਲ ਸਮਾਜਿਕ ਚੇਤਨਾ ਵਿਚ ਵਿਕਾਸ ਹੁੰਦਾ ਰਿਹਾ। ਵਿਗਿਆਨਕਾਂ ਕੋਲ ਇਸ ਗੱਲ ਦੇ ਸਬੂਤ ਹਨ ਕਿ ਜਿਉਂ-ਜਿਉਂ ਹੀ ਪਸ਼ੂਆਂ ਦੀ ਸਮਾਜਿਕ ਚੇਤਨਾ ਵਿੱਚ ਵਾਧਾ ਹੁੰਦਾ ਰਿਹਾ ਹੈ ਇਹਨਾਂ ਦੇ ਮਗਜ ਦਾ ਆਕਾਰ ਵੀ ਵਧਦਾ ਰਿਹਾ ਹੈ। ਹੌਲੀ ਹੌਲੀ ਇਹਨਾਂ ਵਿੱਚ ਚੇਤਨਾ ਵਧਦੀ ਗਈ ਅਤੇ ਇਹਨਾਂ ਦੇ ਝੁੰਡਾਂ ਦਾ ਆਕਾਰ ਵੀ ਵੱਡਾ ਹੁੰਦਾ ਗਿਆ। ਇਸ ਤਰਖ਼ਾਂ ਸਮਾਂ ਤੁਰਦਾ ਰਿਹਾ ਤੇ ਸਾਡੇ ਅੱਜ ਦੇ ਪਸ਼ੂ ਸ਼ੇਰ, ਚੀਤਾ, ਗਧਾ, ਘੋੜਾ, ਮੱਝਾਂ, ਗਾਵਾਂ ਤੇ ਹਿਰਨ ਆਦਿ ਹੋਂਦ ਵਿਚ ਆ ਗਏ।

ਜੇ ਅਸੀਂ ਪ੍ਰਾਚੀਨ ਸਿੱਲਾਂ ਵਿੱਚੋਂ ਮਿਲੇ ਘੋੜੇ ਦੇ ਪਿੰਜਰਾਂ ਦਾ ਅਧਿਐਨ ਕਰੀਏ ਤਾਂ ਸਾਡੀ ਹੈਰਾਨੀ ਹੋਰ ਵੀ ਵੱਧ ਜਾਂਦੀ ਹੈ।

ਉੱਤਰੀ ਅਮਰੀਕਾ ਵਿੱਚੋਂ ਮਿਲੇ ਛੇ ਕਰੋੜ ਵਰਖ਼ੇ ਪੁਰਾਣੇ ਪਿੰਜਰ ਦੱਸਦੇ ਹਨ ਕਿ ਇਸ ਸਮੇਂ ਦੇ ਘੋੜੇ ਦਾ ਕੱਦ ਸਿਰਫ ਬਿੱਲੀ ਦੇ ਆਕਾਰ ਦਾ ਹੀ ਸੀ। ਛੋਟਾ ਸਿਰ ਤੇ ਛੋਟੀ ਗਰਦਨ ਦੇ ਨਾਲ ਹੀ ਇਸ ਦੇ ਪੰਜੇ ਵਿਚ ਚਾਰ ਉਂਗਲਾਂ ਹੀ ਸਨ। ਦੋ ਕਰੋੜ ਵਰਿਖ਼ਆਂ ਬਾਅਦ ਇਸਦਾ ਆਕਾਰ ਬੱਕਰੀ ਜਿੱਡਾ ਹੋ ਗਿਆ ਤੇ ਪੰਜੇ ਵਿੱਚੋਂ ਇੱਕ ਉਂਗਲੀ ਹੋਰ ਅਲੋਪ ਹੋ ਗਈ ਅਤੇ ਹੁਣ ਉਂਗਲਾਂ ਦੀ ਗਿਣਤੀ ਸਿਰਫ਼ ਤਿੰਨ ਰਹਿ ਗਈ। ਲਗਭੱਗ ਇਕ ਕਰੋੜ ਪਹਿਲਾਂ ਘੋੜੇ ਦਾ ਕੱਦ ਅੱਜ ਦੇ ਗਧੇ ਜਿੱਡਾ ਹੋ ਗਿਆ। ਆਧੁਨਿਕ ਘੋੜਾ ਅੱਜ ਤੋਂ ਚਾਰ ਲੱਖ ਸਾਲ ਵਰਖ਼ੇ ਪਹਿਲਾਂ ਹੀ ਹੋਂਦ ਵਿੱਚ ਆਇਆ ਹੈ। ਘੋੜੇ ਦੇ ਵਿਕਾਸ ਦਾ ਅਧਿਐਨ ਕਰਨ ਸਮੇਂ ਇਸ ਦੇ ਦੰਦਾਂ ਤੇ ਦਿਮਾਗੀ ਵਿਕਾਸ ਦੀ ਕਹਾਣੀ ਹੋਰ ਵੱਧ ਸਪੱਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ।

**ਪਹਿਲਾ ਬਾਂਦਰ**

ਵਿਗਿਆਨੀਆਂ ਨੇ ਮਨੁੱਖ ਜਾਤੀ ਦੇ ਵਿਕਾਸ ਦਾ ਵੀ ਬਹੁਤ ਡੂੰਘਾਈ ਨਾਲ ਅਧਿਐਨ ਕੀਤਾ ਹੈ। ਉਹਨਾਂ ਦਾ ਦਾਅਵਾ ਹੈ ਕਿ ਧਰਤੀ ਤੋਂ ਡਾਇਨੋਸੋਰਾਂ ਦੇ ਅਲੋਪ ਹੋ ਜਾਣ ਤੋਂ ਬਾਅਦ ਪ੍ਰਿਥਵੀ ਉੱਤੇ ਬਹੁਤ ਹੀ ਛੋਟੇ ਛੋਟੇ ਚੂਹੇ ਦੇ ਆਕਾਰ ਤੇ ਸ਼ਕਲ ਵਾਲੇ ਜਾਨਵਰ ਹੁੰਦੇ ਸਨ। ਇਹ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਉਂਦੇ ਅਤੇ ਜਨਮ ਦਿੰਦੇ। ਇਹਨਾਂ ਵਿੱਚੋਂ ਘਰਾਂ ਵਿੱਚ ਘਰਾਂ ਵਿੱਚੋਂ ਅੱਜ ਵੀ ਮਿਲਣ ਵਾਲੀ ਚੁਕੰਦਰ (ਚੂਹੇ ਵਰਗੀ ਸ਼ਕਲ ਤੇ ਆਕਾਰ) ਨਾਲ ਮਿਲਦੇ ਜੁਲਦੇ ਜੀਵਾਂ ਤੋਂ 6.5 ਕਰੋੜ ਸਾਲ ਪਹਿਲਾਂ ਦਰਖਤਾਂ ਤੇ ਚੜਖ਼ਨ ਵਾਲੇ ਕਾਟੋ ਵਰਗੇ ਜੀਵ ਵਿਕਸਿਤ ਹੋਏ। ਦਰਖਤਾਂ ਤੇ ਚੜਨ ਲਈ ਇਹ ਆਪਣੇ ਪੰਜਿਆਂ ਨੂੰ ਵਰਤੋਂ ਵਿੱਚ ਲਿਆਉਂਦੇ ਸਨ। ਇਹਨਾਂ ਜੀਵਾਂ ਤੋਂ ਅੱਜ ਪੂਰਵੀ ਦੀਪਾਂ ਵਿੱਚ ਦਰਖਤਾਂ ਤੇ ਰਹਿਣ ਵਾਲੇ ਜੰਤੂ ਲੈਮੂਰ ਦਾ ਜਨਮ ਹੋਇਆ। ਸਮੇਂ ਦੀ ਤਬਦੀਲੀ ਨੇ ਇਸ ਲੈਮੂਰ ਨੂੰ 3 ਕਰੋੜ 80 ਲੱਖ ਸਾਲ ਪਹਿਲਾਂ ਪੂਛ ਵਾਲੇ ਬਾਂਦਰ ਵਿੱਚ ਬਦਲ ਦਿੱਤਾ। ਕਿਉਂਕਿ ਇਹ ਆਮ ਤੌਰ ਤੇ ਦਰੱਖਤਾਂ ਤੇ ਰਹਿੰਦੇ ਸਨ ਤੇ ਆਪਣੀਆਂ ਮੂਹਰਲੀਆਂ ਲੱਤਾਂ ਨਾਲ ਟਾਹਣੀਆਂ ਤੋਂ ਲਮਕਦੇ ਅਤੇ ਟਪੂਸੀਆਂ ਮਾਰਦੇ ਸਨ। ਇਸ ਲਈ ਇਹਨਾਂ ਦੇ ਸਰੀਰ ਦਿਨੋਂ ਦਿਨ ਸਿੱਧੇ ਅਤੇ ਮੂਹਰਲੀਆਂ ਲੱਤਾਂ ਬਾਹਾਂ ਵਿੱਚ ਅਤੇ ਪੰਜੇ ਹੱਥਾਂ ਵਿੱਚ ਬਦਲਦੇ ਗਏ।

ਵਿਗਿਆਨ ਦਾ ਇੱਕ ਨਿਯਮ ਹੈ ਕਿ ਜੀਵ ਜਿਹੜੇ ਅੰਗਾਂ ਨੂੰ ਵਰਤਦੇ ਰਹਿੰਦੇ ਹਨ ਉਹਨਾਂ ਦਾ ਵਿਕਾਸ ਹੁੰਦਾ ਰਹਿੰਦਾ ਹੈ ਤੇ ਜਿਹੜੇ ਅੰਗਾਂ ਦੀ ਵਰਤੋਂ ਨਹੀਂ ਕਰਦੇ ਉਹ ਹੌਲੀ ਹੌਲੀ ਅਲੋਪ ਹੋ ਜਾਂਦੇ ਹਨ। ਬਾਂਦਰ ਵਿੱਚ ਵੀ ਇੰਝ ਹੋਣਾ ਹੀ ਸੀ। ਉਸਦੇ ਹੱਥਾਂ ਨੇ ਵਿਕਾਸ ਕਰਨਾ ਜਾਰੀ ਰੱਖਿਆ ਅਤੇ ਪੂਛ ਦੀ ਵਰਤੋਂ ਉਹ ਘੱਟ ਹੀ ਕਰਦਾ ਸੀ। ਇਸ ਤਰਾਂ ਉਹ ਦਿਨੋਂ ਦਿਨ ਘਟਦੀ ਗਈ।

ਵਿਗਿਆਨੀਆਂ ਨੇ ਮਨੁੱਖ ਜਾਤੀ ਵਿੱਚ ਸਿਰਫ ਚਾਰ ਨਸਲਾਂ ਨੂੰ ਰੱਖਿਆ ਹੋਇਆ ਹੈ। ਇਹਨਾਂ ਵਿੱਚ ਲੈਮੂਰ, ਬਾਂਦਰ, ਪੂਛਹੀਣ ਬਾਂਦਰ ਤੇ ਮਨੁੱਖ ਸ਼ਾਮਿਲ ਹਨ। ਤਿੰਨ ਕਰੋੜ ਸਾਲ ਪਹਿਲਾਂ ਮਨੁੱਖ ਦੀਆਂ ਟੰਗਾਂ ਤੇ ਜਬਾੜੇ ਨਾਲ ਮਿਲਦੀਆਂ ਜੁਲਦੀਆਂ ਹੱਡੀਆਂ ਵਾਲੇ ਲੰਗੂਰਾਂ ਦੀਆਂ ਕਈ ਨਸਲਾਂ ਧਰਤੀ ਤੇ ਵਿਚਰਨ ਲੱਗ ਪਈਆਂ ਸਨ। ਲੰਗੂਰਾਂ ਤੋਂ ਪੂਛ ਵਾਲੇ ਬਾਂਦਰ ਤੇ ਇਹਨਾਂ ਤੋਂ ਪੂਛਹੀਣ ਬਾਂਦਰ ਦਾ ਵਿਕਾਸ ਹੋ ਗਿਆ ਸੀ। ਮਨੁੱਖ ਤੇ ਬਾਂਦਰ ਵਿੱਚ ਬਹੁਤ ਸਾਰੇ ਅਜਿਹੇ ਗੁਣ ਹਨ ਜਿਹੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਮਨੁੱਖ ਬਾਂਦਰਾਂ ਦੀ ਹੀ ਸੰਤਾਨ ਹੈ। ਦੁੱਖ ਸੁੱਖ ਸਮੇਂ ਚੇਹਰੇ ਦੇ ਹਾਵ ਭਾਵ ਮਨੁੱਖ ਤੇ ਬਾਂਦਰ ਵਿਚ ਸਮਾਨ ਹੀ ਹੁੰਦੇ ਹਨ। ਦੋਹਾਂ ਦੀਆਂ ਲੰਬੀਆਂ ਬਾਹਾਂ, ਲੰਮੀਆਂ ਗਰਦਨਾਂ, ਪੰਜੇ ਦੀਆਂ ਉਂਗਲੀਆਂ, ਹੱਥਾਂ ਦੀਆਂ ਲਕੀਰਾਂ, ਅੱਖਾਂ ਦੇ ਭਰਵੱਟਿਆਂ ਤੇ ਵਾਲ ਮਨੁੱਖ ਤੇ ਬਾਂਦਰ ਵਿੱਚ ਸਮਾਨਤਾ ਦਾ ਹੀ ਪ੍ਰਗਟਾਵਾ ਹਨ। ਆਵਾਜ਼ ਰਾਹੀਂ ਗੱਲਾਂ ਸਮਝਾਉਣੀਆਂ, ਜੋੜਿਆਂ ਵਿਚ ਰਹਿਣਾ, ਮਾਦਾ ਵਿੱਚ ਮਾਹਵਾਰੀ ਆਦਿ ਹੋਰ ਬਹੁਤ ਸਾਰੇ ਅਜਿਹੇ ਗੁਣ ਹਨ ਜਿਹੜੇ ਸਿੱਧ ਕਰਦੇ ਹਨ ਕਿ ਮਨੁੱਖਾਂ ਦਾ ਵਿਕਾਸ ਬਾਂਦਰ ਤੋਂ ਹੀ ਹੋਇਆ ਹੈ। ਅੱਜ ਦੇ ਡਾਕਟਰ ਹਰ ਦਵਾਈ ਨੂੰ ਮਨੁੱਖ ਤੇ ਲਾਗੂ ਕਰਨ ਤੋਂ ਪਹਿਲਾਂ ਬਾਂਦਰ 'ਤੇ ਹੀ ਕਿਉਂ ਵਰਤਦੇ ਹਨ ਇਸਦਾ ਕਾਰਨ ਵੀ ਮਨੁੱਖ ਤੇ ਬਾਂਦਰ ਦੀ ਅੰਦਰੂਨੀ ਸਰੀਰਕ ਬਣਤਰ ਦਾ ਇਕੋ ਜਿਹਾ ਹੋਣਾ ਹੀ ਹੈ। ਚਿੰਪਾਜੀ ਤੇ ਗੁਰੀਲਾ ਬਾਂਦਰ ਦੀਆਂ ਅਜਿਹੀਆਂ ਕਿਸਮਾਂ ਹਨ ਜਿਹੜੀਆਂ ਮਨੁੱਖ ਦੇ ਬਹੁਤ ਹੀ ਨੇੜੇ ਹਨ। ਇਹਨਾਂ ਵਿੱਚ ਦਿਮਾਗੀ ਚੇਤਨਾ ਧਰਤੀ ਤੇ ਉਪਲਬਧ ਜੀਵਾਂ ਵਿੱਚੋਂ ਮਨੁੱਖ ਤੋਂ ਬਗੈਰ ਸਭ ਤੋਂ ਵੱਧ ਹੁੰਦੀ ਹੈ। ਇਸ ਗੱਲ ਨੂੰ ਸਿੱਧ ਕਰਨ ਲਈ ਰੂਸੀ ਵਿਗਿਆਨੀਆਂ ਨੇ ਇਕ ਕਮਰੇ ਦੀ ਛੱਤ ਨਾਲ ਅੰਗੂਰਾਂ ਦਾ ਗੁੱਛਾ ਲਟਕਾ ਦਿੱਤਾ। ਕਮਰੇ ਵਿਚ ਲੱਕੜੀ ਦੇ ਛੋਟੇ ਵੱਡੇ ਟੁਕੜੇ ਰੱਖ ਦਿੱਤੇ ਗਏ। ਇੱਕ ਭੁੱਖੇ ਚਿੰਪਾਜੀ ਨੂੰ ਜਦੋਂ ਇਸ ਕਮਰੇ ਵਿਚ ਕੁਝ ਸਮੇਂ ਲਈ ਛੱਡਿਆ ਗਿਆ ਤਾਂ ਉਸਨੇ ਲੱਕੜੀ ਦੇ ਗੁਟਕਿਆਂ ਨੂੰ ਇਕ ਦੂਜੇ ਉਪਰ ਚਿਣ ਕੇ ਅੰਗੂਰਾਂ ਨੂੰ ਛੱਤ ਤੋਂ ਉਤਾਰ ਲਿਆ। ਇਸ ਤਰਖ਼ਾਂ ਉਹ ਅੰਗੂਰਾਂ ਨੂੰ ਖਾਣ ਵਿਚ ਸਫਲ ਹੋ ਗਿਆ।

**ਬਾਂਦਰ ਤੋਂ ਵੀ ਘਟੀਆ ਮਨੁੱਖੀ ਨਸਲ**

ਅੱਜ ਤੋਂ ਲਗਭਗ ਤਿੰਨ ਸੌ ਸਿਆਸੀ ਸਾਲ ਪਹਿਲਾ 1606 ਈ: ਵਿੱਚ ਯੂਰਪ ਵਾਸੀ ਆਸਟ੍ਰੇਲੀਆ ਪੁੱਜਣ ਵਿੱਚ ਸਫਲ ਹੋ ਗਏ ਸਨ। ਪਰ ਵੱਡੇ ਵੱਡੇ ਮਾਰੂਥਲਾਂ ਦਲਦਲੀ ਇਲਾਕਿਆਂ ਕਾਰਨ ਉਹ ਇਸਦੇ ਬਹੁਤ ਸਾਰੇ ਅੰਦਰੂਨੀ ਇਲਾਕਿਆਂ ਤੱਕ ਪਹੁੰਚ ਨਾ ਸਕੇ। 150 ਸਾਲ ਪਹਿਲਾਂ ਉਹਨਾਂ ਨੇ ਆਸਟ੍ਰੇਲੀਆ ਵਿੱਚ ਇਕ ਤਸਮਾਨੀਆ ਨਾਂ ਦਾ ਇਲਾਕਾ ਲੱਭਿਆ। ਉਹਨਾਂ ਵੇਖਿਆ ਕਿ ਇਸ ਸਥਾਨ ਤੇ ਮਨੁੱਖਾਂ ਦੀ ਇੱਕ ਅਜਿਹੀ ਨਸ਼ਲ ਮੌਜੂਦ ਸੀ ਜਿਹੜੀ ਨੰਗੀ ਰਹਿੰਦੀ ਸੀ ਤੇ ਕਿਸੇ ਕਿਸਮ ਦੇ ਬਰਤਨਾਂ ਨੂੰ ਵਰਤਣਾ ਉਹਨਾਂ ਨੂੰ ਆਉਂਦਾ ਨਹੀਂ ਸੀ। ਇਹ ਨਾ ਤਾਂ ਗਰੁੱਪਾਂ ਵਿੱਚ ਰਹਿੰਦੇ ਸਨ ਤੇ ਨਾ ਹੀ ਕੋਈ ਮਕਾਨ ਜਾਂ ਝੁੱਗੀਆਂ ਆਦੀ ਦੀ ਉਸਾਰੀ ਕਰਦੇ। ਸਿਰਫ ਘੋਗੇ ਆਦੀ ਫੜਦੇ ਤੇ ਖਾ ਜਾਂਦੇ ਸਨ। ਆਪਣੇ ਆਰਾਮ ਕਰਨ ਲਈ ਤੇ ਬੈਠਣ ਲਈ ਇਹ ਕਿਸੇ ਥਾਂ ਦੀ ਚੋਣ ਜ਼ਰੂਰ ਕਰ ਲੈਂਦੇ। ਵਿਗਿਆਨੀਆਂ ਦਾ ਖਿਆਲ ਹੈ ਕੇ 20,000 ਸਾਲ ਪਹਿਲਾ ਇਹਨਾਂ ਦੇ ਵੱਡ-ਵਡੇਰੇ ਨਿਉ ਗੁਨੀਆਂ ਵਿਚੋਂ ਆਸਟਰੇਲੀਆਂ ਆ ਵਸੇ ਸਨ। ਇਸ ਸਮੇਂ ਦੱਖਣੀ ਭਾਰਤ ਵਿਚੋਂ ਕੋਈ ਹੋਰ ਨਸਲ ਇੱਥੇ ਆ ਗਈ। ਇਹਨਾਂ ਦੋਹਾਂ ਨਸਲਾਂ ਵਿਚ ਨਾ ਖਤਮ ਹੋਣ ਵਾਲੀ ਜੰਗ ਸ਼ੁਰੂ ਹੋ ਗਈ। ਇਸ ਤਰਖ਼ਾਂ ਇਹ ਆਸਟਰੇਲੀਆ ਦੇ ਅਸਲੀ ਨਾਗਰਿਕ ਤਸਮਾਨੀਆਂ ਦੇ ਇਲਾਕੇ ਵੱਲ ਖਿਸਕ ਗਏ। ਜਿੱਥੇ ਇਹਨਾਂ ਦੇ ਵਿਕਾਸ ਨੂੰ ਪੁੱਠਾ ਗੇੜਾ ਆਉਣਾ ਸ਼ੁਰੂ ਹੋ ਗਿਆ ਅਤੇ ਇਹ ਦਿਨੋ ਦਿਨ ਗਿਰਾਵਟ ਵੱਲ ਜਾਣਾ ਸ਼ੁਰੂ ਹੋ ਗਏ।

**ਨੀਂਡਰਥਲੀ ਮਨੁੱਖ**

ਮਨੁੱਖੀ ਵਿਕਾਸ ਦੇ ਇਤਿਹਾਸ ਵਿਚ ਮਨੁੱਖ ਦੀ ਇੱਕ ਅਜਿਹੀ ਨਸਲ ਵੀ ਧਰਤੀ ਤੇ ਪੈਦਾ ਹੋਈ ਹੈ ਜਿਸਨੂੰ ਅੱਜ ਨੀਂਡਰਥਲੀ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਦੇ ਅਵਸ਼ੇਸ਼ 1856 ਵਿਚ ਜਰਮਨੀ ਦੇ ਇੱਕ ਇਲਾਕੇ ਨੀਂਡਰਥਲੀ ਵਿਚੋਂ ਮਿਲੇ ਸਨ। ਇਹਨਾਂ ਦੀਆਂ ਗੁਫਾਵਾਂ ਵਿਚੋਂ ਅਜਿਹੇ ਹੋਰ ਬਹੁਤ ਸਾਰੇ ਹੱਡੀਆਂ ਤੇ ਪੱਥਰ ਦੇ ਹਥਿਆਰ ਮਿਲੇ ਹਨ ਜਿਹੜੇ 50,000 ਸਾਲ ਪੁਰਾਣੇ ਹਨ। ਗੁਫਾਵਾਂ ਵਿਚੋਂ ਮਿਲੇ ਸਬੂਤਾਂ ਦੇ ਆਧਾਰ ਤੇ ਇਹ ਗੱਲ ਆਖੀ ਜਾ ਸਕਦੀ ਹੈ ਕਿ ਇਹ ਮਨੁੱਖ ਅੱਗ ਬਾਲਣੀ ਜਾਣਦਾ ਸੀ ਤੇ ਆਪਣੇ ਤਨ ਨੂੰ ਸਰਦੀ ਤੋਂ ਬਚਾਉਣ ਲਈ ਪਸ਼ੂਆਂ ਦੀ ਚਮੜੀ ਪਹਿਨਦਾ ਸੀ। ਸਰੀਰਕ ਬਣਤਰ ਅਨੁਸਾਰ ਇਹ ਅੱਜ ਦੇ ਮਨੁੱਖ ਨਾਲੋਂ ਬਿਲਕੁਲ ਵੱਖਰੇ ਸਨ। ਇਹਨਾਂ ਦਾ ਜਬਾੜਾ ਅੱਗੇ ਨੂੰ ਨਿਕਲਿਆ ਹੋਇਆ ਸੀ। ਇਸਦੇ ਹੱਥਾਂ ਦੇ ਅੰਗੂਠੇ ਉਂਗਲੀਆਂ ਨੂੰ ਛੋਹ ਨਹੀਂ ਸਕਦੇ ਸਨ। ਇਹਨਾਂ ਲਈ ਆਸੇ ਪਾਸੇ ਗਰਦਨ ਮੋੜਨਾ ਅਸੰਭਵ ਸੀ। ਇਹਨਾਂ ਦੇ ਜਬਾੜੇ ਠੋਡੀ ਰਹਿਤ ਸਨ। ਇਹਨਾਂ ਦੇ ਦੰਦਾਂ ਵਿਚੋਂ ਸੂਏ ਦੰਦ ਨਹੀਂ ਸਨ। ਇਹ ਜਾਤੀ ਹਜ਼ਾਰਾਂ ਸਾਲ ਯੂਰਪ ਵਿੱਚ ਵਿਚਰਦੀ ਰਹੀ ਹੈ।

ਛੋਟਾ ਮੋਟਾ ਸ਼ਿਕਾਰ ਮਾਰ ਕੇ, ਪੌਦਿਆਂ ਦੀਆਂ ਜੜਖ਼ਾਂ, ਫਲ ਬੇਰ ਆਦਿ ਖਾ ਕੇ ਇਹ ਆਪਣਾ ਪੇਟ ਭਰਦੇ ਸਨ। ਕਦੇ ਕਦੇ ਇਹ ਪਸ਼ੂਆਂ ਦਾ ਸ਼ਿਕਾਰ ਕਰਨ ਲਈ ਉਹਨਾਂ ਨੂੰ ਘੇਰ ਕੇ ਉੱਚੀਆਂ ਪਹਾੜੀਆਂ ਤੋਂ ਥੱਲੇ ਸੁੱਟ ਲੈਂਦੇ ਜਾਂ ਡੂੰਘੇ ਟੋਇਆਂ ਵਿਚ ਡੇਗ ਲੈਂਦੇ ਸਨ। ਇਹਨਾਂ ਦੇ ਜਬਾੜਿਆਂ ਦੀ ਬਣਤਰ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਨੂੰ ਬੋਲਣ ਦੀ ਵੀ ਜਾਂਚ ਨਹੀਂ ਸੀ। ਅੱਜ ਤੋਂ 30-35 ਹਜ਼ਾਰ ਸਾਲ ਪਹਿਲਾਂ ਮਨੁੱਖਾਂ ਦੀ ਇਕ ਅਜਿਹੀ ਨਸਲ ਜਿਹੜੀ ਇਹਨਾਂ ਨਾਲੋਂ ਦਿਮਾਗੀ ਪੱਖੋਂ ਸਿਆਣੀ ਸੀ ਨੇ ਇਹਨਾਂ ਤੇ ਹਮਲਾ ਕਰ ਦਿੱਤਾ। ਇਸ ਤਰਖ਼ਾਂ ਲੜਾਈ ਵਿਚ ਨੀਂਡਰਥਲੀਆਂ ਦੀ ਨਸਲ ਸਦਾ ਲਈ ਅਲੋਪ ਹੋ ਗਈ। ਹਮਲਾ ਕਰਨ ਵਾਲੀ ਇਸ ਨਸਲ ਦੀਆਂ ਨਾੜਾਂ ਵਿਚ ਸਾਡੇ ਵੱਡ ਵਡੇਰਿਆਂ ਦਾ ਖ਼ੂਨ ਸੀ। ਇਹਨਾਂ ਦੇ ਅੰਗੂਠੇ ਜਬਾੜੇ ਦੰਦ ਸਭ ਕੁਝ ਸਾਡੇ ਨਾਲ ਹੀ ਮਿਲਦੇ ਸਨ। ਪਹਿਲਾਂ ਅਜਿਹਾ ਜੀਵ ਜਿਸਨੂੰ ਮਨੁੱਖ ਕਿਹਾ ਜਾ ਸਕਦਾ ਹੈ ਅੱਜ ਤੋਂ ਚਾਲੀ ਲੱਖ ਵਰੇ ਪਹਿਲਾਂ ਧਰਤੀ ਤੇ ਪੂਛਹੀਣ ਬਾਂਦਰ ਤੋਂ ਵਿਕਾਸ ਕਰਕੇ ਹੋਂਦ ਵਿਚ ਆ ਗਿਆ ਸੀ। ਅੱਜ ਤੋਂ ਚਾਲੀ ਹਜ਼ਾਰ ਸਾਲ ਪਹਿਲਾਂ ਇਹ ਲੋਕ ਘੋਗੇ, ਕੌਡੀਆਂ ਆਦਿ ਵਿਚ ਸੁਰਾਖ ਕਰਕੇ ਇਹਨਾਂ ਦੇ ਹਾਰ ਆਪਣੇ ਗਲਾਂ ਵਿਚ ਪਹਿਨਿਆ ਕਰਦੇ ਸਨ। **(ਚਲਦਾ)**

# ਆਓ ਵਿਸਰ ਰਹੀ ਮਾਂ-ਬੋਲੀ ਪੰਜਾਬੀ ਨੂੰ ਸੰਭਾਲੀਏ



ਸਤਨਾਮ ਸਿੰਘ ਕੈਂਥ (ਲੈਕਚਰਾਰ)
91-99880-47124

ਪੰਜਾਬੀ, ਸਾਡੀ ਮਾਤ ਭਾਸ਼ਾ ਹੈ ਜਿਸ ਦੀ ਗੁੜ੍ਹਤੀ ਸਾਨੂੰ ਮਾਂ ਦੀ ਝੋਲੀ ਵਿੱਚੋਂ ਮਿਲਦੀ ਹੈ।ਇਹ ਕਿਸੇ ਖ਼ਾਸ ਕੌਮ ਦੀ ਨਹੀਂ ਸਗੋਂ ਸਮੁੱਚੇ ਪੰਜਾਬੀਆਂ ਦੀ ਬੋਲੀ ਹੈ। ਪਰੰਤੂ ਅੱਜ ਇਸ ਦੇ ਚਿਹਰੇ ਦੀ ਨੁਹਾਰ ਫਿੱਕੀ ਪੈਂਦੀ ਜਾ ਰਹੀ ਹੈ, ਜਿਸਦੇ ਜ਼ਿੰਮੇਵਾਰ ਅਸੀਂ ਲੋਕ ਖ਼ੁਦ ਹਾਂ ਕਿਉਂਕਿ ਸਾਡੇ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਹੀ ਪੰਜਾਬੀ ਦੀ ਥਾਂ ਅੰਗਰੇਜ਼ੀ ਦੀ ਗੁੜ੍ਹਤੀ ਦਿੱਤੀ ਜਾਣ ਲੱਗ ਪੈਂਦੀ ਹੈ। ਘਰਾਂ ਵਿੱਚ ਬੱਚਿਆਂ ਤੋਂ ਕੁੱਤੇ ਨੂੰ ਡੋਗੀ, ਨੱਕ ਨੂੰ ਨੋਜ਼, ਗੇਂਦ ਨੂੰ ਬਾਲ, ਚਮਚੇ ਨੂੰ ਸਪੂਨ ਆਦਿ ਅਖਵਾਉਣ ਵਿੱਚ ਅਸੀਂ ਖ਼ੁਸ਼ੀ ਮਹਿਸੂਸ ਕਰਦੇ ਹਾਂ। ਸਿਰਫ਼ ਇੰਨਾ ਹੀ ਨਹੀਂ ਆਪਣੇ ਆਪ ਨੂੰ ਮਾਡਰਨ ਕਹਾਉਣ ਵਾਲੇ ਮਾਪਿਆਂ ਨੇ ਰਿਸ਼ਤਿਆਂ ਦੀ ਨੁਹਾਰ ਤੱਕ ਬਦਲ ਕੇ ਰੱਖ ਦਿੱਤੀ ਹੈ। ਪੱਛਮੀ ਸੱਭਿਅਤਾ ਦੀ ਰੀਸ ਨਾਲ ਚਾਚੇ, ਤਾਏ, ਮਾਮੇ, ਮਾਸੜ, ਫੁੱਫੜ ਅਤੇ ਚਾਚੀ, ਤਾਈ, ਮਾਮੀ, ਮਾਸੀ, ਭੂਆ ਆਦਿ ਨਜ਼ਦੀਕੀ ਰਿਸ਼ਤਿਆਂ ਦੀ ਥਾਂ ਅੰਕਲ ਤੇ ਆਂਟੀ ਨੇ ਲੈ ਲਈ ਹੈ ਜੋ ਪਿਆਰ ਤੇ ਨਿੱਘ ਵਿਹੂਣੇ ਹਨ। ਪਿਤਾ ਜੀ, ਭਾਪਾ ਜੀ ਜਾਂ ਦਾਰ ਜੀ ਆਦਿ ਸ਼ਬਦ ਡੈਡ ਜਾਂ ਪਾਪਾ ਵਿੱਚ ਬਦਲ ਗਏ ਹਨ। ਮਾਤਾ ਜੀ, ਬੀਬੀ ਜੀ, ਝਾਈ ਜੀ ਆਦਿ ਸ਼ਬਦ ਮੰਮੀ ਜਾਂ ਮੌਮ ਬਣ ਗਏ ਹਨ। ਇਸ ਤਰ੍ਹਾਂ ਜਦੋਂ ਰਿਸ਼ਤਿਆਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਲਏ ਜਾਣ ਤਾਂ ਇਹ ਮਾਤ ਭਾਸ਼ਾ ਪੰਜਾਬੀ ਨਾਲ ਕੀਤਾ ਜਾ ਰਿਹਾ ਮਾੜਾ ਵਰਤਾਓ ਹੀ ਕਿਹਾ ਜਾ ਸਕਦਾ ਹੈ, ਜਿਸਦੇ ਦਰਦ ਨੂੰ ਪੰਜਾਬੀ ਕਵੀ ਫਿਰੋਜ਼ਦੀਨ ਸ਼ਰਫ਼ ਨੇ ਵੀ ਮਹਿਸੂਸ ਕੀਤਾ ਹੈ:

ਪੁੱਛੀ ਸ਼ਰਫ਼ ਨਾ ਜਿਹਨਾਂ ਨੇ ਬਾਤ ਮੇਰੀ,
ਵੇ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ।

ਜਿਹੜੇ ਲੋਕ ਪੰਜਾਬੀ ਦੇ ਪ੍ਰਚਾਰ ਤੇ ਪਸਾਰ ਲਈ ਹੱਥਾਂ ਵਿੱਚ ਬੈਨਰ ਚੁੱਕੀ ਫਿਰਦੇ ਹਨ, ਉਹਨਾਂ ਵਿੱਚੋਂ ਬਹੁਤਿਆਂ ਦੇ ਬੱਚੇ ਅਜਿਹੀਆਂ ਅਕੈਡਮੀਆਂ ਵਿੱਚ ਪੜ੍ਹਦੇ ਹਨ ਜਿੱਥੇ ਪੰਜਾਬੀ ਬੋਲਣਾ ਵਰਜਿਤ ਹੈ। ਇਹਨਾਂ ਕਾਰਨਾਂ ਕਰਕੇ ਹੀ ਅੱਜ ਸਾਡੀ ਮਾਂ-ਬੋਲੀ ਪੰਜਾਬੀ ਸਾਡੇ ਤੋਂ ਵਿਸਰ ਚੁੱਕੀ ਹੈ, ਜਿਸਨੂੰ ਸੰਭਾਲਣ ਦੀ ਜ਼ਰੂਰਤ ਹੈ।

ਸਾਡਾ ਪੰਜਾਬੀ ਸਮਾਜ ਜਿਉਂ-ਜਿਉਂ ਤਰੱਕੀ ਕਰਦਾ ਜਾ ਰਿਹਾ ਹੈ, ਤਿਉਂ-ਤਿਉਂ ਪੱਛਮੀ ਸੱਭਿਆਚਾਰ ਨੂੰ ਅਪਣਾਉਂਦਾ ਜਾ ਰਿਹਾ ਹੈ।ਅੱਜ ਜੇ ਕਿਸੇ ਘਰ ਵਿੱਚ ਖੁਸ਼ੀ ਦਾ ਮੌਕਾ ਹੋਵੇ ਜਾਂ ਕਿਸੇ ਨੂੰ ਵਧਾਈ ਦੇਣੀ ਹੋਵੇ ਤਾਂ ਉਸ ਨਾਲ ਸਬੰਧਤ ਕਾਰਡ ਛਪਵਾਉਣ ਸਮੇਂ ਵੀ ਪੰਜਾਬੀ ਨਾਲੋਂ ਅੰਗਰੇਜ਼ੀ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ। ਜਦੋਂ ਪੰਜਾਬੀ ਲੋਕ ਪੰਜਾਬੀ ਨੂੰ ਖ਼ੁਦ ਹੀ ਨਿਗੂਣੀ ਭਾਸ਼ਾ ਸਮਝ ਲੈਣ ਤਾਂ ਕਿਸੇ ਹੋਰ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ।

ਪੰਜਾਬੀ ਭਾਸ਼ਾ ਦਾ ਇਹ ਸਫ਼ਰ ਬਹੁਤ ਪੁਰਾਣਾ ਹੈ। ਇਹ ਉਹ ਭਾਸ਼ਾ ਹੈ ਜਿਸਨੂੰ ਗੁਰੂਆਂ ਪੀਰਾਂ ਨੇ ਅਪਣਾਇਆ ਤੇ ਸਾਨੂੰ ਇਸ ਭਾਸ਼ਾ ਵਿੱਚ ਪਵਿੱਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਗਾ ਮਹਾਨ ਗ੍ਰੰਥ ਬਖਸ਼ਿਆ। ਬਾਬਾ ਬੁੱਲ੍ਹੇ ਸ਼ਾਹ, ਵਾਰਸ਼ ਸ਼ਾਹ, ਸ਼ਾਹ ਹੁਸੈਨ, ਕਾਦਰਯਾਰ, ਸ਼ਾਹ ਮੁਹੰਮਦ, ਦਮੋਦਰ ਆਦਿ ਕਵੀਆਂ ਦਾ ਕਾਵਿ ਸੰਸਾਰ ਪੰਜਾਬੀ ਹੀ ਹੈ। ਪ੍ਰੋ: ਪੂਰਨ ਸਿੰਘ ਭਾਵੇਂ ਅੰਗਰੇਜ਼ੀ ਦੇ ਵਿਦਵਾਨ ਸਨ ਪਰ ਉਹਨਾਂ ਨੇ ਪੰਜਾਬੀ ਵਿੱਚ ਖੁੱਲ੍ਹੀ ਕਵਿਤਾ ਰਚ ਕੇ ਇਤਿਹਾਸ ਸਿਰਜਿਆ। ਪੰਜਾਬੀ ਲੋਕਗੀਤ, ਕਿੱਸੇ, ਜੰਗਨਾਮੇ, ਮਾਹੀਏ, ਢੋਲੇ, ਟੱਪੇ, ਸਿੱਠਣੀਆਂ ਆਦਿ ਪੰਜਾਬੀਅਤ ਦਾ ਅਨਮੋਲ ਖਜ਼ਾਨਾ ਹਨ ਪਰ ਇਹ ਖਜ਼ਾਨਾ ਸਾਡੇ ਤੋਂ ਖੁਸਦਾ ਜਾ ਰਿਹਾ ਹੈ ਕਿਉਂਕਿ ਜੇ ਅਸੀਂ ਪੰਜਾਬੀ ਭਾਸ਼ਾ ਨੂੰ ਹੀ ਨਾ ਸਾਂਭ ਸਕੇ ਤਾਂ ਇਹ ਖਜ਼ਾਨਾ ਸਾਂਭਣਾ ਤਾਂ ਉਸ ਸੁਪਨੇ ਵਾਂਗ ਹੋਵੇਗਾ ਜਿਸ ਬਾਰੇ ਸਿਰਫ਼ ਸੋਚਿਆ ਹੀ ਜਾ ਸਕਦਾ ਹੈ। ਪੰਜਾਬੀ ਭਾਸ਼ਾ ਤਾਂ ਉਸ ਮਾਂ ਦੀ ਤਰ੍ਹਾਂ ਹੈ ਜੋ ਆਪਣੇ ਬੱਚੇ ਦੀਆਂ ਭਾਵਨਾਵਾਂ ਨੂੰ ਸਭ ਤੋਂ ਵੱਧ ਸਮਝਦੀ ਹੈ ਤੇ ਉਸ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਦੀ ਹੈ। ਮਾਂ ਦੀ ਤਰ੍ਹਾਂ ਹੀ ਮਾਂ-ਬੋਲੀ ਵੀ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਵਸੀਲਾ ਹੈ।ਪਰ ਜਦੋਂ ਕੋਈ ਬੱਚਾ ਇਸ ਮਾਂ ਦਾ ਸਤਿਕਾਰ ਨਹੀਂ ਕਰਦਾ ਤਾਂ ਉਹ ਇੱਕ ਦਿਨ ਕੱਖਾਂ ਵਾਂਗੂ ਰੁਲ ਜਾਂਦਾ ਹੈ :

ਮਾਂ-ਬੋਲੀ ਜੇ ਭੁੱਲ ਜਾਓਗੇ,
ਕੱਖਾਂ ਵਾਂਗੂ ਰੁਲ ਜਾਓਗੇ

ਕਿਸੇ ਵੀ ਦੁੱਖ ਤਕਲੀਫ ਜਾਂ ਖੁਸ਼ੀ ਸਬੰਧੀ ਹਾਵ ਭਾਵ ਅਸੀਂ ਅਚੇਤਨ ਰੂਪ ਵਿਚ ਹੀ ਆਪਣੀ ਮਾਤ ਭਾਸ਼ਾ ਵਿਚ ਪ੍ਰਗਟਾਉਂਦੇ ਹਾਂ । ਇਹੀ ਕਾਰਨ ਹੈ ਕਿ ਮਾਤ ਭਾਸ਼ਾ ਨੂੰ ਕਿਸੇ ਸਮਾਜ ਵਿਚਲੇ ਸੱਭਿਆਚਾਰ ਰੂਪੀ ਦਰਖਤ ਦੀ ਜੜ੍ਹ ਕਿਹਾ ਜਾਂਦਾ ਹੈ ਅਤੇ ਸੱਭਿਆਚਾਰ ਰੂਪੀ ਰੁੱਖ ਤੋਂ ਜੋ ਫਲ ਅਤੇ ਫੁੱਲ ਪੈਦਾ ਹੁੰਦੇ ਹਨ, ਉਸ ਨੂੰ ਸਾਹਿਤ ਕਿਹਾ ਜਾਂਦਾ ਹੈ । ਸੋ ਮਾਤ ਭਾਸ਼ਾ ਕਿਸੇ ਸੱਭਿਆਚਾਰ ਦੀ ਸ਼ਾਹ ਰਗ ਹੁੰਦੀ ਹੈ, ਜੋ ਕਿਸੇ ਸੱਭਿਆਚਾਰ ਨੂੰ ਜਿਊਂਦਾ ਅਤੇ ਵਿਕਸਤ ਰੱਖਣ ਵਾਸਤੇ ਅਤੀ ਜਰੂਰੀ ਹੁੰਦੀ ਹੈ। ਪੰਜਾਬੀ ਵਿਆਹ ਨੂੰ ਅੰਗਰੇਜੀ ਭਾਸ਼ਾ ਦੇ ਮੈਰਿਜ ਸ਼ਬਦ ਦਾ ਆਮ ਤੌਰ ਤੇ ਸਮਾਨਾਰਥੀ ਮੰਨਿਆਂ ਜਾਂਦਾ ਹੈ, ਜਦ ਕਿ ਹਕੀਕਤ ਵਿਚ ਅਜਿਹਾ ਬਿਲਕੁਲ ਵੀ ਨਹੀਂ ਹੈ ਕਿਉਂਕਿ ਪੰਜਾਬੀ ਵਿਆਹ ਵਿਚ ਜੋ ਰਸਮੋ ਰਿਵਾਜ਼ ਅਤੇ ਉਹਨਾਂ ਦੇ ਮਾਅਨੇ ਸ਼ਾਮਿਲ ਹਨ, ਉਹ ਅੰਗੇਰੇਜ਼ੀ ਸ਼ਬਦ ਮੈਰਿਜ ਵਿਚ ਬਿਲਕੁਲ ਵੀ ਨਹੀਂ ਹਨ। ਇਸੇ ਤਰਾਂ ਅਸਮਾਨੀ ਪੀਂਘ ਦੇ ਪੰਜਾਬੀ ਸੱਭਆਚਾਰ ਵਿਚ ਸੱਤ ਰੰਗ ਮੰਨੇ ਜਾਂਦੇ ਹਨ, ਜਦ ਕਿ ਕਿਸੇ ਹੋਰ ਸੱਭਿਆਚਾਰ ਵਿਚ ਇਹ ਤਿੰਨ, ਚਾਰ ਅਤੇ ਪੰਜ ਵੀ ਮੰਨੇ ਜਾਂਦੇ ਹੋਣਗੇ। ਇਹੀ ਕਾਰਨ ਹੈ ਕਿ ਵਿਦਵਾਨ ਮੰਨਦੇ ਹਨ ਕਿ ਦੁਨੀਆਂ ਦੀ ਕਿਸੇ ਵੀ ਭਾਸ਼ਾ ਦਾ ਹੂ ਬ ਹੂ ਤਰਜ਼ਮਾ ("ਗਚਕ "ਗ਼ਅਤ; ਸੰਭਵ ਹੀ ਨਹੀਂ ਹੈ ਕਿਉਂਕਿ ਤਰਜ਼ਮਾ ਸ਼ਬਦਾਂ ਦੇ ਬਾਹਰੀ ਅਰਥਾਂ ਦਾ ਨਹੀਂ, ਬਲਕਿ ਉਹਨਾਂ ਦੇ ਨਾਲ ਜੁੜੇ ਗੂੜ੍ਹੇ ਸੱਭਿਆਚਾਰਕ ਅਰਥਾਂ ਦਾ ਕਰਨਾ ਹੁੰਦਾ ਹੈ, ਜੋ ਕਿ ਬਹੁਤ ਹੀ ਕਠਿਨ ਅਤੇ ਜ਼ੋਖਿਮ ਭਰਿਆ ਕਾਰਜ਼ ਹੁੰਦਾ ਹੈ। ਭਾਰਤ ਵਿਚ ਮਾਤਭਾਸ਼ਾ ਦਾ ਮਹੱਤਵ ਤਾਮਿਲ ਅਤੇ ਕੇਰਲਾ ਦੇ ਲੋਕ ਜਾਣਦੇ ਹਨ ਜੋ ਆਪਣੀ ਮਾਂ ਬੋਲੀ ਨਾਲ ਅਥਾਹ ਪ੍ਰੇਮ ਕਰਦੇ ਹਨ। ਪਰੰਤੂ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀਆਂ ਨੂੰ ਅਜੇ ਤੱਕ ਆਪਣੀ ਮਾਂ ਬੋਲੀ ਦੇ ਮਹੱਤਵ ਦੀ ਸਮਝ ਨਹੀਂ ਆਈ। ਇਹੀ ਕਾਰਨ ਹੈ ਕਿ ਵਾਰ ਵਾਰ ਹੋਕਾ ਦੇਣਾ ਪੈ ਰਿਹਾ ਹੈ ਕਿ ਮਾਤ ਭਾਸ਼ਾ ਸਿੱਖੋ, ਬੋਲੋ, ਪੜ੍ਹੋ ਅਤੇ ਲਿਖੋ, ਜੋ ਕਿ ਸਾਡੇ ਸਭਨਾਂ ਵਾਸਤੇ ਬਹੁਤ ਹੀ ਸ਼ਰਮ ਅਤੇ ਨਾਮੋਸ਼ੀ ਵਾਲੀ ਗੱਲ ਹੈ। ਅੱਜ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਰੋਜ਼ੇ ਚੱਲ ਰਹੇ ਹਨ। ਚੰਡੀਗੜ੍ਹ ਜੋ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਨੂੰ ਉਜਾੜਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ, ਉਸ ਵਿਚ ਪੰਜਾਬੀ ਭਾਸ਼ਾ ਦਾ ਲਗਭਗ ਭੋਗ ਹੀ ਪੈਣ ਵਾਲਾ ਹੈ ਤੇ ਏਹੀ ਹਾਲ ਪੂਰੇ ਪੰਜਾਬ ਵਿਚ ਚੱਲ ਰਿਹਾ ਹੈ। ਅਸੀਂ ਪੰਜਾਬੀ ਇਹ ਜਾਣਦੇ ਹੋਏ ਵੀ ਕਿ ਮਾਂ ਬੋਲੀ ਤੋਂ ਬਿਨਾਂ ਨਾ ਹੀ ਅਸੀਂ ਆਪਣੇ ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਦੀਆਂ ਸਿਖਿਆਵਾਂ ਆਪ ਸਮਝ ਸਕਦੇ ਹਾਂ ਅਤੇ ਨਾ ਹੀ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਸਮਝਾ ਸਕਦੇ ਹਾਂ।

ਆਪਣੇ ਵਿਰਸੇ ਨੂੰ ਜਿੰਦਾ ਰੱਖਣ ਵਾਸਤੇ ਅਤੇ ਅਗਲੀਆਂ ਪੀੜ੍ਹੀਆਂ ਵਿਚ ਨੈਤਿਕ ਕਦਰਾਂ ਕੀਮਤਾਂ ਬਣਾਈ ਰੱਖਣ ਵਾਸਤੇ ਮਾਂ ਬੋਲੀ ਦੀ ਸਮਝ ਹੋਣਾ ਬਹੁਤ ਜਰੂਰੀ ਹੈ, ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਜੋ ਅਜਕਲ੍ਹ ਪੱਛਮ ਵਿਚ ਹੋ ਰਿਹਾ ਹੈ, ਉਹੀ ਕੁੱਝ ਸਾਡੇ ਸੱਭਿਆਚਾਰ ਵਿਚ ਵੀ ਹੋਣਾ ਸ਼ੁਰੂ ਹੋ ਜਾਵੇਗਾ, ਜਿਸ ਦੇ ਅਸਾਰ ਬਹੁਤ ਹੀ ਸਾਫ ਅਤੇ ਸਪੱਸ਼ਟ ਤੌਰ ਤੇ ਨਜ਼ਰ ਆ ਰਹੇ ਹਨ । ਬੇਸ਼ੱਕ ਅਸੀਂ ਮਾਂ ਬੋਲੀ ਦੀ ਸਾਂਭ ਸੰਭਾਲ ਪੱਖੋਂ ਹੁਣ ਕਾਫੀ ਵੇਲਾ ਵਿਹਾ ਲਿਆ ਹੈ, ਪਰੰਤੂ ਅਜੇ ਵੀ ਸਥਿਤੀ ਅਜਿਹੀ ਨਹੀਂ ਬਣੀ ਕਿ ਕੋਈ ਤੋੜ ਬਾਕੀ ਨਾ ਰਹਿ ਗਿਆ ਹੋਵੇ , ਡੁੱਲ੍ਹੇ ਹੋਏ ਬੇਰ ਇਕੱਠੇ ਕੀਤੇ ਜਾ ਸਕਦੇ ਹਨ, ਹਾਲਾਤਾਂ ਨੂੰ ਮੋੜਾ ਦਿੱਤਾ ਜਾ ਸਕਦਾ ਹੈ, ਬੱਸ ਲੋੜ ਹੈ ਤਾਂ ਸਿਰਫ ਨੇਕ ਨੀਅਤ ਦੀ । ਸੋ ਆਓ, ਉਠੀਏ, ਜਾਗੀਏ ਤੇ ਹੋਰ ਦੇਰੀ ਨਾ ਕਰਦੇ ਹੋਏ, ਮਾਂ ਬੋਲੀ ਦੇ ਸੁਨਿਹਰੇ ਭਵਿੱਖ ਵਾਸਤੇ ਹੰਭਲਾ ਮਾਰੀਏ ਤੇ ਮਾਂ ਬੋਲੀ ਪੰਜਾਬੀ ਨੂੰ ਸੰਭਾਲੀਏ।

## 26 ਜਨਵਰੀ 2017 ਲਈ ਗਣਤੰਤਰ ਦਿਵਸ ਸਬੰਧੀ ਵਿਸ਼ੇਸ਼

# 67 ਸਾਲਾਂ ਦੇ ਲੰਬੇ ਸਫਰ ਬਾਦ ਵੀ ਸੰਵਿਧਾਨ ਪੂਰੀ ਤਰਾਂ ਲਾਗੂ ਨਹੀਂ ਹੋ ਸਕਿਆ



ਕੁਲਦੀਪ ਚੰਦ
91-94175-63054

26 ਜਨਵਰੀ ਦਾ ਸਾਡੇ ਦੇਸ਼ ਵਿੱਚ ਬਹੁਤ ਹੀ ਮਹੱਤਵ ਹੈ ਅਤੇ ਇਹ ਦਿਨ ਰਾਸ਼ਟਰੀ ਤਿਉਹਾਰ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਦਿਨ ਅਜ਼ਾਦ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ। ਹਰ ਸਾਲ 26 ਜਨਵਰੀ ਨੂੰ ਦੇਸ਼ ਨਿਆਂ ਅਤੇ ਸਮਾਨਤਾ ਦੀ ਵਿਚਾਰਧਾਰਾ ਤੇ ਆਧਾਰਿਤ ਆਜ਼ਾਦ ਭਾਰਤ ਗਣਰਾਜ ਦੀ ਸਥਾਪਨਾ ਦੇ ਜਸ਼ਨ ਮਨਾਉਂਦਾ ਹੈ। ਲੰਬੀ ਲੜਾਈ ਅਤੇ ਦੇਸ਼ਭਗਤਾਂ ਦੀਆਂ ਸ਼ਹੀਦੀਆਂ ਤੋਂ ਬਾਦ ਆਖਰ 15 ਅਗਸਤ 1947 ਨੂੰ ਭਾਰਤ ਦੇਸ਼ ਨੂੰ ਅਜ਼ਾਦੀ ਮਿਲੀ। ਆਜ਼ਾਦੀ ਤੋਂ ਬਾਅਦ ਕਈ ਵਾਰ ਸੰਸ਼ੋਧਨ ਕਰਨ ਦੇ ਬਾਅਦ ਭਾਰਤੀ ਸੰਵਿਧਾਨ ਨੂੰ ਅੰਤਿਮ ਰੂਪ ਦਿੱਤਾ ਗਿਆ ਜੋਕਿ ਅਜਾਦੀ ਤੋਂ 3 ਸਾਲ ਬਾਅਦ 26 ਨਵੰਬਰ 1949 ਨੂੰ ਕੰਸਟੀਟਿਊਸ਼ਨਲ ਅਸੈਂਬਲੀ ਵਲੋਂ ਅਧਿਕਾਰਿਕ ਰੂਪ ਨਾਲ ਪਾਸ ਕੀਤਾ ਗਿਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਉਦੋਂ ਤੋਂ ਹੀ ਹਰ ਸਾਲ 26 ਜਨਵਰੀ ਦੇ ਦਿਹਾੜੇ ਨੂੰ ਅਸੀਂ ਗਣਤੰਤਰ ਦਿਵਸ ਵਜੋਂ ਮਨਾਉਂਦੇ ਆ ਰਹੇ ਹਾਂ। ਜੇਕਰ 26 ਜਨਵਰੀ ਦਾ ਇਤਿਹਾਸ ਵੇਖੀਏ ਤਾਂ 26 ਜਨਵਰੀ ਦਾ ਹੀ ਦਿਨ ਸੀ ਜਦੋਂ 1930 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਪੂਰਨ ਸਵੈਰਾਜ ਅਤੇ ਅਜ਼ਾਦੀ ਦੀ ਘੋਸ਼ਣਾ ਕੀਤੀ ਸੀ। ਵਿਦੇਸ਼ੀ ਹਕੂਮਤ ਦੀ ਗੁਲਾਮੀ ਖਤਮ ਮਗਰੋਂ, ਜਦੋਂ ਆਜ਼ਾਦ ਭਾਰਤ ਨੇ 26 ਜਨਵਰੀ ਨੂੰ "ਪ੍ਰਭੂਸੱਤਾ ਸੰਪੰਨ, ਜਮਹੂਹੀ ਗਣਰਾਜ" ਦਾ ਨਾਮ ਗ੍ਰਹਿਣ ਕੀਤਾ ਸੀ। ਇਸ ਸਬੰਧੀ ਵਾਇਸਰਾਏ ਦੇ ਨਾਮ ਤੇ ਬਣੇ ਇੱਕ ਸਟੇਡੀਅਮ ਵਿੱਚ ਜਸ਼ਨ ਹੋਏ ਸਨ ਤੇ ਉਦੋਂ ਦੇਸ਼ ਦਾ ਪਹਿਲਾ ਰਾਸ਼ਟਰਪਤੀ ਬਣਿਆ ਸੀ। ਭਾਰਤ ਦੀ ਆਜ਼ਾਦੀ ਦੀ ਲਹਿਰ ਮਗਰੋਂ ਆਜ਼ਾਦ ਮੁਲਕ ਵਜੋਂ ਸਥਾਪਤ ਹੋਣ ਬਾਰੇ ਘਟਨਾਵਾਂ ਦੀ ਲੜੀ ਵੀ ਕਾਫੀ ਦਿਲਚਸਪ ਹੈ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਵੀਰਵਾਰ 26 ਜਨਵਰੀ 1950 ਨੂੰ ਗਵਰਨਮੈਂਟ ਹਾਊਸ ਦੇ ਰੌਸ਼ਨੀ ਨਾਲ ਚਮਚਮਾਉਂਦੇ ਗੁੰਬਦਾਂ ਵਾਲੇ ਦਰਬਾਰ ਹਾਲ ਵਿੱਚ 10 ਵੱਜ ਕੇ 18 ਮਿੰਟ ਤੇ ਭਾਰਤ ਨੂੰ ਪ੍ਰਭੂਸੱਤਾ ਸੰਪੰਨ ਜਮਹੂਰੀ ਗਣਰਾਜ ਐਲਾਨਿਆ ਗਿਆ। ਲੱਗਭੱਗ ਛੇ ਮਿੰਟ ਮਗਰੋਂ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਮੌਕੇ ਤੇ ਲੱਗਭੱਗ 10.30 ਵਜੇ 31 ਤੋਪਾਂ ਦੀ ਸਲਾਮੀ ਨਾਲ ਗਣਤੰਤਰ ਦਿਵਸ ਦਾ ਐਲਾਨ ਕੀਤਾ ਗਿਆ। ਪ੍ਰਭਾਵਸ਼ਾਲੀ ਸਹੁੰ ਚੁੱਕ ਰਸਮ ਮੌਕੇ ਸੇਵਾਮੁਕਤ ਹੋ ਰਹੇ ਗਵਰਨਰ-ਜਨਰਲ ਸੀ ਰਾਜਾਗੋਪਾਲ ਨੇ ਰਿਪਬਲਿਕ ਆਫ ਇੰਡੀਆ-ਭਾਰਤ ਦਾ ਐਲਾਨਨਾਮਾ ਪੜ੍ਹਿਆ। ਫਿਰ ਰਾਸ਼ਟਰਪਤੀ ਨੇ ਆਪਣਾ ਸੰਖੇਪ ਜਿਹਾ ਭਾਸ਼ਣ ਪਹਿਲਾਂ ਹਿੰਦੀ ਵਿੱਚ ਅਤੇ ਫਿਰ ਅੰਗਰੇਜ਼ੀ ਵਿੱਚ ਦਿੱਤਾ। ਦੇਸ਼ ਦੇ ਉਤਰਾਅ-ਚੜ੍ਹਾਅ ਵਾਲੇ ਇਤਿਹਾਸ ਵਿੱਚ ਇਸ ਮੌਕੇ ਪਹਿਲੀ ਵਾਰ ਦੇਸ਼ ਦੀ ਧਰਤੀ ਉੱਤਰ ਵਿੱਚ ਕਸ਼ਮੀਰ ਤੋਂ ਦੱਖਣ ਵਿੱਚ ਕੇਪ ਕੋਮੋਰਿਨ ਤੱਕ ਪੱਛਮ ਵਿੱਚ ਕਠੀਆਵਾੜ ਕੱਛ ਤੋਂ ਕੋਕੋਨਾਡਾ ਤੇ ਕਾਮਰੂਪ ਤੱਕ ਪੂਰਬ ਵਿੱਚ ਸਮੁੱਚੇ ਵਿੱਚ ਇੱਕ ਨਜ਼ਰ ਆਈ ਹੈ ਅਤੇ ਇਹ ਇੱਕ ਸੰਵਿਧਾਨ ਅਤੇ ਇੱਕ ਯੂਨੀਅਨ ਅਧੀਨ ਹੋ ਗਈ ਹੈ, ਜਿਸ ਨੇ ਉਸ ਵੇਲੇ ਦੇਸ਼ ਦੀ ਸਾਰੀ ਅਬਾਦੀ ਲੱਗਭੱਗ 32 ਕਰੋੜ ਲੋਕਾਂ ਦੀ ਭਲਾਈ ਦੀ ਜ਼ਿੰਮੇਵਾਰੀ ਲਈ। ਇਸਤੋਂ ਬਾਦ ਲੱਗਭੱਗ 2.30 ਵਜੇ ਬਾਅਦ ਦੁਪਹਿਰ ਰਾਸ਼ਟਰਪਤੀ, ਗਵਰਨਮੈਂਟ ਹਾਊਸ (ਹੁਣ ਰਾਸ਼ਟਰਪਤੀ ਭਵਨ) ਵਿੱਚ ਇੱਕ 35 ਸਾਲ ਪੁਰਾਣੀ ਸ਼ਿੰਗਾਰੀ ਹੋਈ ਵਿਸ਼ੇਸ਼ ਬੱਘੀ ਵਿੱਚ ਬਾਹਰ ਆਏ। ਇਸ ਬੱਘੀ ਨੂੰ ਛੇ ਆਸਟ੍ਰੇਲੀਆਈ ਘੋੜੇ ਖਿੱਚ ਰਹੇ ਸਨ ਅਤੇ ਰਾਸ਼ਟਰਪਤੀ ਦੇ ਸੁਰੱਖਿਆ ਗਾਰਡ ਇਸ ਨੂੰ ਐਸਕਾਰਟ ਕਰ ਰਹੇ ਸਨ। ਇਸ ਮੌਕੇ ਇਰਵਿਨ ਸਟੇਡੀਅਮ (ਹੁਣ ਨੈਸ਼ਨਲ ਸਟੇਡੀਅਮ) ਜੈ-ਜੈਕਾਰ ਦੇ ਨਾਅਰਿਆਂ ਨਾਲ ਗੂੰਜ ਉੱਠਿਆ ਅਤੇ ਲੋਕ ਰੁੱਖਾਂ, ਇਮਾਰਤਾਂ ਆਦਿ ਤੇ ਚੜ੍ਹ ਕੇ ਖੁਸ਼ੀ ਵਿੱਚ ਜੈ-ਜੈਕਾਰ ਕਰ ਰਹੇ ਸਨ। ਰਾਸ਼ਟਰਪਤੀ ਡਾਕਟਰ ਰਜਿੰਦਰ ਪ੍ਰਸਾਦ ਹੱਥ ਜੋੜ ਕੇ ਲੋਕਾਂ ਦੇ ਜੈ ਕਾਰਿਆਂ ਦਾ ਹੁੰਗਾਰਾ ਭਰ ਰਹੇ ਸਨ। 3.45 ਵਜੇ ਇਹ ਬੱਘੀ ਇਰਵਿਨ ਸਟੇਡੀਅਮ ਵਿੱਚ ਪੁੱਜੀ ਜਿੱਥੇ 3000 ਅਫਸਰ ਤੇ ਤਿੰਨੇ ਭਾਰਤੀ ਸੈਨਾਵਾਂ ਦੇ ਦੋ ਜ਼ਰਨੈਲ ਤੇ ਪੁਲੀਸ ਰਸਮੀ ਪਰੇਡ ਲਈ ਤਿਆਰ ਸਨ। ਸੱਤ ਮਾਸ ਬੈਂਡ ਵਾਲੇ ਪੁਲੀਸ ਤੇ ਫੌਜ਼ੀ ਬਲਾਂ ਨੇ ਉਸ ਸਮੇਂ ਕਮਾਲ ਦਾ ਦ੍ਰਿਸ਼ ਪੇਸ਼ ਕੀਤਾ ਸੀ। ਅੰਤ 26 ਜਨਵਰੀ ਨੂੰ ਉਹਨਾਂ ਸਾਰੇ ਦੇਸ਼ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ, ਗਣਤੰਤਰ ਦਿਵਸ ਦਾ ਰਾਸ਼ਟਰੀ ਤਿਉਹਾਰ ਭਾਰਤ ਦੇ ਕੋਨੇ-ਕੋਨੇ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਹਰੇਕ ਰਾਜ ਅਤੇ ਵਿਦੇਸ਼ਾਂ ਵਿੱਚ ਭਾਰਤੀ ਰਾਜਦੂਤਾਵਾਸਾਂ ਵਿੱਚ ਵੀ ਇਹ ਤਿਉਹਾਰ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਜਾਂਦਾ ਹੈ। 26 ਜਨਵਰੀ ਦਾ ਮੁੱਖ ਸਮਾਰੋਹ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਮਨਾਇਆ ਜਾਂਦਾ ਹੈ। ਦੇਸ਼ ਦੇ ਵਿਭਿੰਨ ਭਾਗਾਂ ਤੋਂ ਅਨਗਿਣਤ ਵਿਅਕਤੀ ਇਸ ਸਮਾਰੋਹ ਦੀ ਸ਼ੋਭਾ ਦੇਖਣ ਦੇ ਲਈ ਆਉਂਦੇ ਹਨ। ਸਾਡੇ ਸੁਰੱਖਿਆ ਕਰਮੀ ਪਰੇਡ ਕੱਢ ਕੇ, ਆਪਣੇ ਆਧੁਨਿਕ ਸੈਨਿਕ ਬਲ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਸੁਰੱਖਿਆ ਕਰਨ ਵਿੱਚ ਨਿਪੁੰਨ ਹਨ, ਇਸ ਗੱਲ ਦਾ ਸਾਨੂੰ ਵਿਸ਼ਵਾਸ਼ ਦਿਲਵਾਂਦੇ ਹਨ। ਪਰੇਡ ਵਿਜੇ ਚੌਂਕ ਤੋਂ ਸ਼ੁਰੂ ਹੋ ਕੇ ਰਾਜਪੱਥ ਅਤੇ ਦਿੱਲੀ ਦੇ ਅਨੇਕ ਖੇਤਰਾਂ ਤੋਂ ਗੁਜ਼ਰਦੀ ਹੋਈ ਲਾਲ ਕਿਲੇ ਤੇ ਜਾ ਕੇ ਸਮਾਪਤ ਹੋ ਜਾਂਦੀ ਹੈ। ਪਰੇਡ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨਮੰਤਰੀ 'ਅਮਰ ਜਵਾਨ ਜੋਤੀ' ਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹਨ।




ਰਾਸ਼ਟਰਪਤੀ ਆਪਣੇ ਅੰਗਰੱਖਿਅਕਾਂ ਦੇ ਨਾਲ 14 ਘੋੜਿਆਂ ਦੀ ਬੱਗੀ ਵਿੱਚ ਬੈਠ ਕੇ ਇੰਡੀਆ ਗੇਟ ਤੇ ਆਉਂਦੇ ਹਨ, ਜਿੱਥੇ ਪ੍ਰਧਾਨਮੰਤਰੀ ਉਹਨਾਂ ਦਾ ਸਵਾਗਤ ਕਰਦੇ ਹਨ। ਰਾਸ਼ਟਰੀ ਧੁੰਨ ਦੇ ਨਾਲ ਝੰਡਾ ਲਹਿਰਾਂਦੇ ਹਨ, ਉਹਨਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ, ਹਵਾਈ ਜਹਾਜ਼ਾਂ ਦੁਆਰਾ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਆਕਾਸ਼ ਵਿੱਚ ਤਿਰੰਗੇ ਗੁਬਾਰੇ ਅਤੇ ਚਿੱਟੇ ਕਬੂਤਰ ਛੱਡੇ ਜਾਂਦੇ ਹਨ। ਜਲ, ਥਲ ਅਤੇ ਹਵਾਈ ਤਿੰਨਾਂ ਸੈਨਾਵਾਂ ਦੀਆਂ ਟੁਕੜੀਆਂ, ਬੈਂਡਾਂ ਦੀ ਧੁੰਨਾਂ ਤੇ ਮਾਰਚ ਕਰਦੀਆਂ ਹਨ। ਪੁਲਿਸ ਦੇ ਜਵਾਨ, ਵਿਭਿੰਨ ਪ੍ਰਕਾਰ ਦੇ ਆਸ਼ਤਰਾਂ-ਸ਼ਾਸ਼ਤਰਾਂ, ਮਿਸਾਈਲਾਂ, ਟੈਂਕਾਂ, ਹਵਾਈ ਜਹਾਜ਼ਾਂ ਆਦਿ ਦਾ ਪ੍ਰਦਰਸ਼ਨ ਕਰਦੇ ਹੋਏ ਦੇਸ਼ ਦੇ ਰਾਸ਼ਟਰਪਤੀ ਨੂੰ ਸਲਾਮੀ ਦਿੰਦੇ ਹਨ। ਸੈਨਿਕਾਂ ਦਾ ਸੀਨਾ ਤਾਨ ਕੇ ਆਪਣੀ ਸਾਫ-ਸੁਥਰੀ ਵਰਦੀ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲਣ ਦਾ ਦ੍ਰਿਸ਼ ਬੜਾ ਮਨੋਹਾਰੀ ਹੁੰਦਾ ਹੈ। ਇਸ ਆਲੀਸ਼ਾਨ ਦ੍ਰਿਸ਼ ਨੂੰ ਦੇਖ ਕੇ ਮਨ ਵਿੱਚ ਰਾਸ਼ਟਰ ਦੇ ਪ੍ਰਤੀ ਭਗਤੀ ਅਤੇ ਦਿਲ ਵਿੱਚ ਉਤਸਾਹ ਦਾ ਸੰਚਾਰ ਹੁੰਦਾ ਹੈ। ਸਕੂਲਾਂ, ਕਾਲਜ਼ਾਂ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ, ਐਨ.ਸੀ.ਸੀ. ਦੀ ਵਰਦੀ ਵਿੱਚ ਸੁਸੱਜਿਤ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਹੋਏ ਇਹ ਵਿਸ਼ਵਾਸ਼ ਉਤਪੰਨ ਕਰਦੇ ਹਨ ਕਿ ਸਾਡੀ ਦੂਸਰੀ ਸੁਰੱਖਿਆ ਪੰਕਤੀ ਆਪਣੇ ਕਰਤੱਵ ਤੋਂ ਭਲੀਭਾਂਤ ਜਾਣੂ ਹੈ। ਮਿਲਟਰੀ ਅਤੇ ਸਕੂਲਾਂ ਦੇ ਅਨੇਕ ਬੈਂਡ ਸਾਰੇ ਵਾਤਾਵਰਣ ਨੂੰ ਦੇਸ਼ਭਗਤੀ ਅਤੇ ਰਾਸ਼ਟਰਪ੍ਰੇਮ ਦੀ ਭਾਵਨਾ ਨਾਲ ਗੂੰਜਦੇ ਹਨ। ਵਿਭਿੰਨ ਰਾਜਾਂ ਦੀਆਂ ਝਾਂਕੀਆ ਉਥੋਂ ਦੇ ਸੰ-ਸਕ੍ਰਿਤਕ ਜੀਵਨ, ਖਾਣ-ਪਾਣ, ਰੀਤੀ ਰਿਵਾਜਾਂ, ਉਦਯੋਗਿਕ ਅਤੇ ਸਮਾਜਿਕ ਖੇਤਰਾਂ ਵਿੱਚ ਆਏ ਪਰਿਵਰਤਨਾਂ ਦਾ ਚਿੱਤਰ ਪੇਸ਼ ਕਰਦੀਆਂ ਹਨ। ਅਨੇਕਤਾਂ ਵਿੱਚ ਏਕਤਾ ਦਾ ਇਹ ਦ੍ਰਿਸ਼ ਅਤੀ ਪ੍ਰੇਰਣਾਦਾਈਕ ਹੁੰਦਾ ਹੈ। ਗਣਤੰਤਰ ਦਿਵਸ ਦੀ ਸ਼ਾਮ ਤੇ ਰਾਸ਼ਟਰਪਤੀ ਭਵਨ, ਸੰਸਦ ਭਵਨ ਅਤੇ ਹੋਰ ਸਰਕਾਰੀ ਦਫਤਰਾਂ ਤੇ ਰੌਸ਼ਨੀ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾਂ ਗਣਤੰਤਰ ਦਿਵਸ 1950 ਵਿੱਚ ਮਨਾਇਆ ਗਿਆ ਸੀ ਉਸ ਸਮੇਂ ਗਣ-ਤੰਤਰ ਦਿਵਸ ਦੇ ਮੌਕੇ ਤੇ ਮੁੱਖ ਮਹਿਮਾਨ ਇੰਡੋਨੇਸ਼ੀਆਂ ਦੇ ਰਾਸ਼ਟਰਪਤੀ ਸੁਕਾਰਨੋ ਸਨ। ਸਾਲ 1955 ਵਿੱਚ ਮੁੱਖ ਮਹਿਮਾਨ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ ਸਨ। ਸਾਲ 1962 ਵਿੱਚ ਇੰਗਲੈਂਡ ਦੀ ਮਹਾਰਾਣੀ ਏਲੀਜ਼ਾਬੇਥ ਦੂਜੀ ਮੁੱਖ ਮਹਿਮਾਨ ਵਜੋਂ ਆਈ ਸੀ। ਸਾਲ 1965 ਵਿੱਚ ਪਾਕਿਸਤਾਨ ਦੇ ਫੂਡ ਐਂਡ ਐਗਰੀਕਲਚਰ ਮਨਿਸਟਰ ਰਾਣਾ ਅਬਦੁਲ ਹਮੀਦ, ਸਾਲ 1995 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ ਮੁੱਖ ਮਹਿਮਾਨ ਵਜੋਂ ਆਏ ਸੀ। ਇਸ ਵਾਰ ਆਬੂਧਾਬੀ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਿਆਦ ਅਲ ਨਿਹਾਨ ਗਣਤੰਤਰ ਦਿਵਸ ਦੇ ਮੁੱਖ ਮਹਿਮਾਨ ਹਨ। ਸਾਨੂੰ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਹੋਣ ਦਾ ਮਾਣ ਹੈ। ਸਿਰਫ ਲੋਕਤੰਤਰ ਵਿਵਸਥਾ ਵਿੱਚ ਹੀ ਵਿਅਕਤੀ ਖੁੱਲ ਕੇ ਜੀਅ ਸਕਦਾ ਹੈ। ਸਾਡਾ ਸਮਾਜ ਬਦਲ ਰਿਹਾ ਹੈ। ਮੀਡੀਆ ਜਾਗਰਿਤ ਹੋ ਰਿਹਾ ਹੈ। ਜਨਤਾ ਵੀ ਜਾਗ ਰਹੀ ਹੈ। ਯੁਵਾ ਸੋਚ ਦਾ ਵਿਕਾਸ ਹੋ ਰਿਹਾ ਹੈ। ਸਿੱਖਿਆ ਦਾ ਪੱਧਰ ਵੱਧ ਰਿਹਾ ਹੈ। ਇਸ ਸਭ ਦੇ ਚੱਲਦੇ ਹੁਣ ਦੇਸ਼ ਦਾ ਰਾਜਨੀਤਿਕ ਵਿਕਾਸ ਵੀ ਹੋ ਰਿਹਾ ਹੈ ਅਤੇ ਰਾਜਨੀਤੀਵਾਨ ਚੌਕਸ ਹੋ ਗਿਆ ਹੈ। ਜ਼ਿਆਦਾ ਸਮੇਂ ਤੱਕ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਭ੍ਰਿਸ਼ਟਾਚਾਰ, ਅਪਰਾਧ ਅਤੇ ਅਯੋਗਤਾ ਨਹੀਂ ਚੱਲ ਸਕੇਗੀ। ਅੱਜ ਭਾਵੇਂ ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਪਰ ਸਾਡੇ ਦੇਸ਼ ਦੇ ਭ੍ਰਿਸ਼ਟ ਰਾਜਨੀਤਿਕਾਂ ਅਤੇ ਨੌਕਰਸ਼ਾਹਾਂ ਨੇ ਦੇਸ਼ ਨੂੰ ਭ੍ਰਿਸ਼ਟਾਚਾਰ ਅਤੇ ਘੋਟਾਲਿਆਂ ਦੇ ਅਜਿਹੇ ਦਾਗ ਲਗਾ ਦਿੱਤੇ ਹਨ ਜਿਹਨਾਂ ਕਰਕੇ ਸਾਡਾ ਦੇਸ਼ ਬਦਨਾਮ ਹੋ ਚੁੱਕਿਆ ਹੈ।

ਲੋਕਤੰਤਰ, ਇਮਾਨਦਾਰੀ ਦਾ ਪਾਠ ਸਿਰਫ ਆਮ ਜਨਤਾ ਨੂੰ ਹੀ ਪੜ੍ਹਾਇਆ ਜਾਂਦਾ ਹੈ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਦੇਸ਼ ਵਿੱਚੋਂ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਜਾਤ-ਪਾਤ, ਮਹਿੰਗਾਈ ਵਰਗੀਆਂ ਸਮੱਸਿਆਵਾਂ ਖਤਮ ਹੋ ਜਾਣੀਆਂ ਚਾਹੀਦੀਆਂ ਸੀ ਪਰ ਇਹ ਸਮੱਸਿਆਵਾਂ ਕਈ ਗੁਣਾਂ ਵੱਧ ਕੇ ਦੇਸ਼ ਸਾਹਮਣੇ ਚੁਣੌਤੀ ਬਣ ਕੇ ਖੜੀਆਂ ਹਨ। ਦੇਸ਼ ਦੇ ਨੇਤਾਵਾਂ ਨੇ ਘੋਟਾਲੇ ਕਰਕੇ ਵਿਦੇਸ਼ੀ ਬੈਂਕਾਂ ਵਿੱਚ ਅਰਬਾਂ ਰੁਪਏ ਜਮਾਂ ਕਰਵਾ ਕੇ ਰੱਖੇ ਹਨ ਜਿਸ ਕਰਕੇ ਦੇਸ਼ ਦੀ ਅਰਥ ਵਿਵਸਥਾ ਡਾਵਾਂਡੋਲ ਹੁੰਦੀ ਰਹਿੰਦੀ ਹੈ।

ਅੱਜ ਵੀ ਦੇਸ਼ ਦੇ ਕਰੋੜਾਂ ਗਰੀਬ ਲੋਕਾਂ ਕੋਲ ਪੱਕੇ ਮਕਾਨ ਨਹੀਂ ਹਨ ਅਤੇ ਰੋਜ਼ ਖਾਲੀ ਢਿੱਡ ਖੜਕਾਂਦੇ ਫਿਰਦੇ ਹਨ। ਜਿੱਥੇ ਕਰੋੜਾਂ ਬੱਚੇ ਭੁੱਖਮਰੀ ਕਾਰਨ ਕਈ ਰੋਗਾਂ ਦੇ ਸ਼ਿਕਾਰ ਹੋਣ ਅਤੇ ਖਾਣ ਲਈ ਰੋਟੀ ਨਾ ਹੋਵੇ ਤਾਂ ਉਹਨਾਂ ਲਈ ਲੋਕਤੰਤਰ ਦਾ ਕੀ ਮਹੱਤਵ ਹੈ। 26 ਜਨਵਰੀ ਨੂੰ ਸਿਰਫ ਬੈਂਡ ਵਾਜੇ ਵਜਾਉਣ ਨਾਲ ਅਤੇ ਪਰੇਡ ਕਰਨ ਨਾਲ ਦੇਸ਼ ਦੇ ਲੋਕ ਸੁਖੀ ਨਹੀਂ ਹੋ ਸਕਦੇ ਹਨ।

ਦੇਸ਼ ਇੱਕ ਚੰਗਾ ਲੋਕਤੰਤਰ ਤਾਂ ਹੀ ਬਣ ਸਕੇਗਾ ਜੇਕਰ ਦੇਸ਼ ਵਿੱਚੋਂ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਜਾਤ-ਪਾਤ ਅਤੇ ਹੋਰ ਕਈ ਸਮਾਜਿਕ ਬੁਰਾਈਆਂ ਦਾ ਖਾਤਮਾ ਕੀਤਾ ਜਾਵੇ। ਲੋਕਤੰਤਰ ਨੂੰ ਤਰੱਕੀ ਦੇ ਰਸਤੇ ਤੇ ਲਿਜਾਣ ਲਈ ਵਿਦੇਸ਼ਾਂ ਵਿੱਚ ਜਮਾਂ ਕਾਲੇ ਧੰਨ ਨੂੰ ਵਾਪਸ ਲਿਆਉਣਾ ਚਾਹੀਦਾ ਹੈ ਅਤੇ ਨਾਲ ਹੀ ਦੇਸ਼ ਦੇ ਘੋਟਾਲੇਬਾਜ਼ ਨੇਤਾਵਾਂ ਕੋਲੋ ਵੀ ਦੇਸ਼ ਦਾ ਧੰਨ ਵਸੂਲ ਕਰਕੇ ਦੋਸ਼ੀ ਨੇਤਾਵਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਲੋਕਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ਼ ਬਹਾਲ ਹੋ ਸਕੇ ਅਤੇ ਸਾਡਾ ਗਣਤੰਤਰ ਦਿਵਸ ਗੁਣਤੰਤਰ ਵਾਲਾ ਬਣ ਸਕੇ।

## ਚੌਣਾਂ ਦਾ ਮੌਸਮ ਆਇਆ

# ਸੱਤਾ ਦਾ ਸੁਪਨਾ ਪੂਰਾ ਕਰਨ ਲਈ ਰਾਜਨੀਤੀਵਾਨ ਪਹੁੰਚਣਗੇ ਲੋਕਾਂ ਦੀ ਕਚਿਹਰੀ

**ਕੁਲਦੀਪ ਚੰਦ**

ਸਾਡੇ ਦੇਸ਼ ਵਿੱਚ ਵੈਸੇ ਤਾਂ ਚਾਰ ਮੌਸਮ ਹਨ ਪਰ ਪੰਜਵਾਂ ਮੌਸਮ ਚੋਣਾਂ ਦਾ ਵੀ ਆ ਜਾਂਦਾ ਹੈ ਭਾਵੇਂ ਉਹ ਲੋਕ ਸਭਾ ਚੋਣਾਂ ਹੋਣ, ਭਾਵੇਂ ਵਿਧਾਨ ਸਭਾ ਚੋਣਾਂ ਹੋਣ, ਭਾਵੇਂ ਮਿਉਂਸੀਪਲ ਕੌਂਸਲ ਦੀਆਂ ਜਾਂ ਪੰਚਾਇਤ ਦੀਆਂ ਚੋਣਾਂ ਹੋਣ। ਜਦੋਂ ਚੋਣਾਂ ਦਾ ਮੌਸਮ ਆਉਂਦਾ ਹੈ ਤਾਂ ਸੁਸਰੀ ਵਾਂਗ ਸੁੱਤੇ ਨੇਤਾ ਇੱਕ ਦਮ ਚੁਸਤ-ਦਰੁਸਤ ਹੋ ਜਾਂਦੇ ਹਨ ਅਤੇ ਵੋਟਾਂ ਮੰਗਣ ਲਈ ਤੁਫਾਨੀ ਦੌਰੇ ਸ਼ੁਰੂ ਕਰ ਦਿੰਦੇ ਹਨ। ਜਿਹੜੇ ਨੇਤਾ ਪਹਿਲਾਂ ਗਰਦਨ ਉੱਚੀ ਕਰਕੇ ਚੱਲਦੇ ਹਨ ਉਹੀ ਨੇਤਾ ਚੋਣਾਂ ਦੇ ਮੌਸਮ ਵਿੱਚ ਹਰ ਆਮ ਵਿਅਕਤੀ ਅੱਗੇ ਗਰਦਨ ਨੀਵੀਂ ਕਰਕੇ ਹੱਥ ਜੋੜਦੇ ਨਜ਼ਰ ਆਉਂਦੇ ਹਨ। ਚੋਣਾਂ ਤੋਂ ਪਹਿਲਾਂ ਨੇਤਾ ਆਮ ਜਨਤਾ ਅੱਗੇ ਹੱਥ ਜੋੜਦੇ ਹਨ ਅਤੇ ਚੋਣਾਂ ਤੋਂ ਬਾਅਦ ਪੂਰੇ 5 ਸਾਲ ਜਨਤਾ ਇਨ੍ਹਾਂ ਸਾਹਮਣੇ ਹੱਥ ਜੋੜ ਕੇ ਮਿੰਨਤਾਂ ਕਰਦੀ ਹੈ ਪਰ ਇਹਨਾਂ ਨੂੰ ਤਰਸ ਨਹੀਂ ਆਉਂਦਾ। ਸਾਡੇ ਦੇਸ਼ ਵਿੱਚ ਸਰਕਾਰ ਭਾਵੇਂ ਕੇਂਦਰ ਦੀ ਹੋਵੇ ਜਾਂ ਸੂਬੇ ਦੀ ਪਹਿਲਾਂ ਤਾਂ ਰੱਜ ਕੇ 4 ਸਾਲਾਂ ਤੱਕ ਸੱਤਾਧਾਰੀ ਨੇਤਾ ਸੱਤਾ ਦਾ ਸੁੱਖ ਮਾਣਦੇ ਹਨ ਉਸ ਵੇਲੇ ਇਹਨਾਂ ਨੂੰ ਜਨਤਾ ਦੀਆਂ ਸਮੱਸਿਆਵਾਂ ਦੀ ਯਾਦ ਨਹੀਂ ਆਉਂਦੀ ਪਰ ਜਿਵੇਂ ਹੀ ਚੋਣਾਂ ਦਾ ਸਾਲ ਸ਼ੁਰੂ ਹੁੰਦਾ ਹੈ ਇਹ ਝੂਠੇ ਵਾਅਦਿਆਂ ਦੇ ਟੋਕਰੇ ਭਰ-ਭਰ ਕੇ ਵੰਡਣੇ ਸ਼ੁਰੂ ਕਰ ਦਿੰਦੇ ਹਨ। ਚੋਣਾਂ ਦੇ ਮੌਸਮ ਵਿੱਚ ਸ਼ਰਾਬ ਦੀਆਂ ਭੱਠੀਆਂ ਦਿਨ-ਰਾਤ ਚੱਲਣ ਲੱਗਦੀਆਂ ਹਨ ਕਿਉਂਕਿ ਇਸ ਨਾਲ ਹੀ ਤਾਂ ਨੇਤਾਵਾਂ ਨੇ ਚੋਣਾਂ ਜਿੱਤਣੀਆਂ ਹੁੰਦੀਆਂ ਹਨ। ਨਕਲੀ ਅਤੇ ਜ਼ਹਿਰੀਲੀ ਸ਼ਰਾਬ ਵੀ ਬਣਨ ਲੱਗਦੀ ਹੈ। ਜਨਤਾ ਇਹ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਪੀਕੇ ਆਪਣੀਆਂ ਜਾਨਾਂ ਗਵਾਂਉਂਦੀ ਹੈ ਪਰ ਨੇਤਾਵਾਂ ਨੂੰ ਸਿਰਫ ਚੋਣਾਂ ਜਿੱਤਣ ਨਾਲ ਮਤਲਬ ਹੁੰਦਾ ਹੈ। ਚੋਣਾਂ ਵਿੱਚ ਸਮੈਕ ਪੀਣ ਵਾਲੇ ਨੂੰ ਸਮੈਕ, ਅਫੀਮ ਖਾਣ ਵਾਲੇ ਨੂੰ ਅਫੀਮ, ਸ਼ਰਾਬ ਪੀਣ ਵਾਲੇ ਨੂੰ ਸ਼ਰਾਬ ਅਤੇ ਨਸ਼ੀਲੇ ਗੋਲੀਆਂ ਕੈਪਸੂਲ ਖਾਣ ਵਾਲਿਆਂ ਨੂੰ ਇਹਨਾਂ ਚੀਜ਼ਾਂ ਦੀ ਕੋਈ ਥੁੜ ਨਹੀਂ ਰਹਿੰਦੀ ਹੈ। ਜਿਹੜੇ ਨੇਤਾ ਨਸ਼ਿਆਂ ਵਿਰੁੱਧ ਭਾਸ਼ਣ ਦਿੰਦੇ ਨਹੀਂ ਥੱਕਦੇ ਚੋਣਾਂ ਵਿੱਚ ਉਹੀ ਨੇਤਾ ਨਸ਼ਿਆਂ ਦਾ ਹੜ੍ਹ ਲਿਆ ਦਿੰਦੇ ਹਨ। ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਨੇਤਾਵਾਂ ਦੀ ਸ਼ਹਿ ਤੇ ਹੀ ਚੱਲਦਾ ਹੈ ਇਹ ਗੱਲ ਹੁਣ ਕਿਸੇ ਤੋਂ ਵੀ ਲੁਕੀ ਹੋਈ ਨਹੀਂ ਹੈ। ਪੰਜਾਬ ਵਿੱਚ ਵਿੱਚ ਲਗਾਤਾਰ 10 ਸਾਲਾਂ ਤੋਂ ਅਕਾਲੀ ਭਾਜਪਾ ਦਾ ਰਾਜ ਚੱਲ ਰਿਹਾ ਹੈ। ਇਸ ਦੌਰਾਨ ਮੁੱਖ ਵਿਰੋਧੀ ਪਾਰਟੀ ਕਾਂਗਰਸ ਦੇ ਨੇਤਾ ਸੱਤਾਧਾਰੀ ਅਕਾਲੀ ਦੱਲ-ਭਾਰਤੀ ਜਨਤਾ ਪਾਰਟੀ ਦਾ ਵਿਰੋਧ ਕਰਨ ਦੀ ਥਾਂ ਅਪਣੇ ਆਗੂਆਂ ਦਾ ਹੀ ਵਿਰੋਧ ਕਰਨ ਵਿੱਚ ਹੀ ਰੁੱਝੇ ਰਹੇ। 2014 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਨਵੀਂ ਬਣੀ ਆਮ ਆਦਮੀ ਪਾਰਟੀ ਨੂੰ ਮਿਲੀ ਵੱਡੀ ਸਫਲਤਾ ਤੋਂ ਬਾਦ ਪੰਜਾਬ ਵਿੱਚ ਰਾਜਨੀਤਿਕ ਬਦਲਾਓ ਦੀ ਸੰਭਾਵਨਾ ਨਜ਼ਰ ਆ ਰਹੀ ਸੀ ਪ੍ਰੰਤੂ ਉਸਤੋਂ ਬਾਦ ਆਮ ਆਦਮੀ ਪਾਰਟੀ ਵਿੱਚ ਹੋਈ ਬਗਾਵਤ ਤੋਂ ਬਾਦ ਇਸ ਪਾਰਟੀ ਦੇ ਅਸਾਰ ਵੀ ਘਟ ਗਏ। 04 ਫਰਵਰੀ ਨੂੰ ਪੰਜਾਬ ਵਿੱਚ ਹੋ ਰਹੀਆਂ ਚੋਣਾਂ ਲਈ ਹੁਣ ਲੱਗਭੱਗ 1243 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦੱਲ, ਭਾਰਤੀ ਜਨਤਾ ਪਾਰਟੀ, ਕਾਂਗਰਸ ਪਾਰਟੀ, ਆਮ ਆਦਮੀ ਪਾਰਟੀ, ਅਪਣਾ ਪੰਜਾਬ ਪਾਰਟੀ, ਅਕਾਲੀ ਦੱਲ ਅਮ੍ਰਿਤਸਰ, ਬਹੁਜਨ ਸਮਾਜ ਪਾਰਟੀ, ਸੀ ਪੀ ਆਈ, ਸੀ ਪੀ ਆਈ ਐਮ, ਟੀ ਐਮ ਸੀ, ਡੈਮੋਕਰੇਟਿਕ ਸਵਰਾਜ ਪਾਰਟੀ, ਪੰਜਾਬ ਡੈਮੋਕਰੇਟਿਕ ਪਾਰਟੀ ਆਦਿ ਚੋਣ ਮੈਦਾਨ ਵਿੱਚ ਹਨ ਅਤੇ ਮੁੱਖ ਮੁਕਾਬਲਾ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦਾ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਵਿੱਚਕਾਰ ਹੋਣ ਕਾਰਨ ਤਿਕੋਣਾ ਬਣਿਆ ਹੋਇਆ ਹੈ। ਕਈ ਇਲਾਕਿਆਂ ਵਿੱਚ ਬਾਗੀ ਉਮੀਦਵਾਰਾਂ ਅਤੇ ਹੋਰ ਰਾਜਨੀ-ਤਿਕ ਪਾਰਟੀਆਂ ਦੇ ਉਮੀਦਵਾਰਾਂ ਦਾ ਠੋਸ ਅਧਾਰ ਹੋਣ ਕਾਰਨ ਕਈ ਥਾਵਾਂ ਤੇ ਮੁਕਾਬਲਾ ਚਾਰ ਕੋਣਾਂ ਬਣ ਗਿਆ ਹੈ। ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੱਗਭੱਗ 9749964 ਵੋਟਰ ਵੱਖ ਵੱਖ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕ ਕਿਸ ਪਾਰਟੀ ਨੂੰ ਸਮੱਰਥਨ ਦਿੰਦੇ ਹਨ ਇਹ ਤਾਂ 11 ਮਾਰਚ ਨੂੰ ਚੋਣ ਨਤੀਜਿਆਂ ਤੋਂ ਹੀ ਪਤਾ ਚੱਲੇਗਾ ਪ੍ਰੰਤੂ ਵੱਖ ਵੱਖ ਪਾਰਟੀਆਂ ਵਿੱਚ ਉਠਦੇ ਬਗਾਬਤੀ ਸੁਰ ਇਨ੍ਹਾਂ ਪਾਰਟੀਆਂ ਦੇ ਪਮੁੱਖ ਆਗੂਆਂ ਦੀ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ ਅਤੇ ਵੱਡੀਆਂ ਮੁਸ਼ਕਿਲਾਂ ਖੜੀਆਂ ਕਰ ਸਕਦੇ ਹਨ। ਚੋਣਾਂ ਦੇ ਮੌਸਮ ਵਿੱਚ ਹੁਣ ਸਰਕਾਰ ਆਪਣੀਆਂ ਉਪਲਬੱਧੀਆਂ ਗਿਣਾਂ ਰਹੀ ਹੈ ਅਤੇ ਵਿਰੋਧੀ ਨੇਤਾ ਸਰਕਾਰ ਦੀਆਂ ਕਮੀਆਂ ਦੱਸ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਕਈ ਰਾਜਨੇਤਾ ਜੋ ਕੁੱਝ ਦਿਨ ਪਹਿਲਾਂ ਸੱਤਾ ਵਿੱਚ ਸਨ ਹੁਣ ਉਹ ਵਿਰੋਧੀ ਪਾਰਟੀਆਂ ਵਿੱਚ ਜਾਕੇ ਅਕਾਲੀ ਦੱਲ ਭਾਰਤੀ ਜਨਤਾ ਪਾਰਟੀ ਨੂੰ ਕੋਸ ਰਹੇ ਹਨ ਅਤੇ ਕਈ ਆਗੂ ਜੋ ਪਹਿਲਾਂ ਵਿਰੋਧੀ ਪਾਰਟੀਆਂ ਵਿੱਚ ਸਨ ਹੁਣ ਸੱਤਾ ਵਿੱਚ ਰਹਿ ਚੁੱਕੀ ਅਕਾਲੀ ਭਾਰਤੀ ਜਨਤਾ ਪਾਰਟੀ ਵਿੱਚ ਜਾਕੇ ਸਰਕਾਰ ਦਾ ਪੱਖ ਪੂਰ ਰਹੇ ਹਨ। ਅਖਬਾਰਾਂ ਵਿੱਚ ਅਤੇ ਟੀ ਵੀ ਚੈਨਲਾਂ ਵਿੱਚ ਵੀ ਵੱਡੇ ਰਾਜਨੀਤਿਕ ਦਲ ਆਪਣੀਆਂ ਪਾਰਟੀਆਂ ਦੇ ਇਸ਼ਤਿਹਾਰ ਦੇ ਰਹੇ ਹਨ ਅਤੇ ਆਪਣੀਆਂ ਉ-ਪਲਬੱਧੀਆਂ ਗਿਣਾਂ ਰਹੇ ਹਨ। ਰਾਜਨੀਤਿਕ ਦਲਾਂ ਦੁਆਰਾ ਅਖਬਾਰਾਂ ਅਤੇ ਟੀ ਵੀ ਚੈਨਲਾਂ ਰਾਹੀਂ ਆਪਣੇ ਵਿਰੋਧੀਆਂ ਤੇ ਰਾਜਨੀਤਿਕ ਚਿੱਕੜ ਉਛਾਲਿਆ ਜਾ ਰਿਹਾ ਹੈ। ਕਿਸੇ ਵੀ ਰਾਜਨੀਤਿਕ ਪਾਰਟੀ ਨੇ ਦੇਸ਼ ਆਜ਼ਾਦ ਹੋਣ ਤੋਂ ਬਾਅਦ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਬਾਲ ਮਜ਼ਦੂਰੀ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਅਨਪੜ੍ਹਤਾ ਆਦਿ ਕਿਸੇ ਵੀ ਸਮੱਸਿਆ ਦਾ ਪੱਕਾ ਹੱਲ ਨਹੀਂ ਕੀਤਾ ਅਤੇ ਸਿਰਫ ਇਨ੍ਹਾਂ ਸਮਸਿਆਵਾਂ ਤੇ ਰਾਜਨੀਤੀ ਹੀ ਕੀਤੀ ਹੈ। ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਕੋਈ ਵੀ ਰਾਜਨੀਤਿਕ ਦਲ ਗੰਭੀਰ ਨਹੀਂ ਹੈ ਸਿਰਫ ਆਪਣੇ ਨਿੱਜੀ ਲਾਭ ਲਈ ਇੱਕ ਦੂਸਰੇ ਉਪਰ ਚਿੱਕੜ ਉਛਾਲ ਰਹੇ ਹਨ। ਦੇਸ਼ ਵਿੱਚ ਗਰੀਬ ਲੋਕ ਗਰੀਬੀ ਅਤੇ ਮਹਿੰਗਾਈ ਕਾਰਨ ਭੁੱਖੇ ਸੋਣ ਲਈ ਮਜ਼ਬੂਰ ਹਨ, ਸਰਕਾਰੀ ਨੌਕਰੀਆਂ ਵਿਕ ਰਹੀਆਂ ਹਨ, ਲੋਕ ਬਿਨਾਂ ਇਲਾਜ ਤੋਂ ਮਰ ਰਹੇ ਹਨ ਕਿਉਂਕਿ ਮਹਿੰਗੇ ਇਲਾਜ ਕਰਵਾਉਣਾ ਗਰੀਬ ਲੋਕਾਂ ਦੇ ਵੱਸ ਦੀ ਗੱਲ ਨਹੀਂ ਹੈ। ਰਾਜਨੀਤਿਕ ਦਲ ਤਾਂ ਆਪਣੇ ਨਿੱਜੀ ਲਾਭ ਤੋਂ ਬਿਨਾਂ ਹੋਰ ਕੋਈ ਗੱਲ ਕਰਨ ਲਈ ਵੀ ਤਿਆਰ ਨਹੀਂ ਹੁੰਦੇ ਹਨ। ਜਿਹੜੇ ਚੋਣਾਂ ਜਿੱਤ ਕੇ ਮੰਤਰੀ ਬਣ ਜਾਂਦੇ ਹਨ ਉਹਨਾਂ ਨੇਤਾਵਾਂ ਦੀ, ਨੇਤਾਵਾਂ ਦੇ ਘਰਦਿਆਂ ਦੀ, ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਜਿੰਦਗੀ ਇੱਕ ਦਮ ਬਦਲ ਜਾਂਦੀ ਹੈ ਅਤੇ ਕੁਝ ਮਹੀਨਿਆਂ ਵਿੱਚ ਹੀ ਸਾਰੇ ਕਰੋੜਾਂਪਤੀ ਬਣ ਜਾਂਦੇ ਹਨ ਪਰ ਇਹਨਾਂ ਨੂੰ ਆਪਣੀਆਂ ਵੋਟਾਂ ਪਾ ਕੇ ਜਿਤਾ ਕੇ ਮੰਤਰੀ ਬਣਾਉਣ ਵਾਲੀ ਜਨਤਾ ਤੇ ਟੈਕਸਾਂ ਦਾ ਹੋਰ ਵਾਧੂ ਭਾਰ ਪਾ ਦਿੱਤਾ ਜਾਂਦਾ ਹੈ ਅਤੇ ਵੋਟਾਂ ਪਾਉਣ ਵਾਲੀ ਜਨਤਾ ਮਹਿੰਗਾਈ, ਗਰੀਬੀ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸਦੀ ਰਹਿੰਦੀ ਹੈ।

ਜਨਤਾ ਦੀਆਂ ਵੋਟਾਂ ਲੈ ਕੇ ਮੰਤਰੀ ਬਣਨ ਵਾਲੇ ਨੇਤਾ ਬੇਹਿਸਾਬ ਪੈਸਾ ਅਤੇ ਸੰਪਤੀਆਂ ਜੁਟਾਕੇ ਆਪਣੀ ਅਤੇ ਆਪਣੀਆਂ ਆਉਣ ਵਾਲੀਆਂ ਕਈ ਪੀੜੀਆਂ ਦੀ ਜਿੰਦਗੀ ਸਵਾਰ ਲੈਂਦੇ ਹਨ ਪਰ ਇਹਨਾਂ ਨੂੰ ਜਿਤਾਉਣ ਵਾਲੀ ਜਨਤਾ ਹਮੇਸ਼ਾਂ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੀ ਹੈ। ਰਾਜਨੇਤਾ ਵੋਟਾਂ ਤੋਂ ਪਹਿਲਾਂ ਜਨਤਾ ਦੇ ਸੇਵਕ ਕਹਾਉਂਦੇ ਹਨ ਪਰ ਜਿੱਤਣ ਤੋਂ ਬਾਅਦ ਜਨਤਾ ਨੂੰ ਇਹ ਆਪਣਾ ਸੇਵਕ ਬਣਾ ਲੈਂਦੇ ਹਨ। ਸਾਡੇ ਨੇਤਾਵਾਂ ਨੂੰ ਚਾਹੀਦਾ ਹੈ ਕਿ ਵੋਟਾਂ ਦੀ ਰਾਜਨੀਤੀ ਕਰਨ ਦੀ ਥਾਂ ਤੇ ਇਨਸਾਨੀਅਤ ਦੀ ਰਾਜਨੀਤੀ ਕਰਨ ਤਾਂ ਹੀ ਸਾਡੇ ਦੇਸ਼ ਦਾ ਕੁਝ ਬਣ ਸਕਦਾ ਹੈ ਨਹੀਂ ਤਾਂ ਦੇਸ਼ ਨੂੰ ਬਰਬਾਦ ਹੋਣ ਤੋਂ ਕੋਈ ਨਹੀਂ ਬਚਾ ਸਕਦਾ ਹੈ। ਰਾਜਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਅਪਣੇ ਨਿੱਜੀ ਹਿੱਤਾਂ ਨੂੰ ਤਿਆਗਕੇ ਸਮਾਜ ਅਤੇ ਸੂਬੇ ਦੇ ਹਿੱਤਾਂ ਲਈ ਕੰਮ ਕਰਨ।

## ਪੰਜਾਬ ਚੋਣ ਦੰਗਲ

# ਛੋਟੇ ਦਲ ਨਿਭਾਉਣਗੇ ਵੱਡੇ ਦਲਾਂ ਦੀ ਜਿੱਤ-ਹਾਰ 'ਚ ਵਿਸ਼ੇਸ਼ ਭੂਮਿਕਾ



ਗੁਰਮੀਤ ਸਿੰਘ ਪਲਾਹੀ
91-98158-02070

**ਸਾਲ 2012 ਵਿਚ ਮੁੱਖ ਮੁਕਾਬਲਾ ਅਕਾਲੀ-ਭਾਜਪਾ ਗਠਬੰਧਨ ਅਤੇ ਕਾਂਗਰਸ ਵਿਚਕਾਰ ਸੀ। ਲੇਕਿਨ ਬਹੁਜਨ ਸਮਾਜ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ (ਐਮ.), ਐਨ.ਸੀ.ਪੀ. ਆਦਿ ਰਾਸ਼ਟਰੀ ਸਿਆਸੀ ਪਾਰਟੀਆਂ ਅਤੇ ਲੋਕ ਜਨ ਸ਼ਕਤੀ ਪਾਰਟੀ, ਰਾਸ਼ਟਰੀ ਜਨਤਾ ਦਲ, ਸ਼ਿਵ ਸੈਨਾ ਆਦਿ ਦਲਾਂ ਤੋਂ ਇਲਾਵਾ ਗੈਰ ਮਾਨਤਾ ਪ੍ਰਾਪਤ ਰਜਿਸਟਰਡ 27 ਦਲਾਂ ਨੇ ਵੀ ਸੀਮਤ ਸੀਟਾਂ ਉੱਤੇ ਆਪਣੇ ਉਮੀਦਵਾਰ ਖੜੇ ਕੀਤੇ ਸਨ। ਅਜ਼ਾਦ ਉਮੀਦਵਾਰ ਇਹਨਾਂ ਤੋਂ ਵੱਖਰੇ ਸਨ।**

2012 ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੁਲ ਇਕ ਕਰੋੜ 38 ਲੱਖ 92 ਹਜ਼ਾਰ 784 ਵੋਟਰਾਂ ਨੇ ਵੋਟ ਦਾ ਇਸਤੇਮਾਲ ਕੀਤਾ। ਇਹ ਪੰਜਾਬ 'ਚ ਬਣੀਆਂ ਕੁਲ ਵੋਟਾਂ ਦਾ 78.20 ਪ੍ਰਤੀਸ਼ਤ ਸੀ। ਇਸ ਵਿਚੋਂ 25 ਲੱਖ ਤੋਂ ਜ਼ਿਆਦਾ ਭਾਵ 18% ਵੋਟਰਾਂ ਨੇ ਛੋਟੇ ਸਿਆਸੀ ਦਲਾਂ ਤੇ ਅਜ਼ਾਦ ਉਮੀਦਵਾਰਾਂ ਨੂੰ ਵੋਟ ਪਾਏ ਸਨ। ਇਹਨਾਂ ਵਿਚੋਂ 9 ਲੱਖ 38 ਲੱਖ 770 ਵੋਟਾਂ ਅਜ਼ਾਦ ਉਮੀਦਵਾਰਾਂ ਨੂੰ ਪਈਆਂ ਸਨ ਤੇ ਛੋਟੇ ਦਲ 15,63,301 ਵੋਟ ਹਾਸਲ ਕਰ ਗਏ। ਸ਼੍ਰੋਮਣੀ ਅਕਾਲੀ ਦਲ (ਬ) 48,28,612 ਵੋਟ, ਭਾਜਪਾ 9,98,098 ਵੋਟ ਭਾਵ ਅਕਾਲੀ-ਭਾਜਪਾ 58,26,710 ਲੈ ਕੇ ਸਰਕਾਰ ਬਣਾ ਗਿਆ, ਜਦਕਿ ਕਾਂਗਰਸ ਨੂੰ 55 ਲੱਖ 72 ਹਜ਼ਾਰ 643 ਵੋਟ ਮਿਲੇ ਸਨ। ਇਸ ਵੇਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਛੋਟੇ ਦਲਾਂ ਦੀ ਗਿਣਤੀ ਵੀ ਵਧੀ ਹੈ ਅਤੇ ਉਹਨਾਂ ਦੀ ਸਰਗਰਮੀ 'ਚ ਵੀ ਲਗਾਤਾਰ ਵਾਧਾ ਹੋਇਆ ਹੈ ਅਤੇ ਸੰਭਾਵਨਾ ਹੈ ਕਿ ਛੋਟੀਆਂ ਸਿਆਸੀ ਪਾਰਟੀਆਂ ਅਤੇ ਅਜ਼ਾਦ ਉਮੀਦਵਾਰ ਪੰਜਾਬ 'ਚ ਤਿੰਨ ਧਿਰੀ ਚੋਣ ਮੁਕਾਬਲੇ ਵਿਚ ਵੱਡੀਆਂ ਪਾਰਟੀਆਂ ਦੀ ਵੋਟਾਂ ਨੂੰ ਤਕੜਾ ਖੋਰਾ ਲਗਾਉਣਗੇ। ਕਿਉਂਕਿ ਪੰਜਾਬ ਸੂਬੇ ਵਿਚ ਖੇਤਰੀ ਪਾਰਟੀਆਂ ਦੀ ਭੂਮਿਕਾ ਹਮੇਸ਼ਾ ਹੀ ਵੱਡੇ ਦਲਾਂ ਦੀ ਵੋਟ ਤੋੜਨ ਦੀ ਰਹੀ ਹੈ।

"ਪੰਜਾਬ ਵਿਚ ਜਦੋਂ ਤੱਕ ਚੋਣ ਮੁਕਾਬਲਾ ਦੋ ਧਿਰਾਂ ਦਰਮਿਆਨ ਹੁੰਦਾ ਰਿਹਾ ਹੈ ਤਦ ਹੀ ਇਹ ਖੇਤਰੀ ਦਲ ਪ੍ਰਮੁੱਖ ਦਲਾਂ ਦੀ ਜਿੱਤ-ਹਾਰ ਦਾ ਮਾਰਜ਼ਿਨ ਘਟਾਉਂਦੇ ਰਹੇ ਹਨ ਅਤੇ ਇਸ ਵੇਰ ਤਿਕੋਣੇ ਮੁਕਾਬਲੇ ਹੋਣ ਦੇ ਨਾਲ-ਨਾਲ ਕਈ ਨਵੇਂ ਸਿਆਸੀ ਖੇਤਰੀ ਦਲਾਂ ਨੇ ਪੰਜਾਬ ਦੇ ਚੋਣ ਦੰਗਲ 'ਚ ਦਸਤਕ ਦਿੱਤੀ ਹੈ। ਇਹਨਾਂ ਖੇਤਰੀ ਦਲਾਂ ਦੇ ਹਿੱਸੇ ਜਿੰਨੀਆਂ ਵੋਟਾਂ ਸਾਲ 2012 ਵਿਚ ਆਈਆਂ ਸਨ, ਉਹਨਾਂ ਨੇ ਚੋਣ ਨਤੀਜਿਆਂ ਉੱਤੇ ਡੂੰਘਾ ਪ੍ਰਭਾਵ ਪਾਇਆ ਸੀ ਅਤੇ ਇਸ ਵੇਰ ਵੀ 2017 ਪੰਜਾਬ ਵਿਧਾਨ ਚੋਣਾਂ 'ਚ ਇਹ ਪ੍ਰਭਾਵ ਪ੍ਰਤੱਖ ਦਿਸੇਗਾ, ਇਸ ਗੱਲ ਦੀ ਸੰਭਾਵਨਾ ਦਿਸ ਰਹੀ ਹੈ।

ਸਾਲ 2012 ਵਿਚ ਮੁੱਖ ਮੁਕਾਬਲਾ ਅਕਾਲੀ-ਭਾਜਪਾ ਗਠਬੰਧਨ ਅਤੇ ਕਾਂਗਰਸ ਵਿਚਕਾਰ ਸੀ। ਲੇਕਿਨ ਬਹੁਜਨ ਸਮਾਜ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ (ਐਮ.), ਐਨ.ਸੀ.ਪੀ. ਆਦਿ ਰਾਸ਼ਟਰੀ ਸਿਆਸੀ ਪਾਰਟੀਆਂ ਅਤੇ ਲੋਕ ਜਨ ਸ਼ਕਤੀ ਪਾਰਟੀ, ਰਾਸ਼ਟਰੀ ਜਨਤਾ ਦਲ, ਸ਼ਿਵ ਸੈਨਾ ਆਦਿ ਦਲਾਂ ਤੋਂ ਇਲਾਵਾ ਗੈਰ ਮਾਨਤਾ ਪ੍ਰਾਪਤ ਰਜਿਸਟਰਡ 27 ਦਲਾਂ ਨੇ ਵੀ ਸੀਮਤ ਸੀਟਾਂ ਉੱਤੇ ਆਪਣੇ ਉਮੀਦਵਾਰ ਖੜੇ ਕੀਤੇ ਸਨ। ਅਜ਼ਾਦ ਉਮੀਦਵਾਰ ਇਹਨਾਂ ਤੋਂ ਵੱਖਰੇ ਸਨ। ਸਾਲ 2012 ਵਿਚ ਕੁਲ 1078 ਉਮੀਦਵਾਰ ਸਨ, ਇਹਨਾਂ ਵਿਚ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਵਿਚੋਂ ਸਿਰਫ਼ ਇਕ ਸੀਟ ਹੀ ਇਹੋ ਜਿਹੀ ਸੀ, ਜਿਥੇ 4 ਉਮੀਦਵਾਰ ਖੜੇ ਸਨ ਜਦਕਿ 70 ਸੀਟਾਂ ਇਹੋ ਜਿਹੀਆਂ ਸਨ ਜਿਹਨਾਂ ਉੱਤੇ 6 ਤੋਂ 10, 35 ਸੀਟਾਂ ਉੱਤੇ 11 ਤੋਂ 15 ਅਤੇ ਤਿੰਨ ਸੀਟਾਂ ਉੱਤੇ 15 ਤੋਂ ਜ਼ਿਆਦਾ ਉਮੀਦਵਾਰ ਸਨ। ਪਰ ਜਦੋਂ ਨਤੀਜੇ ਆਏ ਤਾਂ ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਉਮੀਦਵਾਰ ਹੀ ਪਹਿਲੇ ਦੂਜੇ ਸਥਾਨ ਉੱਤੇ ਰਹੇ। ਸਿਰਫ਼ ਤਿੰਨ ਅਜ਼ਾਦ ਉਮੀਦਵਾਰ ਜਿੱਤੇ ਅਤੇ 817 ਉਮੀਦਵਾਰਾਂ ਦੀਆਂ ਤਾਂ ਜ਼ਮਾਨਤਾਂ ਹੀ ਜ਼ਬਤ ਹੋ ਗਈਆਂ ਸਨ। ਪਰ ਇਹਨਾਂ ਸਿਆਸੀ ਦਲਾਂ ਵੱਲੋਂ ਪ੍ਰਾਪਤ ਵੋਟਾਂ ਨੇ ਜਿੱਤਣ-ਜਿੱਤਣ ਕਰਦੀ ਕਾਂਗਰਸ ਨੂੰ ਹਰਾਉਣ ਵਿਚ ਭੂਮਿਕਾ ਨਿਭਾਈ, ਖਾਸ ਤੌਰ 'ਤੇ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ.ਪੀ.ਪੀ. ਨੇ ਜਿਸ ਨੇ 5.04% ਵੋਟਾਂ ਪ੍ਰਾਪਤ ਕੀਤੀਆਂ। ਬਹੁਜਨ ਸਮਾਜ ਪਾਰਟੀ ਨੇ ਪੂਰੇ ਪੰਜਾਬ 'ਚ 117 ਸੀਟਾਂ ਉੱਤੇ ਚੋਣ ਲੜੀ ਅਤੇ ਕੁਲ ਵੋਟਾਂ ਦਾ 4.29% ਪ੍ਰਾਪਤ ਕੀਤਾ ਪਰ 109 ਸੀਟਾਂ ਉੱਤੇ ਉਹਦੇ ਉਮੀਦਵਾਰ ਆਪਣੀ ਜ਼ਮਾਨਤ ਜ਼ਬਤ ਕਰਵਾ ਬੈਠੇ। ਸੀ.ਪੀ.ਆਈ. ਨੇ 14 ਸੀਟਾਂ ਉੱਤੇ ਚੋਣ ਲੜੀ ਅਤੇ ਸੀ.ਪੀ.ਆਈ.ਐਮ. ਨੇ 9 ਸੀਟਾਂ ਤੇ ਉਮੀਦਵਾਰ ਖੜਖ਼ੇ ਕੀਤੇ ਅਤੇ ਕੁਲ ਵੋਟਾਂ ਦਾ ਕਰਮਵਾਰ 0.82% ਅਤੇ 0.16% ਪ੍ਰਾਪਤ ਕੀਤਾ। ਸ਼੍ਰੋਮਣੀ ਅਕਾਲੀ ਦਲ (ਮਾਨ) ਨੇ 0.28% ਅਤੇ ਸੀ. ਪੀ. ਆਈ. ਐਮ. ਐਲ. ਲੈਨਿਨੀ ਨੂੰ 0.10% ਵੋਟ ਮਿਲੇ।



ਪੰਜਾਬ ਦਾ ਇਸ ਵੇਰ ਦਾ ਚੋਣ ਨਜ਼ਾਰਾ ਕੁਝ ਵੱਖਰਾ ਹੀ ਦਿੱਸ ਰਿਹਾ ਹੈ। ਜ਼ਾਹਰਾ ਤੌਰ ਉੱਤੇ ਤਿਕੋਣਾ ਮੁਕਾਬਲਾ ਹੈ। ਤਿੰਨੋਂ ਮੁੱਖ ਧਿਰਾਂ ਅਕਾਲੀ-ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ ਬੁਰੀ ਤਰਾਂ ਆਪਸੀ ਫੁੱਟ ਦਾ ਸ਼ਿਕਾਰ ਹਨ। ਸ਼ਾਇਦ ਵਿਧਾਨ ਸਭਾ ਦੀਆਂ ਇਹ ਚੋਣਾਂ ਪਹਿਲੀ ਵੇਰ ਇਹੋ ਜਿਹੀਆਂ ਹਨ, ਜਦੋਂ ਇਹਨਾਂ ਪਾਰਟੀਆਂ ਵੱਲੋਂ ਚੋਣ ਜਿੱਤਣ ਲਈ ਹਰ ਕਿਸਮ ਦਾ ਹਰਬਾ ਵਰਤਣ ਦਾ ਅੰਦੇਸ਼ਾ ਹੈ। ਸਿਆਸੀ ਦਲਾਂ ਵੱਲੋਂ ਇਕ ਦੂਜੇ ਦੇ ਰੁਸੇ ਹੋਏ ਨੇਤਾਵਾਂ ਨੂੰ ਆਪਣੇ ਵੱਲ ਕਰਨ ਦੀ ਹੋੜ ਲੱਗੀ ਹੋਈ ਹੈ। ਅੱਜ ਕੋਈ ਨੇਤਾ ਕਾਂਗਰਸ ਵੱਲ ਹੈ, ਕੱਲ ਅਕਾਲੀਆਂ ਵੱਲ ਤੁਰਿਆ ਫਿਰ ਰਿਹਾ ਹੈ। ਅੱਜ ਕੋਈ ਨੇਤਾ ਕਾਂਗਰਸ ਵੱਲ ਹੈ ਕੱਲ ਆਮ ਆਦਮੀ ਪਾਰਟੀ ਵੱਲ ਤੁਰਿਆ ਫਿਰ ਰਿਹਾ ਹੈ। ਅਸੂਲਾਂ ਦੀ ਰਾਜਨੀਤੀ ਛੱਡ ਇਹ ਤਿੰਨੋਂ ਧਿਰਾਂ ਖਾਸ ਤੌਰ 'ਤੇ ਪੰਜਾਬ ਦਾ ਮਾਹੌਲ ਗੰਧਲਾ ਕਰਨ 'ਚ ਕੋਈ ਕਸਰ ਨਹੀਂ ਛੱਡ ਰਹੀਆਂ। ਬੇਰੁਜ਼ਗਾਰਾਂ, ਕਿਸਾਨਾਂ, ਮਜ਼ਦੂਰਾਂ, ਆਮ ਲੋਕਾਂ ਲਈ ਲਾਰਿਆਂ, ਲੱਪਿਆ ਦੀ ਗੂੰਜ ਪੰਜਾਬ ਦੀ ਫਿਜ਼ਾ 'ਚ ਗੂੰਜ ਰਹੀ ਹੈ। ਇਕ ਦੂਜੇ ਦੇ ਨੇਤਾਵਾਂ ਨੂੰ ਚੋਣਾਂ ਉਪਰੰਤ ਜੇਲਾਂ 'ਚ ਡੱਕਣ ਦੇ ਬਿਆਨ ਪੰਜਾਬ ਦੀ ਪਹਿਲਾਂ ਹੀ ਗੰਦਲੀ ਸਿਆਸਤ ਨੂੰ ਹੋਰ ਵੀ ਗੰਦਲਾ ਕਰ ਰਹੇ ਹਨ। ਉਮੀਦਵਾਰਾਂ ਦੇ ਜਿੱਤਣ-ਹਾਰਨ ਦੇ ਦਾਅਵਿਆਂ ਦੌਰਾਨ, ਆਪਣੀ ਜਿੱਤ ਨੂੰ ਪੱਕਿਆਂ ਕਰਨ ਲਈ ਹਾਕਮ ਤੇ ਵਿਰੋਧੀ ਧਿਰ ਵਾਲੇ ਵੱਡੇ ਨੇਤਾ ਵੀ ਦੋ-ਦੋ ਸੀਟਾਂ ਲੜਨ ਲਈ ਮਜ਼ਬੂਰ ਹੋਏ ਦਿਸ ਰਹੇ ਹਨ। ਉਹਨਾਂ ਦੇ ਮਨਾਂ 'ਚ ਚੋਣ ਜਿੱਤਣ ਦੇ ਵਿਸ਼ਵਾਸ਼ ਨਾਲੋਂ, ਮਨਾਂ ਵਿਚ ਚੋਣ ਹਾਰਨ ਦਾ ਤੌਖਲਾ ਜ਼ਿਆਦਾ ਹੈ। ਉਸਦਾ ਕਾਰਨ ਜਿਥੇ ਆਪੋ-ਆਪਣੀਆਂ ਪਾਰਟੀਆਂ ਤੋਂ ਨਰਾਜ਼ ਹੋਏ ਆਪਣੇ ਨੇਤਾ ਹਨ, ਉਥੇ ਇਹਨਾਂ ਪਾਰਟੀਆਂ 'ਚੋਂ ਵੱਖ ਹੋਏ ਉਹ ਵੱਡੇ ਨੇਤਾ ਵੀ ਹਨ, ਜੋ ਆਪਣੇ ਛੋਟੇ ਦਲ ਬਣਾ ਕੇ ਇਨਖ਼ਾਂ ਵੱਡੇ ਨੇਤਾਵਾਂ ਲਈ ਚੈਲਿੰਜ ਬਣ ਖੜੋਤੇ ਹਨ।

ਸੁੱਚਾ ਸਿੰਘ ਛੋਟੇਪੁਰ ਦੀ 'ਆਪ ਪੰਜਾਬ', ਧਰਮਵੀਰ ਗਾਂਧੀ ਦਾ ਪੰਜਾਬ ਫਰੰਟ, ਜਗਮੀਤ ਸਿੰਘ ਬਰਾੜ ਦੀ ਪੰਜਾਬ 'ਚ ਅਗਵਾਈ ਵਾਲੀ ਤ੍ਰਿਮੂਲ ਕਾਂਗਰਸ, ਪੰਜਾਬ 'ਚ ਤੀਜੀ ਧਿਰ ਵੱਲੋਂ ਉੱਭਰ ਰਹੀ ਆਮ ਆਦਮੀ ਪਾਰਟੀ ਦੀ ਜਿੱਤ ਅੱਗੇ ਰੋੜੇ ਅਟਕਾ ਰਹੀ ਹੈ। ਭਾਵੇਂ ਕਿ ਲੋਕ ਇਨਸਾਫ਼ ਪਾਰਟੀ ਦੇ ਬੈਂਸ ਭਰਾ ਆਮ ਆਦਮੀ ਪਾਰਟੀ ਨਾਲ ਖੜਖ਼ੇ ਹਨ, ਪਰ ਪੰਜਾਬ ਦੇ ਵੱਖੋ-ਵੱਖਰੇ ਹਿੱਸਿਆਂ 'ਚ ਟਿਕਟਾਂ ਤੋਂ ਨਰਾਜ਼ ਹੋਏ ਹਜ਼ਾਰਾਂ ਸਧਾਰਨ ਚਾਹ ਦੇ ਖੋਖਿਆਂ, ਸਾਈਕਲ ਮੁਰੰਮਤਾਂ ਕਰਨ ਵਾਲੇ ਉਹ ਉਮੀਦਵਾਰ ਆਮ ਆਦਮੀ ਨਾਲੋਂ ਤੋੜ-ਵਿਛੋੜਾ ਕਰਕੇ ਆਪੋ-ਆਪਣੇ ਝੁੱਗੇ ਚੌੜ ਕਰਾ ਕੇ ਘਰਾਂ 'ਚ ਜਾ ਬੈਠੇ ਹਨ, ਜਿਹੜੇ ਪੰਜਾਬ 'ਚ ਇਕ ਵੱਖਰੀ ਅਸੂਲਾਂ ਵਾਲੀ ਪਾਰਟੀ ਦੀ ਆਮਦ 'ਚ ਆਪਣਾ ਸਭੋ ਕੁਝ ਛੱਡ-ਛਡਾ ਕੇ 'ਆਪ' ਦੀ ਮੁਹਿੰਮ ਨਾਲ ਜੁੜ ਗਏ ਸਨ। ਆਪ ਦੇ ਕਨਵੀਨਰ ਕੇਜਰੀਵਾਲ ਵੱਲੋਂ ਸੂਬੇ ਦੇ ਵੱਖੋ-ਵੱਖਰੇ ਖੇਤਰਾਂ 'ਚ 100 ਰੈਲੀਆਂ ਕਰਕੇ ਰੁੱਸਿਆਂ ਨੂੰ ਮਨਾਉਣ ਅਤੇ ਲੋਕਾਂ ਨੂੰ ਲਾਮਬੰਦ ਕਰਨ ਲਈ ਯਤਨ ਜਾਰੀ ਹਨ।

ਅਕਾਲੀ-ਭਾਜਪਾ ਹਾਕਮ ਧਿਰ ਵੱਲੋਂ ਵਿਕਾਸ ਦੇ ਨਾਮ ਉੱਤੇ ਵੋਟਾਂ ਦੀ ਮੰਗ ਤਾਂ ਕੀਤੀ ਹੀ ਜਾ ਰਹੀ ਹੈ ਅਤੇ ਪਿਛਲੇ ਦਸ ਸਾਲਾਂ ਦੌਰਾਨ ਉਸ ਵੱਲੋਂ 'ਰਾਜ ਨਹੀਂ ਸੇਵਾ' ਅਧੀਨ ਕੀਤੇ ਕੰਮਾਂ ਨੂੰ ਖੂਬ ਪ੍ਰਚਾਰਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵਿਚੋਂ ਨਰਾਜ਼ ਹੋਏ ਲੋਕ ਕਾਂਗਰਸ ਵੱਲ ਭੱਜ ਰਹੇ ਹਨ, ਜਿਨਖ਼ਾਂ ਨੂੰ ਇਹ ਆਸ ਬੱਝੀ ਹੋਈ ਹੈ ਕਿ ਅਗਲੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਆਉਣ ਵਾਲੀ ਹੈ। ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਟਿਕਟਾਂ ਤੋਂ ਨਰਾਜ਼ ਹੋਣ ਵਾਲਿਆਂ ਦੀ ਗਿਣਤੀ ਬਹੁਤੀ ਨਹੀਂ, ਪਰ ਉਸਦੀ ਭਾਈਵਾਲ ਭਾਜਪਾ ਅੰਦਰੂਨੀ ਤੌਰ 'ਤੇ ਖੱਖੜੀਆਂ-ਖੱਖੜੀਆਂ ਹੋਈ ਨਜ਼ਰ ਆਉਂਦੀ ਹੈ, ਜਿਸਦੇ ਸੂਬਾ ਪ੍ਰਧਾਨ ਵਿਜੈ ਕੁਮਾਰ ਸਾਂਪਲਾ ਨੂੰ ਆਪਣੇ ਬੰਦਿਆਂ ਨੂੰ ਟਿਕਟਾਂ ਨਾ ਮਿਲਣ ਕਾਰਨ ਆਪਣੀ ਹਾਈ ਕਮਾਂਡ ਨੂੰ ਆਪਣੇ ਪ੍ਰਧਾਨਗੀ ਪਦ ਤੋਂ ਅਸਤੀਫ਼ਾ ਦੇਣ 'ਤੇ ਮਜ਼ਬੂਰ ਹੋਣਾ ਪਿਆ। ਬਾਅਦ ਵਿਚ ਇਸ ਨੂੰ ਅਫਵਾਹ ਕਰਾਰ ਦਿੱਤਾ ਗਿਆ।

ਇਹੋ ਹਾਲ ਕਾਂਗਰਸ ਦਾ ਹੈ, ਜਿਸਦੇ ਵਿਚ ਟਿਕਟਾਂ ਦੀ ਵੰਡ 'ਚ ਖੋਹ-ਖਿੱਚ ਦਾ ਨਜ਼ਾਰਾ ਨਿਵੇਕਲਾ ਹੀ ਰਿਹਾ ਅਤੇ ਕਈ ਥਾਵਾਂ ਤੋਂ ਪਾਰਟੀ ਨੂੰ ਆਪਣੇ ਉਮੀਦਵਾਰ ਬਦਲਣੇ ਪਏ। ਪੰਜਾਬ ਦੇ ਹਾਕਮ ਦੀ ਕੁਰਸੀ ਦੀ ਝਾਕ 'ਚ ਇਨਖ਼ਾਂ ਤਿੰਨਾਂ ਧਿਰਾਂ ਵੱਲੋਂ ਅਪਣਾਈਆਂ ਗਈਆਂ ਨੀਤੀਆਂ ਦੇ ਤਹਿਤ ਪੰਜਾਬ ਦੀ ਸਥਿਤੀ ਗੁੰਝਲਦਾਰ ਅਤੇ ਨਾਜ਼ੁਕ ਬਣੀ ਦਿੱਸਦੀ ਹੈ।

ਅਕਾਲੀ-ਭਾਜਪਾ ਹਾਕਮ ਧਿਰ, ਕਾਂਗਰਸ ਅਤੇ 'ਆਪ' ਦੀ ਕਾਰਜਸ਼ਾਲੀ ਦਾ ਪੂਰਾ ਵਿਰੋਧ ਕਰਨ ਵਾਲੀਆਂ ਪਾਰਟੀਆਂ ਵਿਚੋਂ ਸਿਮਰਨਜੀਤ ਸਿੰਘ ਮਾਨ ਦਾ ਸ਼੍ਰੋਮਣੀ ਅਕਾਲੀ ਦਲ (ਮਾਨ), ਬਸਪਾ, ਖੱਬੇ ਪੱਖੀ ਪਾਰਟੀਆਂ, ਰਾਸ਼ਟਰਵਾਦੀ ਪਾਰਟੀ, ਕ੍ਰਾਂਤੀਕਾਰੀ ਯੁਵਾ ਪਾਰਟੀ, ਬਜਰੰਗ ਦਲ, ਪੰਥਕ ਦਲ, ਬਹੁਜਨ ਸਮਾਜ ਪਾਰਟੀ (ਅੰਬੇਡਕਰ), ਸ਼ਿਵ ਸੈਨਾ (ਬਾਲ ਠਾਕਰੇ), ਬਹੁ-ਜਨ ਮੁਕਤੀ ਪਾਰਟੀ, ਭਾਈ ਮੋਹਕਮ ਸਿੰਘ ਦੀ ਅਗਵਾਈ ਵਾਲਾ ਯੂਨਾਈਟਿਡ ਅਕਾਲੀ ਦਲ, ਯੋਗੇਂਦਰ ਯਾਦਵ ਦੀ ਅਗਵਾਈ ਵਾਲੀ ਸਵਰਾਜ ਅਭਿਮਾਨ ਪਾਰਟੀ ਸਮੇਤ ਦਰਜਨ ਕੁ ਭਰ ਹੋਰ ਛੋਟੀਆਂ ਪਾਰਟੀਆਂ ਦੇ ਚੋਣ ਮੈਦਾਨ ਵਿਚ ਹਨ, ਇਨਖ਼ਾਂ ਵਿਚੋਂ ਬਹੁਤੀਆਂ ਪੰਜਾਬ ਦੇ ਮਸਲਿਆਂ, ਮੁੱਦਿਆਂ, ਸਮੱਸਿਆਵਾਂ ਨੂੰ ਲੋਕਾਂ ਵਿਚ ਲੈ ਕੇ ਜਾਣ ਲਈ ਜ਼ੋਰ ਲਗਾ ਰਹੀਆਂ ਹਨ। ਉਹ ਸੀਮਤ ਜਿਹੇ ਇਕੱਠ ਕਰਕੇ ਵੀ ਲੋਕਾਂ ਤੱਕ ਆਪਣੀ ਗੱਲ ਕਹਿਣ ਲਈ ਤਤਪਰ ਦਿਸਦੀਆਂ ਹਨ। ਖੱਬੇ ਪੱਖੀ 4 ਪਾਰਟੀਆਂ ਵੱਲੋਂ ਖੱਬਾ ਫਰੰਟ ਬਣਾ ਕੇ ਲੋਕਾਂ ਨੂੰ ਲੋਕ ਹਿਤੂ ਸੇਧ ਦੇਣ ਦਾ ਸੰਕਲਪ ਦਿੱਤਾ ਗਿਆ ਸੀ, ਪਰ ਇਸ ਫਰੰਟ ਵਿਚੋਂ ਸੀ.ਪੀ.ਆਈ.ਐਮ. ਨਰਾਜ਼ ਦਿੱਸਦੀ ਹੈ। ਬਾਕੀ ਤਿੰਨ ਪਾਰਟੀਆਂ ਨੇ 60 ਉਮੀਦਵਾਰ ਸਾਂਝੇ ਤੌਰ 'ਤੇ ਖੱਬੇ ਫਰੰਟ ਵੱਲੋਂ ਖੜਖ਼ੇ ਕੀਤੇ ਹਨ। ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਨਾਲ ਪੰਥਕ ਦਲ ਅਤੇ ਸਰਬੱਤ ਖ਼ਾਲਸਾ ਜਥੇਬੰਦੀਆਂ ਵੱਲੋਂ ਰਲ ਕੇ ਚੋਣਾਂ ਲੜੀਆਂ ਜਾਣਗੀਆਂ। ਇੰਜ ਇਹ ਸਿਆਸੀ ਦਲ ਭਾਵੇਂ ਪੂਰੇ ਪੰਜਾਬ 'ਚ ਆਪਣਾ ਵੱਡਾ ਅਧਾਰ ਨਾ ਵੀ ਰੱਖਦੇ ਹੋਣ, ਪਰ ਉਨਖ਼ਾਂ ਦਲਾਂ ਦੀ ਲੋਕਾਂ ਨੂੰ ਲਾਮਬੰਦ ਕਰਕੇ ਵੱਡੀਆਂ ਪਾਰਟੀਆਂ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਉਣ ਦੀ ਸਮਰੱਥਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਵੇਂ ਇਹ ਛੋਟੇ ਸਿਆਸੀ ਦਲ ਪਿਛਲੀਆਂ ਚੋਣਾਂ ਦੀ ਤਰਖ਼ਾਂ ਪੰਜਾਬ ਵਿਧਾਨ ਸਭਾ 'ਚ ਆਪਣੀ ਵੱਡੀ ਹਾਜ਼ਰੀ ਨਾ ਵੀ ਲੁਆ ਸਕਣ, ਪਰ ਇਹ ਪਾਰਟੀਆਂ, ਸਿਆਸੀ ਦਲ, ਵੱਡੇ ਧੁਰੰਤਰਾਂ ਦੀ ਹਾਰ ਦਾ ਕਾਰਨ ਜ਼ਰੂਰ ਬਣ ਸਕਦੇ ਹਨ।

2012 ਦੀਆਂ ਕੁਝ ਅਜਿਹੀਆਂ ਸੀਟਾਂ ਹਨ, ਜਿਥੇ ਵਿਧਾਨ ਸਭਾ ਚੋਣਾਂ'ਚ ਹਾਰ-ਜਿੱਤ ਦਾ ਫਰਕ ਇੱਕ ਫੀਸਦੀ ਸੀ। ਇਨਾਂਖ਼ ਵਿੱਚ ਜਿਆਦਾਤਰ ਸੀਟਾਂ ਰਾਖਵੀਆਂ ਸਨ। ਫਿਲੌਰ (ਰੀਜ਼ਰਵ) ਅਤੇ ਪੱਟੀ ਵਿਧਾਨ ਸਭਾ ਸੀਟ ਤੇ ਹਾਰ-ਜਿੱਤ 100 ਵੋਟਾਂ ਤੋਂ ਵੀ ਘੱਟ ਦੇ ਫਰਕ ਨਾਲ ਹੋਈ ਸੀ। ਫਿਲੌਰ'ਚ ਫਰਕ 0.02 %, ਪੱਟੀ'ਚ ਫਰਕ 0.04% ਸੀ, ਜਦ ਕਿ ਫਿਰੋਜ਼ਪੁਰ ਦਿਹਾਤੀ'ਚ 0.12, ਜਗਰਾਉਂ 'ਚ 0.17 ਨਿਹਾਲ ਸਿੰਘ ਵਾਲਾ'ਚ 0.43, ਪਾਇਲ'ਚ 0.52, ਫਤਿਹਗੜ ਚੂੜੀਆਂ 'ਚ 0.56, ਸ਼ੁਤਰਾਣਾ 'ਚ 0.64, ਕਰਤਾਰਪੁਰ 'ਚ 0.71, ਰਾਜਸਾਂਸੀ'ਚ 0.85, ਮਾਨਸਾ'ਚ 0.88 ਅਤੇ ਭੁੱਚੋ ਮੰਡੀ'ਚ 0.95% ਦਾ ਫਰਕ ਹੀ ਰਿਹਾ। ਅਜਿਹੀ ਹਾਲਤ ਵਿੱਚ ਇਸ ਵੇਰ ਸੱਤਾ ਕਿਸ ਦੇ ਹੱਥ ਹੋਵੇਗੀ, ਇਸ ਦਾ ਫੈਸਲਾ ਕਰਨ ਲਈ ਛੋਟੇ ਦਲਾਂ, ਅਜ਼ਾਦ ਉਮੀਦਵਾਰਾਂ ਦੀ ਵਿਸ਼ੇਸ਼ ਭੂਮਿਕਾ ਹੋ ਸਕਦੀ ਹੈ। ਪੰਜਾਬ ਵਿਚ ਇਸ ਸਮੇਂ ਚੋਣਾਂ ਦਾ ਬੁਖਾਰ ਹੈ। ਪੰਜਾਬ ਦੇ ਮੁੱਦਿਆਂ, ਮਸਲਿਆਂ, ਸਮੱਸਿਆਵਾਂ ਉੱਤੇ ਵਿਚਾਰ-ਚਰਚਾ ਅਤੇ ਇਨਖ਼ਾਂ ਦਾ ਹੱਲ ਸਮੇਂ ਦੀ ਮੰਗ ਹੈ। ਮੌਜੂਦਾ ਸਿਆਸੀ ਖਿਲਾਰੇ 'ਚ ਲੋਕਾਂ ਨੂੰ ਸੂਝ-ਬੂਝ ਅਤੇ ਠਰੰਮੇ ਨਾਲ ਉਹਨਾਂ ਸਿਆਸੀ ਦਲਾਂ ਨੂੰ ਅੱਗੇ ਲਿਆਉਣ ਦੀ ਲੋੜ ਹੈ, ਜਿਹੜੇ ਲੋਕ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲੇ ਹੋਣ। ਇਸ ਮਾਹੌਲ ਵਿਚ ਪੰਜਾਬ ਦੇ ਚੇਤੰਨ ਲੋਕ ਅਤੇ ਛੋਟੇ ਸਿਆਸੀ ਦਲ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ।

# ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਪੁੱਜਣਾ ਸੁਆਗਤਯੋਗ - ਜਸਟਿਸ ਸੋਢੀ

**ਨਵੀਂ ਦਿੱਲੀ-** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਪੋ-ਆਪਣੀ ਪਸੰਦ ਦੀ ਪਾਰਟੀ ਦੇ ਸਮਰਥਨ ਵਿੱਚ ਚੋਣ ਪ੍ਰਚਾਰ ਕਰਨ ਲਈ ਪ੍ਰਵਾਸੀ ਪੰਜਾਬੀਆਂ ਦੀਆਂ ਟੀਮਾਂ ਦੇ ਪੰਜਾਬ ਪੁਜਣ ਦਾ ਸੁਆਗਤ ਕਰਦਿਆਂ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਆਰ ਐਸ ਸੋਢੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਪਣੀ ਮਹਤੱਵਪੂਰਣ ਭੂਮਿਕਾ ਨਿਬਾਹੁਣ ਲਈ ਉਨ੍ਹਾਂ ਦਾ ਪੰਜਾਬ ਪੁਜਣਾ ਇਸ ਗਲ ਦਾ ਸਬੂਤ ਹੈ ਕਿ ਹਜ਼ਾਰਾਂ ਕੋਹ ਦੂਰ ਜਾ ਵਸਣ ਦੇ ਬਾਵਜੂਦ ਉਹ ਆਪਣੀ ਧਰਤੀ ਨਾਲ ਜੁੜੇ ਹੋਏ ਹਨ ਤੇ ਉਸ ਪ੍ਰਤੀ ਉਨ੍ਹਾਂ ਦਾ ਮੋਹ ਹੀ ਉਨ੍ਹਾਂ ਨੂੰ ਆਪਣੇ ਰਾਜ ਦੀਆਂ ਵਿਧਾਨਸਭਾ ਚੋਣਾਂ ਵਿੱਚ ਆਪਣੀ ਜ਼ਿਮੇਂਦਾਰੀ ਨਿਬਾਹੁਣ ਲਈ ਖਿਚ ਲਿਆਇਆ ਹੈ। ਜਸਟਿਸ ਸੋਢੀ ਨੇ ਇਸ ਸੰਬੰਧ ਵਿੱਚ ਜਾਰੀ ਆਪਣੇ ਬਿਆਨ ਵਿੱਚ ਕਿਹਾ ਕਿ ਦੇਸ਼ ਦੇ ਹਰ ਵਿਅਕਤੀ, ਜੋ ਆਪਣੀ ਧਰਤੀ ਨਾਲ ਜੁੜਿਆ ਹੋਇਆ ਹੈ, ਦਾ ਹਕ ਹੈ ਕਿ ਉਹ ਆਪਣੇ ਦੇਸ਼ ਅਤੇ ਰਾਜ ਦੀ ਸਰਕਾਰ ਚੁਣਨ ਵਿੱਚ ਆਪਣੀ ਜ਼ਿਮੇਂਦਾਰੀ ਭਰੀ ਭੂਮਿਕਾ ਨਿਬਾਹੇ। ਇਸਦੇ ਨਾਲ ਹੀ, ਜਸਟਿਸ ਸੋਢੀ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਪਣੀ ਪਸੰਦ ਦੀ ਪਾਰਟੀ ਅਤੇ ਉਮੀਦਵਾਰ ਦਾ ਸਮਰਥਨ ਕਰਦਿਆਂ ਇਸ ਗਲ ਦਾ ਖਿਆਲ ਰਖਣਾ ਹੋਵੇਗਾ ਕਿ ਉਸਦੀ ਵਫਾਦਾਰੀ ਕੇਵਲ ਪ੍ਰਵਾਸੀਆਂ ਦੇ ਹਿਤਾਂ ਨਾਲ ਹੀ ਨਾ ਜੁੜੀ ਹੋਵੇ, ਸਗੋਂ ਪੰਜਾਬ ਦੇ ਵੱਡੇ ਤੇ ਸਮੁਚੇ ਹਿਤਾਂ ਪ੍ਰਤੀ ਪਹਿਲ ਵੀ ਉਸਦੀ ਨਿਸ਼ਠਾ ਨਾਲ ਜੁੜੀ ਹੋਵੇ। ਜਸਟਿਸ ਸੋਢੀ ਨੇ ਕਿਹਾ ਕਿ ਉਨ੍ਹਾਂ ਦੀ ਇਹ ਸੋਚ ਪੰਜਾਬ ਦੇ ਕੇਵਲ ਬੁਨਿਆਦੀ ਹਿਤਾਂ ਪੁਰ ਹੀ ਅਧਾਰਤ ਨਹੀਂ, ਸਗੋਂ ਸਮੁਚੇ ਰੂਪ ਵਿੱਚ ਪੰਜਾਬ ਦੇ ਨਾਲ ਹੀ ਪੰਜਾਬੀਆਂ, ਭਾਵੇਂ ਉਹ ਦੇਸ਼ ਜਾਂ ਵਿਦੇਸ਼ ਦੇ ਕਿਸੇ ਵੀ ਹਿਸੇ ਵਿੱਚ ਵਸਦੇ ਹਨ, ਦੇ ਹਿਤਾਂ ਪੁਰ ਅਧਾਰਤ ਹੈ। ਉਨ੍ਹਾਂ ਕਿਹਾ ਕਿ ਚੋਣਾਂ ਸਮੇਂ ਹਰ ਪਾਰਟੀ ਅਤੇ ਉਸਦੇ ਆਗੂ ਆਪਣੇ ਸੁਆਰਥ ਦੀ ਪੂਰਤੀ ਦੇ ਅਧਾਰ ਤੇ ਮਤਦਾਤਾਵਾਂ ਨੂੰ ਭਰਮਾਣ ਲਈ ਅਨੇਕਾਂ ਵਾਇਦੇ ਕਰਦੇ ਹਨ, ਪ੍ਰੰਤੂ ਚੋਣਾਂ ਤੋਂ ਬਾਅਦ ਸਾਰੇ ਹੀ ਭੁਲ ਜਾਂਦੇ ਹਨ ਕਿ ਉਨ੍ਹਾਂ ਨੇ ਕੋਈ ਵਾਇਦਾ ਕੀਤਾ ਵੀ ਸੀ ਜਾਂ ਨਹੀਂ। ਇਸਲਈ ਚੋਣਾਂ ਸਮੇਂ ਮਤਦਾਤਾਵਾਂ ਨੂੰ ਬਹੁਤ ਹੀ ਸੋਚ ਸਮਝ ਕੇ ਆਪਣਾ ਫੈਸਲਾ ਦੇਣਾ ਚਾਹੀਦਾ ਹੈ।





ਮਨਦੀਪ ਸਿੰਘ ਅਤੇ ਅਮਨਦੀਪ ਕੌਰ ਵਾਸੀ ਬਠਿੰਡਾ ਨੇ ਆਪਣੇ ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾਈ।

## ਜਨਮ ਦਿਨ ਮੁਬਾਰਕ



ਨਾਮ: ਸੁਖਮਨਜੀਤ ਸਿੰਘ
ਪਿਤਾ: ਸਤਵਿੰਦਰ ਸਿੰਘ
ਮਾਤਾ: ਪਰਮਜੀਤ ਕੌਰ
ਵਾਸੀ: ਮੋਹੀ (ਲੁਧਿਆਣਾ)

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

**510- 733- 2222**

1421 Industrial PKWY West#F Hayward, CA 94544



Harmandeep Singh



# A & S

## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu



# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

**IRP Plates for 48 States- Same day Plates**

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES:**
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ — ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ — ਹਰ ਮੌਸਮ 'ਚ

# ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼**, ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲ੍ਹਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

## ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



# ਪੰਜਾਬ ਚੋਣਾਂ ਤੇ ਮੱਤਦਾਤਾ

ਡਾ: ਗੋਬਿੰਦਰ ਸਿੰਘ ਸਮਰਾਓ
408-634-2310

ਪੌਣੇ ਤਿੰਨ ਕਰੋੜ ਦੀ ਆਬਾਦੀ ਵਾਲੇ ਭਾਰਤ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਪੰਜਾਬ ਵਿਚ ਫਰਵਰੀ 2017 ਦੀਆਂ ਅਸੈਂਬਲੀ ਚੋਣਾਂ ਹੋਣ ਵਾਲੀਆਂ ਹਨ। ਭਾਰਤੀ ਚੋਣ ਕਮਿਸ਼ਨ ਵਲੋਂ ਚੋਣ ਜਾਬਤਾ ਲਾਗੂ ਕੀਤਾ ਜਾ ਚੁੱਕਿਆ ਹੈ। ਕਈ ਮੁੱਖ ਪਾਰਟੀਆਂ ਇਹਨਾਂ ਚੋਣਾਂ ਵਿਚ ਭਾਗ ਲੈ ਰਹੀਆਂ ਹਨ। ਹਰੇਕ ਪਾਰਟੀ ਨੇ ਆਪਣੇ 2 ਉਮੀਦਵਾਰਾਂ ਮੈਦਾਨ ਵਿਚ ਉਤਾਰ ਦਿੱਤੇ ਹਨ। ਜਿਹਨਾਂ ਨੂੰ ਟਿਕਟ ਮਿਲ ਗਏ ਹਨ ਉਹ ਚੋਣ ਪ੍ਰਚਾਰ ਕਰ ਰਹੇ ਹਨ ਤੇ ਜਿਹਨਾਂ ਨੂੰ ਨਹੀਂ ਮਿਲੇ ਉਹ ਨਾਰਾਜ਼ਗੀ ਜ਼ਾਹਰ ਕਰ ਰਹੇ ਹਨ। ਕਈ ਨਾਰਾਜ਼ ਨੇਤਾ ਸੁਤੰਤਰ ਉਮੀਦਵਾਰ ਖੜ੍ਹੇ ਹੋ ਗਏ ਹਨ ਤੇ ਕਈਆਂ ਨੇ ਆਪਣੀਆਂ ਪਾਰਟੀਆਂ ਛੱਡ ਕੇ ਕਈ ਦੂਜੀਆਂ ਪਾਰਟੀਆਂ ਵਿਚ ਥਾਂ ਲੱਭ ਲਈ ਹੈ।ਸਾਰੀਆਂ ਰਾਜਨੀਤਕ ਪਾਰਟੀਆਂ ਨੇ ਦੂਜੇ ਦਲਾਂ ਦੇ ਨਾਰਾਜ਼ ਨੇਤਾਵਾਂ ਨੂੰ ਉੱਚ ਪਦਵੀਆਂ ਦੇ ਪ੍ਰਲੋਭਨ ਦੇ ਕੇ ਆਪਣੇ ਵਲ ਖਿੱਚਿਆ ਹੈ। ਅਜਿਹੇ ਨੇਤਾਵਾਂ ਨੂੰ ਇਹਨਾਂ ਪਾਰਟੀਆਂ ਨੇ ਵੱਡੇ ਵੱਡੇ ਇਜ਼ਲਾਸ ਕਰ ਕੇ ਬੜੇ ਮਾਣ-ਇੱਜ਼ਤ ਨਾਲ ਆਪਣੇ ਵਿਚ ਸ਼ਾਮਲ ਕੀਤਾ ਹੈ। ਕਈ ਨੇਤਾਵਾਂ ਨੇ ਉੱਚ ਪਦਵੀਆਂ ਜਾਂ ਹੋਰ ਲਾਲਚਾਂ ਕਾਰਣ ਦਲ-ਬਦਲੀ ਕੀਤੀ ਪਰ ਨਵੀਂ ਪਾਰਟੀ ਵਿਚ ਮਨ ਚਾਹਿਆ ਗੱਫਾ ਨਾ ਮਿਲਣ ਕਰਕੇ, ਜਾਂ ਪਿਛੋਂ ਵੱਡੇ ਗੱਫੇ ਦੀ ਆਵਾਜ਼ ਪੈਣ ਕਾਰਨ, ਕੁਝ ਦਿਨਾਂ ਬਾਦ ਹੀ "ਘਰ ਵਾਪਸੀ" ਕਰ ਲਈ। ਕਈ ਆਪਣਾ ਵਧੀਆ "ਭਾਅ" ਲੈਣ ਲਈ ਸੇਲ ਤੇ ਲੱਗੇ ਘਰ ਵਾਂਗ ਮਹੀਨਿਆਂ ਬੱਧੀ ਖਰੀਦਾਰ ਪਾਰਟੀਆਂ ਦੀ ਉਡੀਕ ਕਰਦੇ ਰਹੇ ਤੇ ਫਿਰ ਸਭ ਤੋਂ ਵੱਡਾ ਮੁੱਲ ਉਤਾਰਨ ਵਾਲੇ ਦਲ ਵਿਚ ਸ਼ਾਮਲ ਹੋ ਗਏ। ਬਹੁਤਿਆਂ ਦਾ ਆਪਣਾ ਕੋਈ ਵਿਚਾਰਧਾਰਾਤਮਿਕ ਆਧਾਰ ਨਹੀਂ ਹੈ ਤੇ ਨਾ ਹੀ ਕੋਈ ਰਾਜਨੀਤਕ ਦ੍ਰਿਸ਼ਟੀਕੋਣ ਹੈ, ਬਸ ਭਾੜੇ ਦੇ ਕਲਾਕਾਰਾਂ ਵਾਂਗੂੰ ਜਿਸ ਨੇ ਖਰੀਦ ਲਏ ਉਸੇ ਦੇ ਗੁਣ ਗਾਣ ਕਰਨ ਲਗ ਪਏ। ਕਈਆ ਦੀ ਤਾਂ ਜ਼ਮੀਰ ਇਥੋਂ ਤੀਕਰ ਮਰ ਗਈ ਹੈ ਕਿ ਜਿਸ ਨੂੰ ਕੱਲ ਪਾਣੀ ਪੀ-ਪੀ ਕੋਸਦੇ ਸਨ ਅੱਜ ਉਸੇ ਦੀਆਂ ਤਾਰੀਫਾਂ ਦੇ ਪੁਲ ਬੰਨ ਰਹੇ ਹਨ। ਜਿਹੜੇ ਗਿਰਗਿਟ ਵਾਂਗ ਰੰਗ ਬਦਲਦੇ ਹਨ ਉਹੀ ਜਨਤਾ ਨੂੰ ਪੱਕੇ ਵਾਹਦਿਆਂ ਦਾ ਯਕੀਨ ਦੇ ਰਹੇ ਹਨ। ਇਸ ਤਰਾਂ ਲਗ ਰਿਹਾ ਹੈ ਕਿ ਸੂਬੇ ਵਿਚ ਦੂਰ ਅੰਦੇਸ਼ ਸਿਆਸਤ ਦੀ ਥਾਂ ਕੋਈ ਵੱਡੀ ਰਾਜਸੀ ਮੰਡੀ ਲਗੀ ਹੋਈ ਹੈ ਜਿਸ ਵਿਚ ਛਲ-ਕਪਟ ਤੇ ਓਹਲੇ ਨਾਲ ਸੌਦੇ ਹੋ ਰਹੇ ਹਨ। ਸਭ ਨੇਤਾਗਣ ਸ਼ਰੇਆਮ ਇਸ ਨੰਗੇ ਸਵਾਰਥ ਦੀ ਤਜ਼ਾਰਤ ਨੂੰ ਲਾਚਾਰ ਜਨਤਾ ਅੱਗੇ ਲੋਕਤੰਤਰ ਕਹਿ ਕੇ ਪਰੋਸ ਰਹੇ ਹਨ।

ਅਸਚਰਜ਼ ਇਹ ਹੈ ਕਿ ਕਾਗਜ਼ਾਂ ਵਿਚ ਤਾਂ ਭਾਰਤ ਇਕ ਮਹਾਨ ਲੋਕਤੰਤਰ ਹੈ। ਬੜਾ ਵਿਸਤ੍ਰਿਤ ਸੰਵਿਧਾਨ ਹੈ ਇਸ ਦਾ ਜੋ ਦੁਨੀਆਂ ਦੇ ਸਭ ਤੋਂ ਮੁਢਲੇ ਲੋਕਤੰਤਰੀ ਸੰਵਿਧਾਨ ਦੀ ਤਰਜ਼ ਤੇ ਉਲੀਕਿਆ ਹੋਇਆ ਹੈ। ਲੋਕ ਖੁਦ ਇਸ ਸੰਵਿਧਾਨ ਦਾ ਸੋਮਾ ਹਨ ਤੇ ਸਾਰੀ ਤਾਕਤ ਉਹਨਾਂ ਤੋਂ ਹੀ ਫੁੱਟਦੀ ਹੈ। ਇਸ ਵਿਚ ਕਾਨੂੰਨ ਦੇ ਸ਼ਾਸ਼ਨ ਦੀ ਵਿਵਸਥਾ ਹੈ ਜਿਸ ਅਨੁਸਾਰ ਵੱਡੇ ਛੋਟੇ ਦੇ ਫਰਕ ਤੋਂ ਬਿਨਾਂ ਸਭ ਲੋਕ ਕਨੂੰਨ ਦੇ ਅਧੀਨ ਹਨ। ਵਡੀ ਗੱਲ ਇਹ ਕਿ ਇਸ ਸੰਵਿਧਾਨ ਵਿਚ ਬੁਨਿਆਦੀ ਅਧਿਕਾਰਾਂ ਤੇ ਬੁਨਿਆਦੀ ਕਰਤਵਾਂ ਦੀ ਵੇਰਵੇਸਹਿਤ ਵਿਆਖਿਆ ਹੈ। ਇਥੋਂ ਤੀਕਰ ਕਿ ਇਸ ਵਿਚ ਨਿਰਦੇਸ਼ਕ ਸਿਧਾਤਾਂ ਦਾ ਵੀ ਖੁਲ੍ਹ ਕੇ ਵਰਨਣ ਹੈ ਜੋ ਰਾਜ ਦੇ ਵਿਕਾਸ਼ ਲਈ ਸਮੂਹ ਸਰਕਾਰਾਂ ਲਈ ਨੈਤਿਕ ਪਗਡੰਡੀਆਂ ਦਾ ਕੰਮ ਕਰਦੇ ਹਨ। ਦੇਸ਼ ਵਿਚ ਕਾਨੂੰਨ ਨਿਰਮਾਣ ਦੇ ਅਦਾਰੇ ਹਨ, ਕਾਨੂੰਨ ਹੈ, ਨਿਆਂਪਾਲਿਕਾ ਹੈ ਤੇ ਸਿਖਿਆ ਪ੍ਰਣਾਲੀ ਹੈ। ਸਮੇਂ ਸਿਰ ਚੋਣਾਂ ਹੁੰਦੀਆਂ ਹਨ, ਲੋਕ ਵੋਟਾਂ ਪਾਉਂਦੇ ਹਨ ਤੇ ਸਰਕਾਰਾਂ ਬਣਾਉਂਦੇ ਹਨ। ਇਸੇ ਪੱਧਤੀ ਤੇ ਉਸਰਿਆ ਰਾਜ ਸਰਕਾਰਾਂ ਦਾ ਆਪਣਾ ਸੰਵਿਧਾਨ ਹੈ। ਪਰ ਸੰਵਿਧਾਨਕ ਪਖੋਂ ਇਹ ਸਭ ਕੁਝ ਹੁੰਦਿਆਂ ਸੁੰਦਿਆਂ ਵੀ ਇਸ ਦੇਸ਼ ਦੀ ਰਾਜ ਵਿਵਸਥਾ ਵਿਚੋਂ ਖੋਖਲੇਪਣ ਦੀ ਆਵਾਜ਼ ਆਉਂਦੀ ਹੈ। ਜਿਸ ਸੰਵਿਧਾਨ ਤੋਂ ਇਸ ਸੰਵਿਧਾਨ ਦਾ ਨਮੂਨਾ ਲਿਆ ਗਿਆ ਹੈ ਉਹ ਸੰਵਿਧਾਨ ਅਣਲਿਖਿਤ ਹੈ ਤੇ ਸਦੀਆਂ ਤੋਂ ਲੋਕਾਂ ਦੇ ਕਿਰਦਾਰ ਦੇ ਬਲ-ਬੂਤੇ ਜਬਾਨੀ ਕਲਾਮੀ ਚਲਦਾ ਆ ਰਿਹਾ ਹੈ। ਪਰ ਭਾਰਤੀ ਸੰਵਿਧਾਨ ਵਿਚ ਹਰ ਗੱਲ ਸਪਸ਼ਟ ਲਿਖੀ ਹੋਣ ਦੇ ਬਾਵਜ਼ੂਦ ਜਣਾ-ਖਣਾ ਆਪਣੀ ਸਵਾਰਥ-ਸਿੱਧੀ ਲਈ ਇਸ ਦੀ ਰੂਹ ਨਾਲ ਖਿਲਵਾੜ ਕਰ ਰਿਹਾ ਹੈ। ਇੰਜ ਲਗਦਾ ਹੈ ਕਿ ਇਸ ਦੇਸ਼ ਵਿਚ ਉਹ ਭਾਰਤਵਾਸੀ ਵਾਸ ਨਹੀਂ ਕਰਦੇ ਜਿਹੜੇ ਇਸ ਦੇ ਸੰਵਿਧਾਨ ਦੀ ਮਹਤੱਤਾ ਨੂੰ ਸਮਝ ਕੇ ਇਸ ਨੂੰ ਬਣਦੀ ਜੁਮੇਂਵਾਰੀ ਨਾਲ ਚਲਾ ਸਕਣ। ਭਾਵੇਂ ਪੰਜਾਬ ਹੋਵੇ ਜਾਂ ਕੋਈ ਹੋਰ ਪਰਦੇਸ਼, ਬਹੁਤੇ ਲੋਕ ਇਸ ਨੂੰ ਬਾ-ਇਜ਼ਤ ਚਲਾਉਣ ਦੀ ਥਾਂ ਰਾਜ-ਸੱਤਾ ਤੇ ਨਿਜ਼ੀ ਲਾਭਾਂ ਦੀ ਪ੍ਰਾਪਤੀ ਲਈ ਉਧਾਲਣ ਤੇ ਤੁਲੇ ਹੋਏ ਹਨ। ਅਜਿਹਾ ਕਰਦੇ ਕਰਦੇ ਭਾਰਤ ਦੇ ਲੱਗ ਭੱਗ ਸਭ ਰਾਜਨੀਤਕ ਦਲਾਂ ਦੇ ਸੰਚਾਲਕ ਦੋਹਰੇ ਕਿਰਦਾਰ ਦੇ ਮਾਲਕ ਬਣ ਗਏ ਹਨ। ਉਹ ਕਹਿੰਦੇ ਕੁਝ ਹਨ ਤੇ ਕਰਦੇ ਕੁਝ ਹੋਰ। ਇਨ੍ਹਾਂ ਹੀ ਲੀਹਾਂ ਤੇ ਚਲਦੇ ਪੰਜਾਬ ਦੇ ਨੇਤਾ ਵੀ ਜਨਤਾ ਨਾਲ ਫਰੇਬ ਕਰਦੇ ਆ ਰਹੇ ਹਨ। ਸਪੇਦਪੋਸ਼ੀ ਵਰਗ ਦੀ ਜ਼ਮੀਰ ਸੌਂ ਗਈ ਹੈ, ਸੋਚ ਪਲਟ ਗਈ ਹੈ ਤੇ ਉਹ ਅੱਤ ਦੇ ਸਵਾਰਥੀ ਹੋ ਕੇ ਅਪਰਾਧਜਨਕ ਸਥਿਤੀ ਵਿਚ ਪਹੁੰਚ ਗਏ ਹਨ। ਉਹ ਹਰ ਗੱਲ ਵਿਚ ਨਾਂ ਤਾਂ ਗੁਰੂਆਂ, ਰਿਸ਼ੀਆਂ ਤੇ ਪੀਰਾਂ ਪੈਗੰਬਰਾਂ ਦਾ ਲੈਂਦੇ ਹਨ ਪਰ ਵੋਟ ਬਟੋਰਨ ਲਈ ਛਲ-ਕਪਟ ਦਾ ਖੁਲ੍ਹਾ ਸਹਾਰਾ ਲੈਂਦੇ ਹਨ। ਉੱਤੋਂ ਧਰਮ ਦਾ ਪਹਿਰਾਵਾ ਪਹਿਨਦੇ ਹਨ ਹੇਠੋਂ ਨਸ਼ੀਲੇ ਪਦਾਰਥ ਜਾਂ ਨੋਟ ਵਰਤਾ ਕੇ ਵੋਟਾਂ ਖਰੀਦਣ ਦਾ ਧੰਦਾ ਕਰਦੇ ਹਨ। ਲੋਕਾਂ ਨੂੰ ਤੱਰਕੀ ਤੇ ਰੋਜ਼ਗਾਰ ਦੇ ਸਬਜ਼ਬਾਗ ਦਿਖਾ ਕੇ ਤਾਕਤ ਹਥਿਆਉਂਦੇ ਹਨ। ਸਰਕਾਰੀ ਪ੍ਰਾਜੈਕਟਾਂ ਵਿਚੋਂ ਹਿੱਸਾ ਭਾਲਦੇ ਹਨ ਤੇ ਸਰਕਾਰੀ ਧੰਦੇ ਖਤਮ ਕਰ ਕੇ ਨਿਜ਼ੀ ਧੰਦੇ ਖੋਹਲਦੇ ਹਨ। ਉਹ ਰਿਸ਼ਵਤਾਂ ਲੈ ਕੇ ਅਸਾਮੀਆਂ ਭਰਦੇ ਹਨ ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਥਾਂ ਲੋਕਾਂ ਨੂੰ ਖਾਧ ਸਮਗਰੀ ਦੀ ਭੀਖ ਦੇ ਕੇ ਟਾਲ ਛਡਦੇ ਹਨ। ਉਹ ਆਪਣੇ ਸਰਬਜਨਕ ਜੀਵਨ ਵਿਚ ਝੂਠ ਬੋਲਦੇ ਹਨ, ਟੈਕਸ ਚੋਰੀ ਕਰਦੇ ਹਨ, ਨਿਜ਼ੀ ਵਪਾਰ ਚਲਾਉਂਦੇ ਹਨ, ਕਾਲੀ ਪੂੰਜੀ ਇਕਠੀ ਕਰਦੇ ਹਨ ਤੇ ਬੇਨਾਮੀ ਮਿਲਖਾਂ ਬਣਾਉਂਦੇ ਹਨ। ਮੁੱਠੀ ਭਰ ਨੇਤਾਗਣ ਤੇ ਉੱਤ-ਵਰਗੀ ਲੋਕ ਵਾਰੋ ਵਾਰੀ ਸੱਤਾ ਵਿਚ ਆ ਕੇ ਆਮ ਲੋਕਾਂ ਦੀ ਹੋਣੀ ਤੇ ਸਿਆਹੀ ਫੇਰਦੇ ਹਨ ਤੇ ਉਹਨਾਂ ਨੂੰ ਪੁਸ਼ਤਾਂ ਤੀਕਰ ਭੁਖਮਰੇ ਬਣਾ ਕੇ ਰੱਖਣ ਦੀ ਵਿਧੀ ਉਲੀਕਦੇ ਹਨ। ਉਹ ਸਰਵਜਨਿਕ ਤੱਰਕੀ ਤੇ ਲੋਕ ਕਲਿਆਣ ਦੇ ਮੁੱਦੇ ਜਾਂ ਤਾਂ ਪਕੜਦੇ ਹੀ ਨਹੀਂ ਜੇ ਪਕੜਦੇ ਹਨ ਤਾਂ ਅਮਲ ਨਹੀਂ ਕਰਦੇ। ਜਿੰਨਾ ਕੁ ਵਿਕਾਸ ਲੋਕ ਲਾਜ ਨੂੰ ਕਰਦੇ ਹਨ ਉਸ ਦੀਆਂ ਅਧੀਆਂ ਗ੍ਰਾਂਟਾਂ ਆਪ ਡਕਾਰ ਜਾਂਦੇ ਹਨ। ਕਾਨੂੰਨ ਦੀ ਇਹਨਾਂ ਨੂੰ ਕੋਈ ਪ੍ਰਵਾਹ ਨਹੀਂ ਹੈ ਕਿਉਂਕਿ ਕਾਨੂੰਨ ਬਨਾਉਣਾ ਤੇ ਲਾਗੂ ਕਰਨਾ ਇਹਨਾਂ ਦੇ ਆਪਣੇ ਹੱਥ ਵਿਚ ਹੈ। ਉਂਜ ਆਪਣੇ ਕਾਨੂੰਨੀ ਬਚਾਓ ਲਈ ਇਹ ਨੇਤਾਗਣ ਭ੍ਰਿਸ਼ਟ ਅਫਸਰਸ਼ਾਹੀ ਤੇ ਪ੍ਰਸ਼ਾਸ਼ਨ ਦੀ ਮਿਲੀਭੁਗਤ ਨਾਲ ਕਈ ਚੋਰ ਮੋਰੀਆਂ ਤੇ ਬਚਾਓ ਰਾਹ ਲੱਭ ਕੇ ਰੱਖਦੇ ਹਨ। ਜਾਤ ਪਾਤ ਤੇ ਧਰਮ ਦੇ ਮੁੱਦਿਆਂ ਤੇ ਚੋਣਾਂ ਲੜਨੀਆਂ ਕਾਨੂੰਨਨ ਵਿਰਜਿਤ ਹਨ ਪਰ ਸੂਬੇ ਦੇ ਕਈ ਰਾਜਸੀ ਦਲ ਫਿਰ ਵੀ ਹਰ ਵਾਰ ਇਹਨਾਂ ਮੁੱਦਿਆਂ ਨੂੰ ਵਿਚ ਚੋਣਾਂ ਵਿਚ ਖੁਲ ਕੇ ਵਰਤਦੇ ਹਨ। ਜਨਤਾ ਦੇ ਜਜ਼ਬਾਤੀ ਸ਼ੋਸ਼ਣ ਦੇ ਇਹਨਾਂ ਨੂੰ ਕਈ ਹੋਰ ਰਾਹ ਵੀ ਪਤਾ ਹਨ। ਉਦਾਹਰਣ ਦੇ ਤੌਰ ਤੇ ਇਹ ਚੋਣਾਂ ਨੂੰ ਦੋ ਵਿਅਕਤੀਆਂ ਦੇ ਘੋਲ ਵਾਂਗੂੰ ਪੇਸ਼ ਕਰਦੇ ਹਨ ਤਾਂ ਜੋ ਮੱਤ ਦਾਤਾ ਮਤਦਾਨ ਨੂੰ ਕੇਵਲ ਇਕ ਜੁਝਾਰੂ ਖੇਡ ਸਮਝਦੇ ਹੋਏ ਉਹਨਾਂ ਨੂੰ ਵੋਟ ਪਾ ਦੇਣ। ਇਸੇ ਤਰ੍ਹਾਂ ਕਲਾ ਤੇ ਮਨੋਰੰਜਨ ਦੇ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਹਸਤੀਆਂ ਨੂੰ ਆਪਣੇ ਉਮੀਦਵਾਰਾਂ ਦੇ ਤੌਰ ਤੇ ਚੋਣ ਪ੍ਰਕ੍ਰਿਆ ਵਿਚ ਉਤਾਰਦੇ ਹਨ ਤਾਂ ਜੋ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਦੇ ਮੁੱਦੇ ਬਾਈਪਾਸ ਕਰਕੇ ਲੋਕ ਆਪਣੇ ਨਾਇਕ ਦੇ ਮਾਧਿਆਮ ਨਾਲ ਉਹਨਾਂ ਦੀ ਪਾਰਟੀ ਦੇ ਹੱਕ ਵਿਚ ਭੁਗਤ ਜਾਣ।

ਇਹਨਾਂ ਹਾਲਤਾਂ ਵਿਚ ਸਮੂਚਾ ਭਾਰਤੀ ਲੋਕਤੰਤਰ ਭ੍ਰਿਸਟ ਹੋ ਕੇ ਅਜਿਹੇ ਨਿਘਾਰ ਵਲ ਜਾ ਰਿਹਾ ਹੈ ਜਿਥੇ ਇਸ ਦੀਆਂ ਸਭ ਨੀਚ ਪ੍ਰਕ੍ਰਿਤੀਆਂ ਪੂਰੀ ਤਰ੍ਹਾਂ ਉਜਾਗਰ ਹੋ ਰਹੀਆਂ ਹਨ। ਪੰਜਾਬ ਵਿਚ ਤਾਂ ਇਹ ਨਸ਼ਾ-ਪ੍ਰਕੋਪ ਕਾਰਣ ਹੋਰ ਵੀ ਨਿਵਾਣ ਵਲ ਚੱਲਿਆ ਗਿਆ ਹੈ। ਜੇ ਆਪਣੀ ਗਿਰਾਵਟੀ ਅਵਸਥਾ ਵਿਚ ਕੋਈ ਲੋਕਤੰਤਰ ਡੈਮੋਗੋਗੀ ਬਣ ਜਾਂਦਾ ਹੈ ਤਾਂ ਪੰਜਾਬ ਦਾ ਲੋਕਤੰਤਰੀ ਢਾਂਚਾ ਪੂਰੀ ਤਰ੍ਹਾਂ ਕੁਰਪਟ ਤੇ ਡੈਮਾਗਾਗਿਕ ਹੋ ਚੁੱਕਿਆ ਹੈ। ਕਿਸੇ ਮਾੜੇ ਲੋਕਤੰਤਰ ਵਿਚ ਜੋ ਅਰਾਜਕਤਾ ਵਾਲੇ ਹਾਲਾਤ ਹੁੰਦੇ ਹਨ ਤਾਂ ਉਹ ਪੰਜਾਬ ਵਿਚ ਚੋਰੋਕਣੇ ਆ ਚੁੱਕੇ ਹਨ। ਜੇ ਕਿਸੇ ਗਿਰਾਵਟ ਵਲ ਜਾਂਦੇ ਰਾਜਤੰਤਰ ਵਿਚ ਕਾਨੂੰਨ ਦੇ ਸ਼ਾਸ਼ਨ ਦੀ ਥਾਂ ਵਿਅਕਤੀ ਜਾਂ ਜੁੰਡਲੀ ਦੀ ਧੱਕੇਸ਼ਾਹੀ ਪ੍ਰਧਾਨ ਹੁੰਦੀ ਹੈ ਤਾਂ ਉਹ ਪੰਜਾਬ ਵਿਚ ਕਈ ਸਾਲਾਂ ਤੋਂ ਪ੍ਰਧਾਨ ਚਲੀ ਆ ਰਹੀ ਹੈ। ਜੇ ਕਿਸੇ ਗਰਾਵਟ ਵਲ ਜਾਂਦੇ ਲੋਕਤੰਤਰ ਵਿਚ ਰਾਜਨੀਤੀ ਇਕ ਸਰਵਸ਼੍ਰੇਸ਼ਟ ਸਮਾਜਿਕ ਗਤੀਵਿਧੀ ਦੀ ਥਾਂ ਬਦਮਾਸ਼ਾਂ ਦੀ ਖੇਡ ਹੁੰਦੀ ਹੈ ਤਾਂ ਉਹ ਪੰਜਾਬ ਵਿਚ ਇਹ ਖੇਡ ਪੂਰੀ ਤਰ੍ਹਾਂ ਵਿਕਸਤ ਹੋ ਚੁੱਕੀ ਹੈ। ਅਰਸਤੂ ਕਹਿੰਦਾ ਹੈ ਕਿ ਜੇ ਕਿਸੇ ਸ਼ਾਸ਼ਨ ਵਿਚ ਸ਼ਾਸ਼ਕ ਲੋਕ ਹਿੱਤਾਂ ਦੀ ਥਾਂ ਆਪਣੇ ਨਿੱਜ਼ੀ ਹਿਤਾਂ ਦੀ ਪਾਲਣਾ ਲਈ ਰਾਜ ਕਰਨਾ ਸ਼ੁਰੂ ਕਰ ਦੇਣ ਤਾਂ ਇਹ ਲੋਕਤੰਤਰ ਦੇ ਖਾਤਮੇ ਦੀ ਨਿਸ਼ਾਨੀ ਹੈ। ਪੰਜਾਬ ਦੇ ਸ਼ਾਸਕ ਦਹਾਕਿਆਂ ਤੋਂ ਲੋਕ ਹਿਤਾਂ ਨੂੰ ਨਜ਼ਰ ਅੰਦਾਜ਼ ਕਰ ਕੇ ਰਿਸ਼ਵਤਖੋਰੀ ਤੇ ਨਿਜ਼ ਦੇ ਵਪਾਰ ਰਾਹੀਂ ਆਪਣੇ ਘਰ ਭਰਦੇ ਆ ਰਹੇ ਹਨ। ਕੋਈ ਅਜਿਹੀ ਸਰਕਾਰ ਨਹੀਂ ਆਈ ਜਿਸ ਦੇ ਸਮੇਂ ਵਿਚ ਘਪਲੇ ਨਾ ਹੋਏ ਹੋਣ। ਰਾਜਪ੍ਰਬੰਧ ਵਿਚ ਇਮਾਨਦਾਰੀ ਨਾਂ ਦੀ ਕੋਈ ਚੀਜ਼ ਨਹੀਂ ਰਹੀ।

ਇਮਾਨਦਾਰ ਕੋਈ ਵਿਅਕਤੀ ਉਦੋਂ ਤੀਕਰ ਹੀ ਹੈ ਜਦੋਂ ਤੀਕਰ ਉਸ ਨੂੰ ਹੱਥ ਨਾ ਪਾਇਆ ਗਿਆ ਹੋਵੇ। ਜਿਸ ਨੂੰ ਫਰੋਲੋ ਉਹੀ ਭ੍ਰਿਸਟ ਹੈ। ਇੱਥੇ ਕਿਸੇ ਵੀ ਘਪਲੇ ਵਿਚ ਇੰਜ ਨਹੀਂ ਹੋਇਆ ਕਿ ਨਿਰਪੱਖ ਪੜਤਾਲ ਹੋਈ ਹੋਵੇ ਤੇ ਦੋਸ਼ੀਆਂ ਨੂੰ ਸਜ਼ਾ ਮਿਲੀ ਹੋਵੇ। ਹੱੜਪੀਆਂ ਰਕਮਾਂ, ਜ਼ਾਇਦਾਦਾਂ ਤੇ ਗੈਰ-ਕਾਨੂੰਨੀ ਢੰਗ ਨਾਲ ਬਟੋਰਿਆ ਧਨ ਸਰਕਾਰੀ ਖਜ਼ਾਨੇ ਵਿਚ ਵਾਪਸ ਲਿਆਉਣਾ ਤਾਂ ਬੜੇ ਦੂਰ ਦੀ ਗੱਲ ਹੈ। ਸਭ ਸ਼ਾਸ਼ਕ ਦਲ ਇਕ ਦੂਜੇ ਨਾਲ ਭਾਈਵਾਲੀ ਨਿਭਾਉਂਦੇ ਹੋਏ ਇਕ ਦੂਜੇ ਦੇ ਘਪਲਾ ਦੋਸ਼ੀਆਂ ਨੂੰ ਬਚਾਉਂਦੇ ਚਲੇ ਆ ਰਹੇ ਹਨ। ਕਿਤੇ ਕੇਸਾਂ ਦੀ ਉੱਚ-ਪੱਧਰੀ ਜਾਂਚ ਹੋਣ ਤੋਂ ਰੋਕਿਆ ਜਾਂਦਾ ਹੈ, ਕਿਤੇ ਗਵਾਹ ਮੁਕਰਾਏ ਜਾਂਦੇ ਹਨ ਤੇ ਕਿਤੇ ਕੇਸ ਉੱਕਾ ਹੀ ਵਾਪਸ ਲੈ ਲਏ ਜਾਂਦੇ ਹਨ। ਅਰਸਤੂ ਦੇ ਕਥਨ ਵਲ ਝਾਤ ਮਾਰ ਕੇ ਅੰਦਾਜ਼ਾ ਲਾਇਆਂ ਪਤਾ ਲਗਦਾ ਹੈ ਕਿ ਇਹ ਲੋਕ ਤੰਤਰ ਅੱਤਅੰਤ ਬੀਮਾਰ ਹੈ।

ਇਸ ਮੌਜੂਦਾ ਸਥਿਤੀ ਲਈ ਸਾਸ਼ਕ, ਨੇਤਾਗਣ ਤੇ ਮੱਤ ਦਾਤਾ ਸਭ ਬਰਾਬਰ ਦੇ ਜੁੰਮੇਵਾਰ ਹਨ। ਇਹਨਾਂ ਵਿਚੋਂ ਬਹੁਤਿਆਂ ਨੂੰ ਸੰਵਿਧਾਨ ਤੇ ਰਾਜਨੀਤੀ ਦੇ ਬੁਨਿਆਦੀ ਤੱਤਾਂ ਦਾ ਪਤਾ ਹੀ ਨਹੀਂ, ਕੁਝ ਜਾਣ ਕੇ ਅਣਜਾਣ ਹਨ ਤੇ ਕੁਝ ਹੌਲੀ ਹੌਲੀ ਤਿਸਲਦੇ ਅਜਿਹੀ ਸਥਿੱਤੀ ਵਿਚ ਪਹੁੰਚ ਗਏ ਹਨ ਜਿੱਥੇ ਰਾਜਨੀਤੀ ਦੇ ਬੁਨਿਆਦੀ ਅਰਥਾਂ ਦਾ ਜਾਣਨਾ ਹੀ ਬੇਅਰਥ ਹੋ ਜਾਂਦਾ ਹੈ। ਕੋਈ ਦੱਸੇ ਕਿ ਕੀ ਪਲੈਟੋ, ਲਾਕ, ਬੈਂਥਮ, ਮਿੱਲ ਤੇ ਲਾਸਕੀ ਜਿਹੇ ਵਿਦਵਾਨਾਂ ਦੇ ਵਿਚਾਰਾਂ ਨੂੰ ਜਾਨਣ ਤੋਂ ਬਿਨਾਂ ਕਿਸੇ ਸਮਾਜ ਸੇਵਕ ਜਾਂ ਰਾਜਸੀ ਨੇਤਾ ਦਾ ਮਸਤਕ ਖੁਲ੍ਹ ਸਕਦਾ ਹੈ? ਕਹਿਣ ਨੂੰ ਪ੍ਰਦੇਸ਼ ਦੀ 70 ਫੀ ਸਦੀ ਆਬਾਦੀ ਪੜ੍ਹੀ ਲਿਖੀ ਹੈ ਪਰ ਇਸ ਦੇ ਬਾਵਜ਼ੂਦ ਕਿੰਨੇ ਕੁ ਅਜਿਹੇ ਨੇਤਾ ਜਾਂ ਵੋਟਰ ਹਨ ਜਿਹਨਾਂ ਨੇ ਇਹਨਾਂ ਲੇਖਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਪੜ੍ਹਿਆ ਹੈ? ਪੜ੍ਹਨਗੇ ਵੀ ਕਿਵੇਂ, ਬਹੁਤੇ ਤਾਂ ਇਸ ਦੇ ਸਮਰੱਥ ਹੀ ਨਹੀਂ ਹਨ। ਪੜ੍ਹੇ ਲਿਖੇ ਕਹਾਉਣ ਵਾਲਿਆਂ ਵਿਚੋਂ 40 ਪ੍ਰਤੀਸ਼ਤ ਅਨਪੜ੍ਹ ਤੇ ਸਕੂਲ- ਡ੍ਰਾਪ ਆਊਟ ਹਨ ਜਿਹਨਾਂ ਨੂੰ ਕੋਈ ਸਾਰਥਿਕ ਸਿਖਿਆ ਹਾਸਲ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਮਾਧਿਅਮਕ ਸਿਖਿਆ ਵਾਲੇ ਚਾਲੀ ਪ੍ਰਤੀਸ਼ਤ ਵੀ ਇਸ ਤੋਂ ਕੋਰੇ ਹਨ ਕਿਉਂਕਿ ਸਕੂਲਾਂ ਕਾਲਜਾਂ ਵਿਚ ਲਾਹੇਵੰਦ ਸਮਾਜਕ ਸਿਖਿਆ ਪੜਾਈ ਹੀ ਨਹੀਂ ਜਾਂਦੀ। ਸਮਾਜਿਕ ਸਿਖਿਆ ਤੇ ਰਾਸ਼ਟਰੀਅਤਾ ਦੇ ਨਾਂ ਤੇ ਧਰਮ ਜਾਂ ਸੰਪਰਦਾਇਕਵਾਦ ਵਿਚ ਭਿੱਜੇ ਲੇਖ ਤੇ ਜੀਵਨੀਆਂ ਪੜਾਏ ਜਾਂਦੇ ਹਨ ਜੋ ਵਿਦਿਆਰਥੀਆਂ ਦੇ ਵਿਚਾਰਾਂ ਨੂੰ ਸੰਕੀਰਣਤਾ ਦੀ ਰੰਗਤ ਵਿਚ ਰੰਗ ਦੇਂਦੇ ਹਨ। ਕਾਲਜ਼ਾਂ ਯੂਨੀਵਰਸਿਟੀਆਂ ਵਿਚ ਪਹੁੰਚਣ ਵਾਲੇ 10 ਪ੍ਰਤੀਸ਼ਤ ਵਿਦਿਆਰਥੀਆਂ ਨੂੰ ਵੀ ਸਮਾਜ਼ਿਕ ਵਿਗਿਆਨ ਦੀ ਸਿਖਿਆ ਨੇੜਿਓਂ ਨਹੀਂ ਛੋਂਹਦੀ ਕਿਉਂਕਿ ਉਦੋਂ ਤੀਕਰ ਉਹ ਯਥਾਰਥ ਤੋਂ ਬੜਾ ਉਪਰ ਉਠ ਚੁੱਕੇ ਹੁੰਦੇ ਹਨ। ਉਸ ਵੇਲੇ ਉਹ ਜੋ ਵੀ ਪੜਦੇ, ਲਿਖਦੇ ਤੇ ਸੋਚਦੇ ਹਨ ਉਹ ਸਮਾਜ਼ ਕਲਿਆਣ ਹਿੱਤ ਲਈ ਨਹੀਂ ਸਗੋਂ ਆਪਣੇ ਕੈਰੀਅਰ ਲਈ ਕਰਦੇ ਹਨ। ਸਮਾਜ਼ ਤੇ ਰਾਸ਼ਟਰ ਦੇ ਨਾਂ ਤੇ ਤਾਂ ਸਗੋਂ ਇਹ ਬੁਧੀਜੀਵੀ ਹੱਸਦੇ ਹਨ! ਰਾਜਸੱਤਾ ਤੇ ਕਾਬਜ ਪਾਰਟੀਆਂ ਉੱਚ ਪੜਾਈ ਦੇ ਖੇਤਰ ਵਿਚ ਦਖਲਅੰਦਾਜ਼ੀ ਕਰ ਕੇ ਬਲਦੀ ਤੇ ਤੇਲ ਪਾਉਣ ਦਾ ਕੰਮ ਕਰਦੀਆਂ ਹਨ। ਇਸ ਲਈ ਪਾਠਸ਼ਾਲਾ ਤੋਂ ਲੈ ਕੇ ਉਤਲੇ ਪਧਰ ਤੀਕ ਰਾਜਨੀਤੀ ਬਾਰੇ ਧਨਆਤਮਿਕ ਕਦਰਾਂ ਕੀਮਤਾਂ ਦਾ ਪ੍ਰਸਾਰ ਨਾਂਹ ਦੇ ਬਰਾਬਰ ਹੁੰਦਾ ਹੈ। ਰਾਜਨੀਤੀ ਦੇ ਬਹੁਤ ਸਾਰੇ ਨਵੇਂ ਚੇਲੇ ਰਾਜਨੀਤਕ ਦਲਾਂ ਰਾਹੀਂ ਹੀ ਪ੍ਰਵੇਸ਼ ਕਰਦੇ ਹਨ। ਇਹਨਾਂ ਦੀ ਭਰਤੀ ਵੇਲੇ ਸਭ ਦਲ ਚੰਗੇ ਮਾੜੇ ਦਾ ਗਿਆਨ ਤੇ ਸਮਾਜਭਲਾਈ ਦੇ ਮਿਆਰ ਨੂੰ ਛੱਡ, ਉਹਨਾਂ ਦੀ ਰਾਹੇ ਕੁਰਾਹੇ ਵੋਟ ਬੈਂਕ ਮਜ਼ਬੂਤ ਕਰਨ ਦੀ ਮੁਹਾਰਤ ਨੂੰ ਹੀ ਮੁਖ ਰਖਦੇ ਹੈ।

ਕੀ ਕਦੇ ਜਾਤ ਪਾਤ, ਧਰਮ ਤੇ ਭਾਸ਼ਾ ਆਦਿ ਦੇ ਮੁੱਦਿਆਂ ਤੇ ਰਾਜਨੀਤੀ ਕਰਨ ਨਾਲ ਸਮਾਜ ਕਲਿਆਣ ਅਤੇ ਆਰਥਿਕ ਉੱਨਤੀ ਹੋ ਸਕਦੀ ਹੈ? ਕਦੇ ਨਹੀਂ। ਪਰ ਅਜਿਹਾ ਕਰਨ ਨਾਲ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਕੇ ਵੋਟਾਂ ਦਾ ਜੋੜ ਤੋੜ ਬਹੁਤ ਸੌਖਾ ਹੋ ਜਾਂਦਾ ਹੈ। ਬੱਸ ਇਹੀ ਕਰਦੇ ਹਨ ਤੇ ਇਹੀ ਕਰਨ ਦੀ ਸਿਖਿਆ ਦੇਂਦੇ ਹਨ ਇਹ ਰਾਜਨੀਤਕ ਦਲ। ਕੋਈ ਕਹਿੰਦਾ ਹੈ ਸਾਡਾ ਧਰਮ ਖਤਰੇ ਵਿਚ ਹੈ, ਕੋਈ ਕਹਿੰਦਾ ਹੈ ਸਾਡੀ ਬੋਲੀ ਖਤਰੇ ਵਿਚ ਹੈ। ਕੋਈ ਕਹਿੰਦਾ ਹੈ ਸਾਡਾ ਧਰਮ ਤੇ ਰਾਜਨੀਤੀ ਇੱਕਠੇ ਹਨ। ਕੋਈ ਕਹਿੰਦਾ ਹੈ ਅਸੀਂ ਦਲਿਤ ਜਾਤੀਆਂ ਦੀ ਪ੍ਰਤੀਨਿੱਧਤਾ ਕਰਦੇ ਹਾਂ ਤੇ ਉਹਨਾਂ ਦਾ ਕਲਿਆਣ ਅਸੀਂ ਹੀ ਕਰ ਸਕਦੇ ਹਾਂ। ਕੁਝ ਇਕ ਧਾਰਮਿਕ ਆਜ਼ਾਦੀ ਦੇ ਨਾਂ ਤੇ ਨਵੇਂ ਰਾਜ ਦੀ ਸਥਾਪਨਾ ਦਾ ਬੀੜਾ ਚੁੱਕੀ ਫਿਰਦੇ ਹਨ। ਮਨੋਰਥ ਸਭ ਦਾ ਇਕੋ ਹੈ- ਵੋਟ, ਵੋਟ, ਵੋਟ। ਤੇ ਫਿਰ ਵੋਟ ਤੋਂ ਬਾਦ ਗੱਦੀ ਤੇ ਗੱਦੀ ਤੋਂ ਬਾਦ ਨੋਟ। ਇਹਨਾਂ ਗੱਲਾਂ ਦਾ ਨਾਲ ਆਮ ਆਦਮੀ ਦਾ ਕੀ ਭਲਾ ਹੋ ਸਕਦਾ ਹੈ! ਰਾਜਨੀਤੀ ਦੇ ਇਸ ਰਸਤੇ ਪਿਆਂ ਸਮਾਜਿਕ ਜੁਮੇਂਵਾਰੀ, ਲੋਕ ਕਲਿਆਣ, ਸਮੂਹਿਕ ਵਿਕਾਸ਼ ਤੇ ਉੱਚ-ਜਨਤਕ ਕਿਰਦਾਰ ਦੇ ਪੜਾਅ ਤਾਂ ਆਉਂਦੇ ਹੀ ਨਹੀਂ। ਇਹਨਾਂ ਗੱਲਾਂ ਨਾਲ ਤਾਂ ਸੰਪਰਦਾਇਕਵਾਦ ਪੈਦਾ ਹੋ ਸਕਦਾ ਹੈ ਜਿਸ ਦਾ ਸ਼ਿਕਾਰ ਪੰਜਾਬ ਦਾ ਹਰ ਸ਼ਹਿਰੀ ਆਜ਼ਾਦੀ ਤੋਂ ਲੈ ਕੇ ਹੁਣ ਤੀਕਰ ਹੁੰਦਾ ਆ ਰਿਹਾ ਹੈ। ਇਸੇ ਸੰਪਰਦਾਇਕ ਮਾਹੌਲ ਵਿਚ ਅਜੋਕੀ ਪੰਜਾਬੀ ਜਨ ਸੰਖਿਆ ਦਾ ਸਮਾਜੀਕਰਣ ਹੋਇਆ ਹੋਇਆ ਹੈ। ਬੋਲਦੇ ਭਾਵੇਂ ਸਭ ਪੰਜਾਬੀ ਭਾਸ਼ਾ ਹਨ ਪਰ ਜਿਹਨਾਂ ਦਾ ਧਰਮ ਗ੍ਰੰਥ ਜਿਸ ਭਾਸ਼ਾ ਵਿਚ ਲਿਖਿਆ ਹੋਇਆ ਹੋਏ ਹਨ ਉਹ ਉਸੇ ਭਾਸ਼ਾ ਨੂੰ ਹੀ ਆਪਣੀ ਮਾਤ ਭਾਸ਼ਾ ਦਸਦੇ ਹਨ। ਰਾਜਨੀਤੀ ਵਿਚ ਵੀ ਲੋਕ ਬਹੁਤਾ ਇਸੇ ਆਧਾਰ ਤੇ ਸੋਚਦੇ ਹਨ ਤੇ ਵੋਟ ਪਾਉਦੇ ਹਨ। ਜਨਤਾ ਦਾ ਸਿੱਖ ਸੰਪਰਦਾਏ ਵਾਲਾ ਹਿੱਸਾ ਆਪਣੇ ਆਪ ਨੂੰ ਪੰਜਾਬੀ ਭਾਸ਼ਾ ਅਤੇ ਖੇਤੀ ਬਾੜੀ ਦੇ ਦਿਹਾਤੀ ਧੰਦੇ ਨਾਲ ਜੋੜਦਾ ਹੈ। ਹਿੰਦੂ ਸੰਪਰਦਾਏ ਵਾਲਾ ਹਿੱਸਾ ਆਪਣੀ ਜ਼ਬਾਨ ਹਿੰਦੀ ਦੱਸਦਾ ਹੈ ਤੇ ਇਹ ਆਪਣੇ ਆਪ ਨੂੰ ਵਪਾਰ, ਸੱਨਅਤ ਤੇ ਸ਼ਹਿਰੀ ਜੀਵਨ ਨਾਲ ਜੁੜਿਆ ਹੋਇਆ ਮੰਨਦਾ ਹੈ। ਪਹਿਲੇ ਤਬਕੇ ਨੂੰ ਖੇਤੀ ਬਾੜੀ ਤੇ ਪੇਂਡੂ ਵਿਕਾਸ਼ ਦੇ ਮਸਲੇ ਹੀ ਅਤਿ ਮਹਤਵਪੂਰਣ ਲਗਦੇ ਹਨ ਤੇ ਦੂਜੇ ਤਬਕੇ ਨੂੰ ਵਪਾਰ, ਸੱਨਅਤ ਤੇ ਸ਼ਹਿਰੀ ਆਵਾਸ ਦੇ ਮਸਲੇ। ਪਾਣੀਆਂ ਦਾ ਮਸਲਾ ਭਾਵੇਂ ਪੂਰੇ ਪ੍ਰਦੇਸ਼ ਦੀ ਆਰਥਿਕਤਾ ਨਾਲ ਸੰਬੰਧ ਰੱਖਦਾ ਹੈ ਪਰ ਹਿੰਦੀ ਬੋਲਦਾ ਸ਼ਹਿਰੀ ਤਬਕਾ ਇਸ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਰੱਖਦਾ। ਇਸੇ ਤਰ੍ਹਾਂ ਪੰਜਾਬੀ ਬੋਲਦਾ ਦਿਹਾਤੀ ਹਿੱਸਾ ਉਦਯੋਗਿਕ ਤਰੱਕੀ ਤੇ ਸ਼ਹਿਰੀ ਵਿਕਾਸ਼ ਦੇ ਮੁੱਦਿਆਂ ਨਾਲ ਕੋਈ ਬਹੁਤਾ ਲੈਣ ਦੇਣ ਨਹੀ ਰੱਖਦਾ।

ਵਿਆਪਕ ਅਨਪੜਤਾ ਤੇ ਉਲਾਰ ਸਮਾਜੀਕਰਣ ਦੀ ਅਜਿਹੀ ਸਥਿੱਤੀ ਵਿਚ ਵੋਟਰਾਂ ਦੀ ਰਾਜਨੀਤਕ ਚੇਤਨਤਾ ਵੀ ਆਪਣੇ ਆਲੇ ਦੁਆਲੇ ਚੋਂ ਭਾਵ ਮਿੱਤਰਾਂ, ਸਹਿਪਾਠੀਆਂ, ਸਹਿਕਰਮੀਆਂ ਤੇ ਮੀਡੀਆ ਤੋਂ ਪ੍ਰਾਪਤ ਜਾਣਕਾਰੀ ਤੇ ਹੀ ਨਿਰਭਰ ਕਰਦੀ ਹੈ। ਚਾਰੇ ਪਾਸੇ ਭ੍ਰਿਸ਼ਟਾਚਾਰ, ਧਕਾਸ਼ਾਹੀ, ਸੱਤਾ-ਪ੍ਰਾਪਤੀ ਦੀ ਦੌੜ, ਨਸ਼ਾ-ਪ੍ਰਵਿਰਤੀ ਤੇ ਗੁੰਡਾਗਰਦੀ ਦਾ ਵਾਤਾਵਰਣ ਹੋਣ ਕਰਕੇ ਉਹ ਅਜਿਹਾ ਕੁਝ ਹੀ ਸਿੱਖਦੇ ਹਨ। ਵਿਸਤ੍ਰਿਤ ਤੇ ਡੂੰਘੇ ਅਕਾਦਮਿਕ ਅਧਿਐਨ ਦੀ ਅਣਹੋਂਦ ਵਿਚ ਉਹ ਇਸ ਸਭ ਕੁਝ ਨੂੰ ਬਿਨਾਂ ਕਿਸੇ ਨਿਰਿਖਣ ਤੋਂ ਮਨ ਵਿਚ ਧਾਰਣ ਕਰ ਲੈਂਦੇ ਹਨ। ਚੋਣਾਂ ਵੇਲੇ ਸੱਤਾ ਦੇ ਭੁੱਖੇ ਲੀਡਰਾਂ ਦੇ ਪ੍ਰਲੋਭਨਾਂ ਤੇ ਅੰਬਰੀ ਵਾਹਦਿਆਂ ਦੇ ਸ਼ਬਦ ਜਾਲਾਂ ਨੂੰ ਉਹ ਰਵਾਇਤੀ ਗੱਲਾਂ ਹੀ ਸਮਝਦੇ ਹਨ। ਚੋਣਾਂ ਬਾਅਦ ਵਾਅਦੇ ਪੂਰੇ ਨਾ ਹੋਣ ਦੀ ਸੂਰਤ ਵਿਚ ਇਹੀ ਵੋਟਰ ਧਰਨੇ, ਜਲੂਸ, ਹੜਤਾਲਾਂ, ਅੱਗਾਂ, ਤੋੜ ਭੰਨ ਤੇ ਹੋਰ ਅਪਰਾਧੀ ਕਾਰਵਾਈਆਂ ਨੂੰ ਰਾਜਨੀਤਕ ਹਥਿਆਰ ਬਣਾ ਕੇ ਉਹਨਾਂ ਵਿਰੁਧ ਲੜਦੇ ਹਨ। ਅਗਲੀ ਵਾਰੀ ਇਹ ਨਿਕਟ-ਅੰਦੇਸ ਵੋਟਰ ਕਿਸੇ ਦੂਜੇ ਦਲ ਦੇ ਲਾਰਿਆਂ ਨੂੰ ਸਿਰ ਮੱਥੇ ਧਰ ਲੈਂਦੇ ਹਨ। ਉਹ ਸੱਤਾਧਾਰੀਆਂ ਨੂੰ ਤਾਂ ਬਦਲ ਦੇਂਦੇ ਹਨ ਪਰ ਸੱਤਾ ਦਾ ਮਨੋਰਥ ਨਹੀਂ ਬਦਲ ਸਕਦੇ। ਇੰਦਾਂ ਕਰਦੇ ਉਹ ਹਮੇਸ਼ਾ ਹੀ ਗੁਮਰਾਹ, ਸ਼ੱਕੀ ਤੇ ਬੇਉਮੀਦ ਬਣੇ ਰਹਿੰਦੇ ਹਨ। ਕਈ ਬਹੁਤੇ ਲਾਚਾਰ ਤਾਂ ਸਮਾਜਕ ਨਿਆਂ ਦੀ ਅਣਹੋਂਦ ਵਿਚ ਖੁਦਕਸ਼ੀਆਂ ਦੇ ਰਾਹ ਹੀ ਪੈ ਜਾਂਦੇ ਹਨ। ਜਿਉਂਦੇ ਰਹਿਆਂ ਨੂੰ ਸਾਰੇ ਰਾਜਸੀ ਦਲ ਇਕੋ ਜਿਹੇ ਲਗਦੇ ਹਨ। ਉਹ ਇਹਨਾਂ ਨੂੰ ਹੀ ਆਪਣਾ ਇਤਿਹਾਸ ਤੇ ਹੋਣੀ ਮੰਨਣ ਲਗ ਪਏ ਹਨ। ਉਹਨਾਂ ਦੀ ਚੰਗੇ ਮਾੜੇ ਦੀ ਪਰਖ-ਸ਼ਕਤੀ ਖਤਮ ਹੋ ਚੁੱਕੀ ਹੈ ਤੇ ਉਹਨਾਂ ਦਾ ਮਨੋਬਲ ਥੱਕ ਕੇ ਹਾਰਨ ਕਿਨਾਰੇ ਜਾ ਚੁੱਕਿਆ ਹੈ। ਲੋਕਾਂ ਦੇ ਟੁੱਟੇ ਮਨੋਬਲ ਨੂੰ ਇਕ ਸੁਲਝੇ ਹੋਏ ਰਾਜਨੀਤਕ ਵਿਸ਼ਲੇਸ਼ਕ ਦੀ ਨਿਮਨਲਿਖਤ ਟਿੱਪਣੀ ਤੋਂ ਵੱਧ ਕੋਈ ਨਹੀਂ ਦਰਸ਼ਾ ਸਕਦਾ।

ਨੋਟਬੰਦੀ ਉਪਰੰਤ ਬੈਂਕਾਂ ਅੱਗੇ ਲੱਗੀਆਂ ਚੁੱਪ ਚਾਪ ਲੰਮੀਆਂ ਲਾਈਨਾਂ ਨੂੰ ਵਿਖਾ ਕੇ ਕਿਸੇ ਨੇ ਇਕ ਭੂਤਪੂਰਵ ਕੌਮ-ਨਿਸ਼ਟ ਤੋਂ ਪੁੱਛਿਆ,"ਕਾਮਰੇਡ ਸਾਹਿਬ, ਹੁਣ ਮੁਲਕ ਵਿਚ ਇੰਨਕਲਾਬ ਬਾਰੇ ਕੀ ਕਹੋਗੇ?" ਅਗੋਂ ਉਸ ਨੇ ਜਵਾਬ ਦਿਤਾ, "ਇੰਕਲਾਬ ਦੀ ਗੱਲ ਕਰਨੀ ਅਸੀਂ ਕਾਫੀ ਦੇਰ ਤੋਂ ਛੱਡ ਦਿਤੀ ਹੈ। ਕਾਰਣ ਇਹ ਹੈ ਕਿ ਲੋਕਾਂ ਦਾ ਇਨਕਲਾਬੀ ਜ਼ਜ਼ਬਾ ਤੇ ਜ਼ੁਅਰਤ ਮਰ ਚੁੱਕੇ ਹਨ। ਹੁਣ ਤਾਂ ਨੌਬਤ ਇਥੋਂ ਤੀਕਰ ਆ ਗਈ ਹੈ ਕਿ ਜੇ ਸਰਕਾਰ ਅੱਜ ਇਹ ਹੁਕਮ ਕਰ ਦੇਵੇ ਕਿ ਸਭ ਦੇਸ਼ ਵਾਸੀਆਂ ਦੇ ਦਸ ਦਸ ਕੋੜੇ ਲਗਣੇ ਹਨ ਤਾਂ ਸਾਰੇ ਲੋਕ ਸਵੇਰ ਤੋਂ ਹੀ ਥਾਣਿਆਂ ਅੱਗੇ ਕੁਟ ਖਾਣ ਲਈ ਲਾਈਨਾਂ ਲਾ ਲੈਣਗੇ। ਕਈ ਤਾਂ ਦਰੋਗੇ ਨੂੰ ਰਿਸ਼ਵਤ ਦੇ ਕੇ ਤਰਲੇ ਕਰਨਗੇ ਕਿ ਉਹਨਾਂ ਨੂੰ ਕੋੜੇ ਪਹਿਲਾਂ ਲਾ ਦਿਤੇ ਜਾਣ ਕਿਉਂਕਿ ਉਹਨਾਂ ਨੇ ਜਲਦੀ ਕਿਤੇ ਜਾਣਾ ਹੈ।" ਇਹ ਕੋਈ ਚੁਟਕਲਾ ਨਹੀ ਹੈ ਅਸਲੀ ਘਟਨਾ ਹੈ। ਅਜਿਹੀ ਸੱਥਿਤੀ ਵਿਚ ਲੋਕਾਂ ਦੇ ਰਾਸ਼ਟਰੀ ਨਿਰਮਾਣ ਵਿਚ ਭਾਗ ਲੈ ਸਕਣ ਦੀ ਕੋਈ ਬਹੁਤੀ ਗੁੰਜਾਇਸ਼ ਨਹੀਂ।

ਮੌਜੂਦਾ ਸਥਿਤੀ ਦੇ ਨਰੋਏ ਪਾਸੇ ਵਲ ਪਲਟ ਖਾਣ ਦਾ ਇਕੋ ਇਕ ਰਾਹ ਦਿਖਾਈ ਦਿੰਦਾ। ਉਹ ਇਹ ਹੈ ਕਿ ਲੋਕਾਂ ਦੀਆਂ ਅਸੰਤੁਸ਼ਟ ਭਾਵਨਾਵਾਂ ਦੀ ਤਰਜ਼ਮਾਨੀ ਕਰਦੀ ਹੋਈ ਸਹਿਜ ਸਿੱਧ ਕੋਈ ਸਮਾਜ ਕਲਿਆਣ ਤੇ ਕਾਨੂੰਨੀ ਸ਼ਾਸ਼ਨ ਨੂੰ ਪਹਿਲ ਦੇਣ ਵਾਲੀ ਇਮਾਨਦਾਰ ਤੇ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਉੱਠੇ ਜੋ ਸੰਵਿਧਾਨਕ ਢੰਗ ਨਾਲ ਰਾਜਸੀ ਢਾਂਚੇ ਤੇ ਜਮੀ ਲੋਕ ਮਾਰੂ ਨੀਤੀਆਂ ਤੇ ਪੁੱਠੀਆਂ ਰਵਾਇਤਾਂ ਦੀ ਤਹਿ ਨੂੰ ਸਾਫ ਕਰਨ ਦਾ ਬੀੜਾ ਚੁੱਕੇ। ਸੁਭਾਗਵਸ ਅਜਿਹਾ ਕੁਝ ਹੋਣ ਦੇ ਆਸਾਰ ਸਾਹਮਣੇ ਆਏ ਹਨ। ਪਿਛਲੇ ਕੁਝ ਸਮੇਂ ਵਿਚ ਅਜੇਹੀ ਚੇਤਨਤਾ ਨੂੰ ਕਈ ਹੁੰਗਾਰੇ ਮਿਲੇ ਹਨ। ਇਸ ਦੇ ਫਲਸਰੂਪ ਹੁਣ ਭਾਰਤ ਦੀ ਆਮ ਆਦਮੀ ਪਾਰਟੀ ਅਜਿਹੀ ਹੀ ਲਹਿਰ ਦੇ ਪ੍ਰਤੀਕ ਵਜੋਂ ਉਭਰ ਕੇ ਸਾਹਮਣੇ ਆਈ ਹੈ।

ਇਹਨਾਂ ਉੱਭਰਦੀਆਂ ਪ੍ਰਸਥਿਤੀਆਂ ਕਾਰਣ 1917 ਦੀਆਂ ਪੰਜਾਬ ਚੋਣਾਂ ਇਤਿਹਾਸ ਵਿਚ ਇਕ ਵਿੱਲਖਣ ਸਥਾਨ ਰਖਦੀਆਂ ਹਨ। ਇਸ ਵਾਰ ਦੂਜੇ ਰਵਾਇਤੀ ਦਲਾਂ ਦੇ ਨਾਲ ਨਾਲ ਆਮ ਆਦਮੀ ਪਾਰਟੀ ਇੱਥੇ ਵੀ ਚੋਣ ਮੈਦਾਨ ਵਿਚ ਉਤਰੀ ਹੋਈ ਹੈ। ਕੇਜਰੀਵਾਲ ਦੀ ਅਗਵਾਈ ਵਿਚ ਇਹ ਪਾਰਟੀ ਦਿੱਲੀ ਪ੍ਰਦੇਸ਼ ਵਿਚ ਕਈ ਰੁਕਾਵਟਾਂ ਦੇ ਬਾਵਜੂਦ ਉੱਚ ਪਾਏ ਦੀ ਕਾਰਗੁਜ਼ਾਰੀ ਦਿਖਾ ਚੁੱਕੀ ਹੈ। ਉੱਥੇ ਇਸ ਦੀ ਹੂੰਝਾ ਫੇਰ ਜਿੱਤ, ਇਮਾਨਦਾਰ ਰਾਜਨੀਤਕ ਪ੍ਰਬੰਧ ਤੇ ਉੱਚ-ਮਿਆਰੀ ਕਲਿਆਣਕਾਰੀ ਕਾਰਜਾਂ ਨੇ ਇਸ ਉੱਤੇ ਖਰੀ ਗੁਣਵੱਤਾ ਦੀ ਮੋਹਰ ਲਾ ਦਿਤੀ ਹੋਈ ਹੈ। ਜੇ ਪੰਜਾਬ ਦੇ ਵੋਟਰ ਕਿਸੇ ਅਜਿਹੀ ਪਾਰਟੀ ਦੀ ਭਾਲ ਵਿਚ ਹਨ ਜੋ ਨੈਤਕ ਤੌਰ ਤੇ ਬੇਦਾਗ ਹੋਵੇ, ਰਿਸ਼ਵਤਖੋਰੀ ਦੀ ਦੁਸ਼ਮਨ ਹੋਵੇ, ਕਾਨੂੰਨ ਦਾ ਸ਼ਾਸ਼ਨ ਲਾਗੂ ਕਰਨ ਦਾ ਦਮ ਭਰਦੀ ਹੋਵੇ, ਸਮਾਜਕਲਿਆਣ ਲਈ ਬਚਨਬੱਧ ਹੋਵੇ, ਬੇਰੋਜ਼ਗਾਰਾਂ ਲਈ ਰੋਜ਼ਗਾਰ ਪੈਦਾ ਕਰ ਸਕਣ ਦੀ ਸਮਰਥਾ ਰਖਦੀ ਹੋਵੇ, ਆਰਥਕ ਵਿਕਾਸ਼ ਕਰਕੇ ਗਰੀਬੀ ਦੂਰ ਕਰਨ ਦਾ ਸੁਪਨਾ ਵੇਖਦੀ ਹੋਵੇ, ਨਸ਼ਿਆਂ ਤੇ ਗੁੰਡਾ-ਗਰਦੀ ਰਾਜ ਨੂੰ ਜੜ੍ਹੋਂ ਪੁਟਣ ਦਾ ਮਨਸੂਬਾ ਪਾਲਦੀ ਹੋਵੇ ਤਾਂ ਆਮ ਆਦਮੀ ਪਾਰਟੀ ਨਾਲ ਉਹਨਾਂ ਦੀ ਭਾਲ ਪੂਰੀ ਹੋ ਜਾਂਦੀ ਹੈ।

ਇਸ ਦੀ ਪਰਖੀ ਹੋਈ ਇਮਾਨਦਾਰ ਤੇ ਲੋਕ-ਪੱਖੀ ਰਾਜਨੀਤਕ ਪਹੁੰਚ ਨੇ ਕਿਆਸ ਅਰਾਈਆਂ ਲਈ ਕੁਝ ਨਹੀਂ ਛੱਡਿਆ। ਜਿਵੇਂ ਪ੍ਰੱਤਖ ਨੂੰ ਪਰਮਾਣ ਦੀ ਲੋੜ ਨਹੀਂ ਹੁੰਦੀ ਉਵੇਂ ਹੀ ਇਸ ਪਾਰਟੀ ਦੇ ਮਨੋਰਥਾਂ ਨੂੰ ਹੋਰ ਪਰਖਣ ਦੀ ਲੋੜ ਨਹੀਂ ਜਾਪਦੀ। ਇਸ ਪਾਰਟੀ ਦੇ ਪੰਜਾਬ ਆਉਣ ਨਾਲ ਚੜ੍ਹਦੀ ਕਲਾ ਦਾ ਭੱਵਿਖ ਇਸ ਪ੍ਰਦੇਸ਼ ਦੇ ਬੂਹੇ ਤੇ ਦਸਤਕ ਦੇ ਰਿਹਾ ਹੈ। ਇਥੋਂ ਦੇ ਮੱਤ-ਦਾਤਾਵਾਂ ਲਈ ਹੁਣ ਕਿਸੇ ਇਤਿਹਾਸਕ ਨਿਰਣੇ ਵਾਂਗ "ਜਦੇ ਜਾਂ ਕਦੇ" ਦੀ ਸਥਿਤੀ ਬਣੀ ਹੋਈ ਹੈ। ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਮੌਕ ਮੇਲ ਨਾਲ ਉੱਠੀ ਅਜਿਹੀ ਲਹਿਰ ਫਿਰ ਪਤਾ ਨਹੀਂ ਆਵੇ ਕਿ ਨਾ ਆਵੇ। ਹੁਣ ਤੀਕਰ ਹੋਏ ਸਰਵੇਖਣਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਮੱਤਦਾਤਾਵਾਂ ਦੇ ਮਨਾਂ ਵਿਚ ਜਮੀਨੀ ਸਮਝ ਦੇ ਆਸਾਰ ਪੁੰਗਰ ਤਾਂ ਰਹੇ ਹਨ। ਉਹ ਭਾਰੀ ਗਿਣਤੀ ਨਾਲ ਇਸ ਪਾਰਟੀ ਦਾ ਆਓ ਭਗਤ ਕਰ ਰਹੇ ਹਨ ਤੇ ਇਸ ਦੀਆਂ ਨੀਤੀਆਂ ਦਾ ਸਮਰਥਨ ਕਰ ਰਹੇ ਹਨ। ਇਹ ਪੰਜਾਬ ਹਿਤੈਸ਼ੀਆਂ ਲਈ ਆਸ਼ਾ ਦੀ ਗੱਲ ਹੈ। ਭਵਿਖ ਦੀ ਗੱਲ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਜੇ ਪੰਜਾਬ ਦਾ ਵੋਟਰ ਰਵਾਇਤੀ ਦਲਾਂ ਦੁਆਰਾ ਵਿਛਾਏ ਮਾਇਆਜਾਲ ਤੋਂ ਉਪਰ ਉਠ ਕੇ ਤੇ ਆਪਣੇ ਹੀ ਬਣਾਏ ਸ਼ਸ਼ੋ-ਪੰਜ ਦੇ ਭਰਮਜਾਲ ਚੋਂ ਬਾਹਰ ਨਿਕਲ ਕੇ, ਇਸ ਵਾਰ ਇਸ ਪਾਰਟੀ ਨੂੰ ਬਹੁਮਤ ਨਾਲ ਗਲੇ ਲਾ ਲੈਂਦਾ ਹੈ ਤਾਂ ਸ਼ਾਇਦ ਇਤਿਹਾਸ ਉਸ ਦੀਆਂ ਪਿਛਲੀਆਂ ਭੁੱਲਾਂ ਚੁੱਕਾਂ ਮੁਆਫ ਕਰ ਦੇਵੇ ਤੇ ਅਗਾਹਾਂ ਇਸ ਨੂੰ ਕਿਸਮਤ ਦੇ ਧਨੀ ਬਣਾ ਦੇਵੇ। ਪਰ ਜੇ ਉਹ ਪੁਰਾਣੇ ਦਲਾਂ ਦੀਆਂ ਚਾਲਾਂ ਵਿਚ ਆ ਕੇ ਇਸ ਵਾਰ ਵੀ ਠੇਡਾ ਖਾ ਗਿਆ ਤਾਂ ਉਸ ਦਾ ਇਕ ਅਜਿਹੀ ਤਿਸਲਵੀ ਦਲਦਲ ਵਿਚ ਡਿਗਣਾ ਬਹੁਤ ਯਕੀਨੀ ਹੈ ਜਿਥੋਂ ਉਹ ਸ਼ਾਇਦ ਜਲਦੀ ਬਾਹਰ ਨਾ ਆ ਸਕੇ।

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

# ਵਿਸ਼ਵ ਪ੍ਰਸਿੱਧ ਸ਼ਾਇਰ ਜਨਾਬ ਆਜ਼ਾਦ ਜਾਲੰਧਰੀ ਜੀ ਦੀਆਂ ਕੁਝ ਚੋਣਵੀਆਂ ਰਚਨਾਵਾਂ



ਆਜ਼ਾਦ ਜਲੰਧਰੀ
(408) 258-6532

## ਕੌਮ ਦਾ ਅਖ਼ਬਾਰ

ਜਿਹੜੀ ਕੌਮ ਦਾ ਆਪਣਾ
ਕੋਈ ਅਖ਼ਬਾਰ ਨਾ ਹੋਵੇ।

ਕਦੇ ਓਸਦਾ ਦੁਨੀਆਂ ਵਿਚ
ਸਤਿਕਾਰ ਨਾ ਹੋਵੇ।

ਕੌਮ ਵਤਨ ਦੀ ਸੇਵਾ ਦੇ
ਕਈ ਸਾਧਨ ਲੋਕੋ।

ਪੇਪਰ ਭੀ ਇਕ ਸਾਧਨ
ਜੇ ਬਿਉਪਾਰ ਨਾ ਹੋਵੇ।

ਖੁੱਹਲ ਕੇ ਗੱਲ ਕਰੋ ਆਪਣੀ
ਇਹ ਕੋਈ ਜੁਰਮ ਨਹੀਂ।

ਸਮਝਣਗੇ ਕੀ ਲੋਕ ਅਗਰ
ਇਜ਼ਹਾਰ ਨਾ ਹੋਵੇ।

ਸਾਂਝ ਵਿਚਾਰਾਂ ਦੀ ਅਕਸਰ
ਨਜ਼ਦੀਕ ਲਿਉਂਦੀ।

ਜੀਵਨ ਕਾਹਦੇ ਜੇ ਕੋਈ
ਸਾਥੀ ਸਾਰ ਨਾ ਹੋਵੇ।

ਕੌਮ ਦੇ ਲੇਖਿਕ ਸੱਭਿਚਾਰ ਦੀ
ਰਾਖੀ ਕਰਦੇ।

ਕੌਮ ਅਧੂਰੀ ਜੇਕਰ
ਸੱਭਿਆਚਾਰ ਨਾ ਹੋਵੇ।

ਪਿਆਰ/ਮੁਹੱਬਤ ਨਾਲ ਜੇ
ਮਿਲ ਕੇ ਚੱਲਣ ਕੌਮਾਂ

ਖੜ੍ਹੀ ਵਿਚਾਲੇ ਨਫਰਤ ਦੀ
ਦੀਵਾਰ ਨਾ ਹੋਵੇ।

ਔਹ ਕੀ ਸੇਵਾ ਕਰ੍ਹ
ਕੌਮ ਦੇ ਦਰਦ ਵੰਡਾਉ।

ਕੌਮ ਨਾਲ 'ਆਜ਼ਾਦ' ਜਿਹਨੂੰ
ਕੋਈ ਪਿਆਰ ਨਾ ਹੋਵੇ।

## ਮਨਾਏ ਗਏ ਗੁਰਗੱਦੀ ਦਿਵਸ ਦੀ ਵਧਾਈ

ਸਤਿਗੁਰ ਆਪ ਸਭ ਉਹਨਾਂ ਦੇ ਕਰਨ ਕਾਰਜ
ਬਾਣੀ ਦਿਲਾਂ ਵਿਚ ਜਿਹਨਾਂ ਬਸਾਈ ਹੋਵੇ।

ਜੀਵਨ ਉਹਨਾਂ ਦੇ ਖੁਸ਼ੀਆਂ ਦੇ ਨਾਲ ਬੀਤਣ
ਬਾਣੀ ਜਿਨਹਾਂ ਆਦਰਸ਼ ਬਣਾਈ ਹੋਵੇ।

ਨੇਹਰੇ ਦਿਲਾਂ ਦੇ ਕਿਉਂ ਨਾ ਦੂਰ ਹੋਵਣ
ਜੇਕਰ ਬਾਣੀ ਦੀ ਸ਼ਹਮਾ ਜਲਾਈ ਹੋਵੇ।

ਓਹਨੂੰ ਲੋੜ ਕੀ ਜੱਗ ਦੀਆਂ ਦੌਲਤਾਂ ਦੀ
ਜਿਹਨੇ ਨਾਮ ਦੀ ਦੌਲਤ ਕਮਾਈ ਹੋਵੇ।

ਦੁਨੀਆਂ ਕਿਉਂ ਨਾ ਕਰੇ ਸਤਿਕਾਰ ਓਹਦਾ
ਗੱਦੀ ਉਤੇ ਜੋ ਗੁਰਾਂ ਬਿਠਾਈ ਹੋਵੇ।

ਭਾਗਾਂ ਭਰਿਆ ਗੁਰ ਗੱਦੀ ਦਾ ਦਿਵਿਸ ਆਇਆ
ਸਾਰੇ ਜੱਗ ਨੂੰ 'ਆਜ਼ਾਦ' ਵਧਾਈ ਹੋਵੇ।

## ਸਿੱਖ ਮਿਸ਼ਨ

ਸਾਰੇ ਜਹਾਨ ਅੰਦਰ ਜਿਸਦਾ ਨਾ ਕੋਈ ਸਾਨੀ
ਸਿੱਖ ਮਿਸ਼ਨ ਦੇ ਗਏ ਨੇ ਗੁਰੂਆਂ ਦੀ ਮਿਹਰਬਾਨੀ।

ਅਗਿਆਨਤਾ ਦਾ ਛਾਇਆ ਜੱਗ ਤੇ ਸੀ ਜਦ ਹਨ੍ਹੇਰਾ
ਨਾਨਕ ਦੀ ਜੋਤ ਆ ਗਈ ਸੰਸਾਰ ਤੇ ਨੂਰਾਨੀ।

ਮਰਦਾਨੇ ਤਾਰ ਛੇੜੇ ਰੱਬੀ ਰਬਾਬ ਗੂੰਜੀ
ਨਾਨਕ ਨੇ ਮੌਜ ਅੰਦਰ ਗਾਈ ਇਲਾਹੀ ਬਾਣੀ।

ਹੱਕ ਮਾਰਨਾ ਕਿਸੇ ਦਾ ਸੂਅਰ ਤੇ ਗਾਂ ਬਰਾਬਰ
ਲਾਜ਼ਿਮ ਹੈ ਆਦਮੀ ਲਈ ਹੱਕ ਦੀ ਕਮਾਈ ਖਾਣੀ।

ਸੰਗਤ ਨੇ ਗੁਰ ਕਾ ਲੰਗਰ ਪੰਗਤ ਚਿ: ਬਹਿ ਕੇ ਛਕਣਾ
ਇੱਕੋ ਜਹੇ ਨੇ ਸਾਰੇ ਸੰਸਾਰ ਦੇ ਪਰਾਣੀ।

ਰੱਬ ਦਾ ਹੈ ਨਾਮ ਜਪਣਾ ਬਾਣੀ ਗੁਰਾਂ ਦੀ ਪੜ੍ਹਨੀ
ਸਭ ਦੀ ਹੈ ਖੈਰ ਮੰਗਣੀ ਸਿੱਖ ਮਿਸ਼ਨ ਦੀ ਨਿਸ਼ਾਨੀ।

ਤੱਤੀ ਤਬੀ ਤੇ ਬਹਿਣਾ, ਮੂੰਹੋਂ ਨਹੀਂ ਕੁਝ ਵੀ ਕਹਿਣਾ
ਰਹਿਣਾ ਰਜ਼ਾ ਚਿ: ਓਹਦੀ ਰਹਿਮਤ ਨਹੀਂ ਅਜ਼ਮਾਣੀ।

ਹਰਿ ਵਿਚ ਹਰੀ ਨੂੰ ਤੱਕਣਾ ਸੱਚ ਬੋਲਣੋਂ ਨਹੀਂ ਝੱਕਣਾ
ਸਿੱਖ ਮਿਸ਼ਨ ਦਾ ਹੈ ਵਿਰਸਾ ਸੰਸਾਰ ਤੇ ਲਾਸਾਨੀ।

ਸਿੱਖ ਪੰਥ ਸਾਜਿਆ ਸੀ ਦਸਮੇਸ਼ ਨੇ ਨਿਰਾਲਾ
ਜਦ ਬਣ ਗਈ ਮੁਸੀਬਤ ਮੁਗਲਾਂ ਦੀ ਹੁਕਮਰਾਨੀ।

ਸਿਰ ਧਰ ਤਲੀ ਤੇ ਆ ਗਏ ਸਿੰਘ ਸੂਰਮੇ ਗੁਰੂ ਦੇ
ਕਦਮਾਂ ਤੇ ਝੁਕ ਗਏ ਸਨ ਜ਼ੁਲਮੋ-ਸਿਤਮ ਦੇ ਬਾਨੀ।

ਔਲਾਦ ਭੀ ਨਿਛਾਵਰ ਕੀਤੀ ਧਰਮ ਤੋਂ ਅਪਣੀ
ਪਿਆਸੇ ਜੁਝਾਰ ਤਾਈਂ ਦਿੱਤਾ ਨਾ ਬੂੰਦ ਪਾਣੀ।

ਬੱਚਿਆਂ ਦਾ ਖੂਨ ਪਾ ਕੇ ਸਿੱਖੀ ਦੇ ਇਸ ਚਮਨ ਦੀ
ਸਤਿਗੁਰ ਨੇ ਬਣਕੇ ਮਾਲੀ ਕੀਤੀ ਏ ਬਾਗਬਾਨੀ।

ਸਾਗਰ ਲਹੂ ਦਾ ਤਰ ਕੇ 'ਆਜ਼ਾਦ' ਪਾਈ ਮੰਜ਼ਿਲ
ਸੰਸਾਰ ਜਾਣਦਾ ਏ ਸਿੱਖ ਮਿਸ਼ਨ ਦੀ ਕਹਾਣੀ।

## ਨਵਾਂ ਸਾਲ

ਹਰ ਸਾਲ ਨਵਾਂ ਦਿਨ ਜੀਵਨ ਦਾ
ਇਕ ਸਾਲ ਘਟਾ ਕੇ ਤੁਰ ਜਾਂਦਾ।

ਕੀ ਖੱਟਿਆ ਅਤੇ ਗਵਾਇਆ ਏ
ਸ਼ੀਸ਼ਾ ਦਿਖਲਾਕੇ ਤੁਰ ਜਾਂਦਾ।

ਕਈਆਂ ਨੂੰ ਆਪਾਂ ਛੱਡ ਅਏ
ਕਈ ਸਾਨੂੰ ਛੱਡ ਕੇ ਤੁਰ ਗਏ ਨੇ।

ਬਿਛੜੇ ਹੋਏ ਸੱਜਣਾਂ ਮਿੱਤਰਾਂ ਦੀ
ਫਿਰ ਯਾਦ ਦਿਲਾ ਕੇ ਤੁਰ ਜਾਂਦਾ।

ਸੁਣਿਆ ਏ ਘਰ ਜ਼ਰਦਾਰਾਂ ਦੇ
ਇਹਦਾ ਬੜਾ ਸਵਾਗਤ ਹੁੰਦਾ ਏ।

ਜਦ ਘਰ ਮੁਫਲਿਸ ਦੇ ਆਉਂਦਾ ਏ
ਕੰਨੀਂ ਖਿਸਕਾ ਕੇ ਤੁਰ ਜਾਂਦਾ।

ਜਿਸ ਘਰ ਵਿਚ ਗੁਰਬੱਤ ਵੱਸਦੀ ਏ
ਉਸ ਘਰ ਵਿਚ ਨਵਾਂ ਪੁਰਾਣਾ ਕੀ।

ਇਹ ਦਿਨ ਭੀ ਆਮ ਦਿਨਾਂ ਵਾਂਗਰ
ਆਉਂਦਾ ਔਰ ਆ ਕੇ ਤੁਰ ਜਾਂਦਾ।

ਇਹ ਮਾਣਸ ਜਨਮ ਅਮੁੱਲਾ ਏ
ਨਫਰਤ ਵਿਚ ਮੱਤ ਬਰਬਾਦ ਕਰੋ।

ਰਲ ਮਿਲਕੇ ਬੈਠਣ ਦਾ ਸਾਨੂੰ
ਇਹ ਸਬਕ ਪੜ੍ਹਾ ਕੇ ਤੁਰ ਜਾਦਾ।

ਫੁੱਟੇ ਘਟ ਵਿਚੋਂ ਰਿਸ ਰਿਸ ਕੇ
ਇਕ ਦਿਨ ਜਿਉਂ ਪਾਣੀ ਮੁੱਕ ਜਾਂਦਾ।

ਇਕ ਦਿਨ ਇਹ ਸਾਹ ਭੀ ਮੁੱਕ ਜਾਣੇ
ਸਾਨੂੰ ਸੰਮਝਾਕੇ ਤੁਰ ਜਾਂਦਾ।

ਵਿਗਿਆਨ ਦੀਆਂ ਇਹਨਾਂ ਖੋਜਾਂ ਨੂੰ
ਖੱਤਰਾ ਏ ਹੁਸ਼ਿਆਰ ਜਰਾ
ਸੁੱਤਿਆਂ ਨੂੰ ਜਗਾ ਕੇ ਤੁਰ ਜਾਂਦਾ।

## ਗੀਤ

ਦੇਵ ਘੋਲੀਆ ਖੁਰਦ (ਮੋਗਾ)
559-232-7764



ਅੱਸੀ ਸਾਲਾਂ ਦਾ ਬਾਬਾ ਹੱਥ ਫੜ ਸੋਟੀ ਤੁਰਿਆ ਜਾਵੇ
ਆਵਾਜ਼ ਮਾਰ ਕੇ ਸੁਣ ਨਿੱਕਿਆ ਫਿਰ ਦਿਲ ਦਾ ਹਾਲ ਸੁਣਾਵੇ
ਹੁੰਦਿਆਂ ਸੁੰਦਿਆਂ ਕਿਸਮਤ ਕਿਵੂੰ ਫਿਰ ਮਾੜੀ ਬਾਬੇ ਦੀ
ਗਾ਼ਲਾਂ ਕੱਢਦੇ ਦੀ ਉਮਰ ਬੀਤ ਗਈ ਸਾਰੀ ਬਾਬੇ ਦੀ।

ਜਦੋਂ ਵਿਆਹ ਸ਼ਾਦੀ ਤੇ ਜਾਵੇ ਬਾਬਾ ਸੰਗੇ ਤੇ ਸ਼ਰਮਾਵੇ
ਅੱਧ ਨੰਗੀਆਂ ਜਦ ਨੱਚਣ ਤੇ ਗੁੱਸਾ ਬਾਬੇ ਨੂੰ ਪਿਆ ਆਵੇ
ਫਿਰ ਰੋਂਦਾ ਤੇ ਕੁਰਲਾਉਂਦਾ ਪਈ ਮੱਤ ਮਾਰੀ ਬਾਬੇ ਦੀ
ਗਾ਼ਲਾਂ ਕੱਢਦੇ ਦੀ ਉਮਰ ਬੀਤ ਗਈ ਸਾਰੀ ਬਾਬੇ ਦੀ।

ਅੱਖਰ ਜੋੜ ਅਖਬਾਰਾਂ ਬਾਬਾ ਬਹਿ ਕੇ ਜਦ ਫਿਰ ਪੜ੍ਹਦਾ
ਟੈਕਸ ਤੇ ਖੁਦਕੁਸ਼ੀਆਂ ਤੋਂ ਬਿਨਾਂ ਨਾ ਵਿਚੋਂ ਕੁਝ ਲੱਭਦਾ
ਪੇਪਰ ਮਾਰੇ ਫਿਰ ਚਲਾ ਕੇ ਤੇ ਜਿੰਦ ਖਾਰੀ ਬਾਬੇ ਦੀ
ਗਾ਼ਲਾਂ ਕੱਢਦੇ ਦੀ ਉਮਰ ਬੀਤ
ਗਈ ਸਾਰੀ ਬਾਬੇ ਦੀ।

ਮੇਲੇ ਮੰਡੀਆਂ ਲੱਗਦੇ ਤੇ ਇਕੱਠੇ ਜਾ ਕੇ ਖੁਸ਼ੀ ਮਨਾਉਂਦੇ
ਨਾ ਰਹੀਆਂ ਉਹ ਗੱਲਾਂ ਤੇ ਬੈਠੇ ਸੱਥਾਂ ਵਿਚ ਪਛਤਾਉਂਦੇ
ਤਾਸ਼ ਬਿਨਾਂ ਦੱਸ ਰਹਿ ਗਈ ਕੀ ਸਰਦਾਰੀ ਬਾਬੇ ਦੀ
ਗਾ਼ਲਾਂ ਕੱਢਦੇ ਦੀ ਉਮਰ ਬੀਤ ਗਈ ਸਾਰੀ ਬਾਬੇ ਦੀ।

'ਦੇਵ ਘੋਲੀਏ' ਵਾਲਿਆ ਮੈਂ ਫਿਰ ਕੀ ਖੱਟਿਆ ਕੀ ਪਾਇਆ
ਕਾਹਦੀ ਮਿਲੀ ਆਜ਼ਾਦੀ ਨਾ ਕੋਈ ਸੁੱਖ ਦਾ ਸਾਹ ਫਿਰ ਆਇਆ
ਹੁਣ ਰਹਿੰਦੀ-ਖੂੰਹਦੀ ਜਾਨ ਖਾ ਗਿਆ ਪਟਵਾਰੀ ਬਾਬੇ ਦੀ।
ਗਾ਼ਲਾਂ ਕੱਢਦੇ ਦੀ ਉਮਰ ਬੀਤ ਗਈ ਸਾਰੀ ਬਾਬੇ ਦੀ।

## ਗ਼ਜ਼ਲ

ਜ਼ਿੰਦਗੀ ਦੇ ਗ਼ਮ ਹੰਢਾਇਆਂ ਚਮਕਦੀ ਏ ਜ਼ਿੰਦਗੀ।
ਗ਼ਮ ਹੰਢਾਇਆਂ ਮਿਲ ਪਵੇ ਕੁਈ, ਛਣਕਦੀ ਏ ਜ਼ਿੰਦਗੀ।

ਵਕਤ ਵਾਲੇ ਉਸ ਖੁਦਾ ਦੇ ਵਿੰਡੀਂ ਪੀੜਾਂ ਪੈਂਦੀਆਂ,
ਜਦ ਵੀ ਰਲ ਕੇ ਦੋ ਦਿਲਾਂ ਦੀ ਧੜਕਦੀ ਏ ਜ਼ਿੰਦਗੀ।

ਹਰ ਗਲੀ ਵਿਚ ਰੁਲ ਰਹੇ ਨੇ ਭਾਗ ਕੱਖਾਂ ਵਤ ਅਜੇ,
ਵੇਖ ਕੇ ਚੁਬਾਰਿਆਂ ਨੂੰ ਵਿਲਕਦੀ ਏ ਜ਼ਿੰਦਗੀ।

ਕਲਪਨਾ ਤਾਂ ਕਲਪਨਾ ਏ ਦਿਲ ਰਿਝਾਵਣ ਵਾਸਤੇ,
ਏਥੇ ਹੀ ਸਭ ਸੁਰਗ ਦੀ ਜਾਂ ਨਰਕ ਦੀ ਏ ਜ਼ਿੰਦਗੀ।

ਜੱਗ ਵਾਲੇ ਹੋਰ ਕਹਿੰਦੇ ਹੋਰ ਕਰਦੇ ਨੇ ਸਦਾ,
ਅਮਲ ਹੁੰਦੇ ਨੇ ਜਦੋਂ ਵੀ, ਖੜਕਦੀ ਏ ਜ਼ਿੰਦਗੀ।

ਜ਼ੁਲਮ ਵੀ ਫਿਰ ਸਹਿਮਦਾ ਏ ਏਸ ਥੀਂ ਟਕਰਾਣ ਤੋਂ,
ਜਦ ਖਰੇ ਸਿੱਕੇ ਦੇ ਵਾਂਗੂੰ ਟੁਣਕਦੀ ਏ ਜ਼ਿੰਦਗੀ।

ਮੁਸ਼ਕਲਾਂ ਤੋਂ ਹਾਰ ਕੇ ਜੋ ਬਹਿ ਗਿਆ ਤਾਂ ਬਹਿ ਗਿਆ,
ਰਾਏ! ਜਿਗਰੇ, ਹੌਸਲੇ ਤੇ ਸਿਦਕ ਦੀ ਏ ਜ਼ਿੰਦਗੀ।

-ਲਸ਼ਮੀਰ ਸਿੰਘ ਰਾਏ
(ਗੋਲਡ ਮੈਡਲਿਸਟ ਇਨ ਪੋਇਟਿਕਸ)

## ਅਨਮੋਲ ਵਿਚਾਰ

ਤੀਰਥ ਇਸ਼ਨਾਨ ਨਿਰੇ ਭੁਲੇਖੇ ਹਨ, ਤਨ ਧੋਣ ਨਾਲ ਕਦੇ ਮਨ ਨਹੀਂ ਧੋਤਾ ਜਾ ਸਕਦਾ।
**– ਸ੍ਰੀ ਗੁਰੂ ਅਮਰਦਾਸ ਜੀ**

ਜੀਵਨ 'ਚ ਜ਼ਿਆਦਾ ਰਿਸ਼ਤੇ ਹੋਣਾ ਜ਼ਰੂਰੀ ਨਹੀਂ, ਪਰ ਜੋ ਹਨ ਉਨ੍ਹਾਂ 'ਚ ਜੀਵਨ ਹੋਣਾ ਜ਼ਰੂਰੀ ਹੈ।
**– ਸਵਾਮੀ ਵਿਵੇਕਾਨੰਦ**

ਵਿਗਿਆਨ ਸਾਡੇ ਸੰਸਾਰ ਦਾ ਸਾਲਟ ਹੈ, ਧਰਮ ਸਭ ਥਾਂਈ ਵੰਡੇ ਹੋਏ ਹਨ।
**– ਨਰਿੰਦਰ ਸਿੰਘ ਕਪੂਰ**

ਰਾਜਨੀਤੀ 'ਚ ਹਿੱਸਾ ਨਾ ਲੈਣ ਦੀ ਸਭ ਤੋਂ ਵੱਡੀ ਸਜ਼ਾ ਇਹ ਹੈ ਕਿ ਨਿਕੰਮੇ ਬੰਦੇ ਤੁਹਾਡੇ 'ਤੇ ਰਾਜ ਕਰਦੇ ਹਨ।
**– ਅਫਲਾਤੂਨ**

## ਸੋਹਣਾ ਸਵੇਰਾ

ਆ ਰਿਹਾ ਸੋਹਣਾ ਸਵੇਰਾ ਆ ਰਿਹਾ।
ਜਾਗ ਰਹੇ ਨੇ ਲੋਕ 'ਨੇਰਾ ਜਾ ਰਿਹਾ।

ਠੀਕ ਹੈ, ਇਹ ਵਕਤ ਮਾੜਾ ਜਾਪਦੈ,
ਫੇਰ ਵੀ ਪਹਿਲੋਂ ਚੰਗੇਰਾ ਆ ਰਿਹਾ।

ਹੁਣ ਤਾਂ ਬਾਗੀ ਖਿਆਲ ਜੱਗ 'ਤੇ ਛਾ ਰਹੇ,
ਫਲਸਫਾ ਫੋਕਾ ਪਿਛੇਰਾ ਜਾ ਰਿਹਾ।

ਰੁੱਤ ਵਾਂਗੂੰ ਰੁੱਸ ਗਿਆ ਸੀ ਯਾਰ ਉਹ,
ਫਿਰ ਖੁਸ਼ੀ ਦਾ ਆ ਫੁਲੇਰਾ ਪਾ ਰਿਹਾ।

ਪੰਛੀਆਂ ਦੇ ਦੇਸ਼ ਵਤ ਬਣਦਾ ਨਹੀਂ,
ਜੱਗ 'ਚ ਬੜਾ ਵੈਰ ਫੇਰਾ ਪਾ ਰਿਹਾ।

ਹੁਣ ਭਟਕਦੇ ਲੋਕ ਤਾਂ ਰੁਜ਼ਗਾਰ ਲਈ,
ਕੌਣ ਆਖੇ? ਕੱਲ੍ਹ ਸੁਖੇਰਾ ਆ ਰਿਹਾ।

ਜੰਗ ਕਰਨਾ ਜੰਗਬਾਜ਼ਾਂ ਦਾ ਫਤੂਰ
ਬੰਦਾ ਕਿਉਂ ਬੰਦੇ ਨੂੰ ਘੇਰਾ ਪਾ ਰਿਹਾ?

ਥੱਕਿਆ ਨਾ ਪਿਆਰ ਵਾਲੀ ਵਾਟ 'ਤੇ,
ਮੇਰਾ ਤਾਂ ਦਿਲ ਗ਼ਮ ਬਥੇਰਾ ਖਾ ਰਿਹਾ।

ਰਾਏ! ਸੈਆਂ ਭਾਗ ਬਣਸਨ ਓਸ ਦੇ,
ਖੇਤ ਵਿਚ ਉਹ ਕਿਰਤ-ਕੇਰਾ ਪਾ ਰਿਹਾ।

-ਲਸ਼ਮੀਰ ਸਿੰਘ ਰਾਏ
(ਗੋਲਡ ਮੈਡਲਿਸਟ ਇਨ ਪੋਇਟਿਕਸ)

## ਗਣਤੰਤਰ ਦਿਵਸ



– ਹਰਦੀਪ ਬਿਰਦੀ
91-90416-00900

ਇੱਥੇ ਕਾਨੂੰਨ ਦੇ ਨਾਮ ਤੇ ਵੱਡਾ ਛੋਟੇ ਨੂੰ ਦਬਕਾਂਦਾ ਹੈ ।
ਫਿਰ ਵੀ ਉਹ ਮੁਸਕਾ ਕੇ ਗਣਤੰਤਰ ਦਿਵਸ ਮਨਾਂਦਾ ਹੈ ॥

ਵੱਡਾ ਮਛ ਹੇਕੜੀ ਨਾਲ ਛੋਟੀ ਮੱਛੀ ਖਾਂਦਾ ਹੈ,
ਭੁੱਖਾ ਰਹਿੰਦਾ ਭੁੱਖਾ ਹੀ, ਰੱਜਿਆ ਰੱਜੀ ਜਾਂਦਾ ਹੈ ।

ਕਦ ਸੰਵਿਧਾਨ ਦੀ ਹੋਵੇਗੀ ਪਾਲਣਾ ਜੋ ਲਿਖ ਗਿਆ ਬਾਬਾ,
ਇਹੀ ਸੋਚਕੇ ਮਾੜਾ ਬੰਦਾ, ਦੁੱਖ ਵਿੱਚ ਵੀ ਮੁਸਕਾਂਦਾ ਹੈ ।

ਦਿਲ ਤਾਂ ਨਹੀਂ ਮਨਦਾ ਕਿ ਚੰਗਾ ਕਦੇ ਹੋਵੇਗਾ ਉਸਦਾ,
ਫਿਰ ਵੀ ਪਰ ਆਸਾਂ ਦੇ ਬੂਟੇ ਨਿੱਤ ਨਵੇਂ ਲਗਾਂਦਾ ਹੈ ।

ਗਲ ਚੋਂ ਭੁੱਖ ਦੇ ਮਾਰੇ ਜੋ ਅਵਾਜ ਨਾ ਨਿਕਲੇ ਕਦੇ,
ਉਥੋਂ ਹੀ 26 ਜਨਵਰੀ ਨੂੰ ਜੈ ਹਿੰਦ ਦੇ ਨਾਅਰੇ ਲਗਾਂਦਾ ਹੈ ।

## ਗ਼ਜ਼ਲ

ਬਾਤ ਸਾਕੀ ਕੀ ਨਾ ਟਾਲੀ ਜਾਏਗੀ
ਤੌਬਾ ਕਰਕੇ ਤੋੜ ਡਾਲੀ ਜਾਏਗੀ

ਆਤੇ-ਆਤੇ ਆਏਗਾ ਉਨਕੋ ਖ਼ਿਆਲ
ਜਾਤੇ-ਜਾਤੇ ਬੇਖ਼ਿਆਲੀ ਜਾਏਗੀ।

ਬੇਸਬਬ ਅਪਨੀ ਜਿਗਰਕਾਵੀ ਨਹੀਂ
ਇਸ਼ਕ ਕੀ ਬੁਨਿਆਦ ਡਾਲੀ ਜਾਏਗੀ।

ਐ ਤਮੰਨਾ! ਤੁਮ ਕੋ ਰੋ ਲੂੰ ਸ਼ਾਮੇ-ਵਸਲ
ਆਜ ਤੂ ਦਿਲ ਸੇ ਨਿਕਾਲੀ ਜਾਏਗੀ।

ਫਸਲੇ-ਗੁਲ ਆਈ ਜੁਨੂੰ ਉਛਲਾ 'ਜਲੀਲ'
ਅਬ ਤਬੀਅਤ ਕਿਆ ਸੰਭਾਲੀ ਜਾਏਗੀ।

'ਜਲੀਲ' ਮਾਨਿਕਪੁਰੀ (ਹੈਦਰਾਬਾਦ)

## ਲੋਗ ਕਹਿਤੇ ਹੈਂ

ਲੋਗ ਕਹਿਤੇ ਹੈਂ ਕਿ ''ਧੀਰੇ ਧੀਰੇ
ਵਕਤ ਹਰ ਜ਼ਖਮ ਕੋ ਭਰ ਦੇਤਾ ਹੈ''
ਤੁਮ ਭੀ ਲੋਗੋਂ ਕੀ ਕਹੀ ਬਾਤੋਂ ਮੇਂ ਆ ਜਾਤੀ ਹੋ
ਏਕ ਲਮਹੇ ਕੇ ਲੀਏ
ਮੁਜ਼ਮਹਿਲ ਹੋ ਕੇ ਯਹੀ ਸੋਚਤੀ ਹੋਗੀ ਸ਼ਾਇਦ
''ਮੇਰੇ ਬਚਪਨ ਕਾ ਵੋ ਸਾਥੀ, ਵਹੀ ਪਾਗਲ ਲੜਕਾ
ਵੋ ਭੀ ਅਬ ਭੂਲ ਗਿਆ ਹੋਗਾ ਮੁਝੇ
ਲੋਗ ਕਹਿਤੇ ਹੈਂ ਕਿ ''ਧੀਰੇ-ਧੀਰੇ
ਵਕਤ ਹਰ ਜ਼ਖਮ ਕੋ ਭਰ ਦੇਤਾ ਹੈ।''
ਬੇਸਬਬ ਅਪਨੀ ਜ਼ਫਾਓ. ਪੇ ਪਛੇਮਾ ਨ ਹੋ
ਲੋਗ ਕਹਿਤੇ ਹੈਂ- ਮਗਰ
ਐਸਾ ਹੋਤਾ ਤੋ ਨਹੀਂ!

–ਅਬਦੁਲ ਮੁਗਨੀ (ਬਦਾਯੂੰ, ਉਤਰ ਪ੍ਰਦੇਸ਼)



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop



# Late Commissioner Lahori Ram Ji

# May 10, 1944 – January 11, 2009

**"I have only slipped away into the next room, I am I and you are you. Whatever we were to each other that we still are. Call me by my old familiar name. Speak to me in the easy way, which you always used. Play, smile, think of me. All is well."** ~ Henry Scott Holland

It is with great pride and honor that the Ram Family invites all members of the community to commemorate the life and legacy of a paragon of the ideal human being. Commissioner Lahori Ram was the best at his worst and humble at his best. He served as the ultimate role model as a devoted husband, father, grand-father and as a member of society. He was a friend and confidant to all but an enemy to none. He left his footprints in the sand and we shall follow in those footprints. It is our duty to move forward in the path that he set and carry on the message that he firmly believed in: "United we stand and divided we fall."

It is said that even God needs good people in His Company but we shall always miss your presence. Nevertheless, your soul will remain with us forever. We will always love you dearly. May God bless your soul and give us the strength to move on.

Please join the Ram family in a religious service honoring the Eighth Memorial Ceremony of this great departed soul.

## Program:

**Commence Prayer Ceremony (Arambh Akhand Path Sahib):**
**Friday January 27, 2017 at 11:00 am.**

**Conclusion of Prayer -- Main Service (Bhog):**
**Sunday January 29, 2017 10:00 am to 4:00 pm**

## Venue:

**Shri Guru Ravidass Temple**
**2120-2150 Crestview Drive**
**Pittsburg, CA 94565**
**(925) 439-2355**

## For additional information, please call:

**Jack Ram (650) 455-9026**

**Paul Ram (650) 296-4208**